(ਪੰਥ ਖਾਲਸਾ ਦੀਵਾਨ ਦੀ ਆਗਿਆ ਬਿਨਾ ਕੋਈ ਨਾ ਛਾਪੇ)

੧ ਓ ਸਤਿਗੁਰਪ੍ਰਸਾਦਿ ॥

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥

ਭਗਉਤੀ ਪ੍ਰਬੋਧ

— ਅਰਥਾਤ —

ਅਰਦਾਸੇ ਵਿੱਚ ਭਗਉਤੀ ਪਦ ਦੇ ਥਾਂਉਂ "ਸਤਿਨਾਮੁ"
ਪ੍ਰਵਿਰਤੀ ਦਾ ਗੁਰਬਾਣੀ ਅਤੇ ਇਤਿਹਾਸਕ
ਪ੍ਰਮਾਣਾਂ ਸਹਿਤ ਨਿਰਣਯ।

ਜਿਸਨੂੰ

ਬਾਬੂ ਤੇਜਾ ਸਿੰਘ ਰੀਟਾਇਰਡ ਐਸ. ਡੀ. ਓ.
ਮੈਨੇਜਰ

ਪੁਸਤਕ ਭੰਡਾਰ { ਪੰਥ ਖਾਲਸਾ ਦੀਵਾਨ / ਅਰਥਾਤ / ਖਾਲਸਾ ਪਾਰਲੀਮੈਂਟ } ਨੇ

"ਭਗਉਤੀ ਭਗਤ" ਸਜਨਾਂ ਅਤੇ ਖਾਲਸਾ ਵੀਰ ਭੈਣਾਂ ਦੇ
ਗਿਆਤ ਹਿਤ ਤੀਜੀ ਵਾਰ ਛਪਾਇਆ।

ਜੁਲਾਈ ੧੯੨੯

ੴ ਵਾਹਿਗੁਰੂ ਜੀ ਕੀ ਫਤਹ ॥

ਪ੍ਰਾਰਥਨਾ

ਪਿਆਰੇ ਖਾਲਸਾ ਵੀਰ ਭੈਣੋ ਜੀ !

ਆਪ ਜੀ ਦੀ ਪਵਿੱਤ੍ਰ ਸੇਵਾ ਵਿਖੇ ਇਹ 'ਭਗਉਤੀ ਪ੍ਰਬੋਧ' ਗ੍ਰੰਥ ਤੀਜੀਵਾਰ ਛਪਕੇ ਪਹੁੰਚਦਾ ਹੈ।

ਇਸ ਗ੍ਰੰਥ ਵਿਚ ਹਲ ਕੀਤੇ ਗਏ ਸੰਸਿਆਂ ਤੋਂ ਬਿਨਾ, ਜੋ ਆਪ ਨੂੰ ਅਰਦਾਸੇ ਵਿਚ ਭਗਉਤੀ (ਦੇਵੀ) ਦੇ ਥਾਂ ਸਤਿਨਾਮੁ ਵਰਤਣੇ ਸਬੰਧੀ ਕੋਈ ਹੋਰ ਸ਼ੰਕਾ ਉਤਪਨ ਹੋਵੇ ਤਾਂ ਕ੍ਰਿਪਾ ਕਰਕੇ ਸੇਵਕ (ਭਾਵ ਕਰਤਾ) ਵਲ ਲਿਖਣ ਦੀ ਖੇਚਲ ਕਰਨੀ, ਤਾਂਕਿ ਚੌਥੀ ਵਾਰ ਛਪਨ ਸਮੇਂ ਉਸ ਸੰਸੇ ਸਬੰਧੀ ਭੀ ਨਿਰਣਯ ਕਰਕੇ ਸੰਸਾ ਨਵਿਰਤ ਕੀਤਾ ਜਾ ਸਕੇ।

ਬਸ ! ਪੂਰਨ ਭਰੋਸਾ ਹੈ ਕਿ ਇਸ ਤੁਛ ਸੇਵਾ ਦੀ ਸਫਲਤਾ ਲਈ ਸਹਾਰਾ ਦੇ ਕੇ ਨਿਹਾਲ ਕਰੋਗੇ ॥

ਦਾਸ ਕਰਤਾ—

ਗ੍ਯਾਨੀ ਲਾਲ ਸਿੰਘ

ਐਡੀਟਰ-ਖਾਲਸਾ ਪਾਰਲੀਮੈਂਟ ਗਜ਼ਟ

੧ ਹਾੜ ਸੰ: ੪੬੧ ਖਾ: (ਸੰ: ੧੯੮੬ ਬਿ:)

ਸਰਦਾਰ ਬੁਧ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਪ੍ਰਬੰਧ ਦ੍ਵਾਰਾ
ਸ੍ਰੀ ਗੁਰਮਤ ਪ੍ਰੈਸ ਸ੍ਰੀ ਅੰਮ੍ਰਿਤਸਰ ਵਿਚ ਛਪਿਆ.

ਪਹਿਲੀਵਾਰ ੩੦੦੦ ਦੂਜੀਵਾਰ ੨੦੦੦
ਹੁਣ ਤੀਜੀਵਾਰ ੧੦੦੦ ਭੇਟਾ ≡)

੧ ੴ ਵਾਹਿਗੁਰੂ ਜੀ ਕੀ ਫਤਹ ॥

ਭੂਮਕਾ

ਖਾਲਸਾ ਪੰਥ ਵਾਹੁਗੁਰ ਜੀ ਕਾ ਖਾਲਸਾ (ਅਨੰਨ ਸੇਵਕ) ਹੈ ਸ੍ਰੀ ਗੁਰੂ ਨਾਨਕ ਦੇਵ "ਜਗਤ ਗੁਰੂ" ਜੀ ਨੇ ਆਪਣੇਂ ਦਸਾਂ ਜਾਮਿਆਂ ਵਿੱਚ ਬੇਅੰਤ ਕੁਰਬਾਨੀਆਂ ਅਤੇ ਨਾਨਾ ਪ੍ਰਕਾਰ ਦੇ ਉਪ- ਕਾਰ ਸੰਸਾਰੀ ਪ੍ਰਾਣੀਆਂ ਪਰ ਕਰਦੇ ਹੋਇਆਂ ਨੇ "ਹਮ ਰੁਲਤੇ ਫਿਰਤੇ ਕੋਈ! ਬਾਤ ਨਾ ਪੂਛਤਾ" ਗੁਰਵਾਕ ਅਨੁਸਾਰ ਸਾਡੀ ਮਹਾਨ ਗਿਰੀ ਹੋਈ ਹਾਲਤ ਜੋ ਦੇਵੀ ਦੇਵਤਿਆਂ ਅਤੇ ਜੜ੍ਹ ਵਸਤਾਂ ਅਗੇ ਆਪਨੀ ਕਲਿਆਨਹਿੱਤ ਤਰਲੇ ਕਰਨ ਅਤੇ ਦਰ ੨ ਭੁੱਟਕਣ ਦੀ ਹਾਲਤ ਤੋਂ ਹਟਾਕੇ ਖਾਲਸਾ ਪੰਥ ਦੀ ਨੀਂਹ ਰਖੀ। ਤੇ ਦਸਮ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੇ ਇਸ ਅਕਾਲ ਸੇਵੀ ਖਾਲਸਾ ਪੰਥ ਨੂੰ **ਗੁਰੂ ਖਾਲਸਾ** ਪਦਵੀ ਦੇਕੇ **"ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮੇਂ ਹਉਂ ਕਰੋਂ ਨਿਵਾਸ"** ॥ ਆਦਿ ਹੁਕਮਾਂ ਦੁਆਰਾ ਨਿਵਾਜਿਆ ਬਲਕਿ ਫੁਰਮਾਯਾ ਕਿ **"ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀ ਮੋਸੇ ਗਰੀਬ ਕਰੋਰ ਪਰੇ"**

ਸੋ ਇਸ ਖਾਲਸਾ ਮਿਸ਼ਨ ਨੂੰ ਸ੍ਰੀ ਅਕਾਲਪੁਰਖ ਜੀ ਨੇ ਸਤਿਗੁਰੂ ਨਾਨਕ ਸਾਹਿਬ ਦੁਆਰਾ ਇਕ ਵੈਸਾਖ ਸੰਮਤ ੧੫੨੬ ਬਿਕ੍ਰਮੀ ਤੋਂ ਅਰੰਭ ਕਰਾਕੇ ਇਕ ਵੈਸਾਖ ਸੰਮਤ ੧੭੫੬ ਬਿਕ੍ਰਮੀ ਨੂੰ ਪੂਰਨ ਸ਼ਕਲ ਵਿਚ ਪ੍ਰਗਟ ਕਰਾਇਆ, ਸੋ ਜੋ ਖਾਲਸਾ ਪੰਥੀ ਉਸ ਫੈਸਲੇ ਪਰ ਚਲਦਾ ਹੈ, ਓਹੀ "ਵਾਹੁਗੁਰ ਜੀ

ਕਾ ਖਾਲਸਾ" ਹੈ। ਸਤਿਗੁਰਾਂ ਨੇ ਪਿਛਲੇ ਖਾਨਦਾਨ ਸੋਢੀ, ਵੇਦੀ, ਤ੍ਰੇਹਣ, ਭਲੇ ਆਦਿ ਕਿਸੇ ਨੂੰ ਭੀ ਇਹ ਉਕਤ ਦਾਤ ਨਹੀ ਬਖਸ਼ੀ। ਸ਼ੁਰੂ ਤੋਂ ਹੀ ਏਹ ਖਾਲਸਾ ਪੰਥ ਉਸ ਸਮੇਂ ਦੇ ਪਾਤਸ਼ਾਹਾਂ ਦੇ ਜੁਲਮਾਂ ਨੂੰ ਦੂਰ ਕਰਨ ਲਈ ਪਰਉਪਕਾਰ ਹਿਤ ਧਾਰਮਕ ਜੰਗਾਂ ਯੁੱਧਾਂ ਵਿਚ ਦਿਨ ਰਾਤ ਖਚਤ ਹੋ ਗਿਆ, ਜਿਸ ਕਰਕੇ ਉਸ ਸਮੇਂ ਦੇ ਸੰਸਾਰੀ ਪਾਤਸ਼ਾਹ ਇਸ ਪੰਥ ਨੂੰ ਦੁਨੀਆਂ ਵਿਚੋਂ ਨਸ਼ਟ ਕਰਨ ਪਰ ਤੁਲ ਗਏ, ਉਨ੍ਹਾਂ ਅਨਿਆਈ ਜਾਲਮਾਂ ਨੇ ਪੱਕੀ ਠਾਨ ਲਈ, ਕਿ ਜਿਤਨਾ ਚਿਰ ਖਾਲਸਾ ਪੰਥ ਦਾ ਮਲੀਆ ਮੇਟ ਨਹੀਂ ਕਰ ਲੈਂਦੇ ਉਤਨਾ ਚਿਰ ਉਨ੍ਹਾਂ ਦਾ ਰਾਜ ਕਰਨਾ ਕਠਣ ਹੀ ਨਹੀਂ ਬਲਕਿ ਅਸੰਭਵ ਹੈ। ਜਿਸ ਕਰਕੇ ਹਿੰਦੂਆਂ ਆਦਿ ਵਿੱਚੋਂ ਧਰਮ ਰਹਿਤ ਪੁਰਸ਼ਾਂ ਨੂੰ ਇਨਾਮ ਤੇ ਲਾਲਚ ਦੇਦੇਕੇ ਬੇਗੁਨਾਹ ਤੇ ਪਰਉਪਕਾਰੀਖਾਲਸਾਪੰਥੀਆਂਨੂੰ ਢੂੰਡਵਾ੨ਕੇ ਮਾਰਦੇ ਤੇ ਅੱਸੀ੨ ਰੁਪਏ ਨੂੰ ਇਕ ਖਾਲਸਾ ਸੀਸ ਦਾ ਮੁਲ ਉਨ੍ਹਾ ਕੁਧਰ-ਮੀਆਂ ਨੇ ਪ੍ਰਾਪਤ ਕੀਤਾ। ਐਥੇ ਤੱਕ ਹੱਦ ਆ ਪਹੁੰਚੀ, ਕਿ ਖਾਲਸਾ ਵੀਰਾਂ ਦੇ ਥਾਉਂ ਅਠਾਰਾਂ ੨ ਬੀਸ ੨ ਸਾਲ ਦੀਆਂ ਖਾਲਸਾ ਭੁਜੰਗਨਾਂ ਦੇ ਸੀਸ ਖਾਲਸਾ ਭੁਜੰਗੀਆਂ ਦੇ ਬਹਾਨੇ ਕਟ ੨ ਉਸ ਸਮੇਂ ਦੇ ਜ਼ਾਲਮ ਹਾਕਮਾਂ ਦੇ ਪੇਸ਼ ਕਰਕੇ ਇਨਾਮ ਪ੍ਰਾਪਤ ਕੀਤੇ ਗਏ। ਜਿਨ੍ਹਾਂ ਦੀ ਖਾਲਸਾ ਪੰਥ ਰਖਿਆ ਕਰਦਾ ਤੇ ਜ਼ਾਲਮਾਂ ਪਾਸੋਂ ਉਨਾਂ ਦੀਆਂ ਬਹੂ ਬੇਟੀਆਂ ਛੁਡਾਕੇ ਵਾਪਸ ਦਵਾਉਂਦਾ, ਪਰ ਉਨਾਂ ਨੇ ਇਕ ਭੀ ਅਹਿਸਾਨ ਨਾ ਮੰਨਿਆਂ। ਉਕਤ ਪਰਉਪ-ਕਾਰੀ ਸੇਵਾ ਕਰਨ ਦੇ ਕਾਰਨ ਖਾਲਸਾ ਪੰਥ ਦੇ ਬਹੁਤਸਾਰੇ ਪੰਥਕ ਕਾਰਜ ਪਿਛੇ ਪੈ ਗਏ ॥

ਇਸ ਭਿਆਨਕ ਦਸ਼ਾ ਵਿਚ ਖਾਸ ਕਰਕੇ ਪੰਥ ਦੇ ਧਾਰਮਕ ਤੇ ਇਤਿਹਾਸਕ ਗ੍ਰੰਥ ਅਨਮਤੀ ਤੇ ਖੁਦਗਰਜ ਪੁਰਸ਼ਾਂ ਦੇ ਹਥਾਂ ਵਿਚ ਆਗਏ ਤੇ ਗੁਰਦੁਆਰਿਆਂ ਵਿਚ ਲੁਕਮੇ ਹਿੰਦੂ ਅਤੇ ਉਦਾ-ਸੀ ਆਦਿਕਾਂ ਦੀ ਰਾਹੀਂ ਹਿੰਦੂਮਤਿ ਪ੍ਰਚਾਰ ਅਰੰਭਿਆ ਗਿਆ। ਸੋ ਉਕਤ ਸਮੇਂ ਵਿਚ ਉਨ੍ਹਾਂ ਨੇ ਈਰਖਾ ਚਾਲ ਦ੍ਵਾਰਾ ਦਾਉ

ਲਾਕੇ ਖਾਲਸਾ ਪੰਥ ਦੇ ਪੁਸਤਕਾਂ ਵਿਚ ਮਨ ਘੜਤ ਤੇ ਗੁਰਮਤ ਵਿਰੁਧ ਪ੍ਰਸੰਗ ਕਈਕੁ ਥਾਈਂ ਪਾ ਦਿਤੇ ਜਿਸਦਾ ਸਬੂਤ ਗੁਰਮਤਿ-ਕਸਵੱਟੀ ਦ੍ਵਾਰਾ ਭਲੀ ਪ੍ਰਕਾਰ ਹੋ ਸਕਦਾ ਹੈ ॥

ਗਲ ਕੀ ! ਖਾਲਸਾ ਪੰਥ ਦੇ ਦਿਨੋ ਦਿਨ ਚੜ੍ਹਦੇ ਤੇਜ ਪ੍ਰਤਾਪ ਨੂੰ ਘਟਾਣ ਲਈ ਸਭ ਪਾਸੇ ਤੋਂ ਸਰਕਾਰੇ ਦਰਬਾਰੇ ਭੀ ਕੋਸ਼ਸ਼ਾਂ ਕੀਤੀਆਂ ਗਈਆਂ । ਜੈਸਾ ਕਿ ਮਹੰਤ ਨਿਰੰਜਨੀ ਦੀਵਾਨ ਚੰਦੂ ਸੁਆਹੀ ਆਦਿ ਜੈਸੇ ਮੁਢ ਤੋਂ ਵਿਰੋਧੀ ਹੁੰਦੇ ਆਏ ਹਨ ਪ੍ਰੰਤੂ ਖਾਲਸਾ ਪੰਥ ਪ੍ਰਗਟ ਹੋਣ ਸਮੇਂ ਤਾਂ ਥਾਂ ੨ ਵੈਰ ਵਿਰੋਧ ਦੇ ਭਾਂਬੜ ਹੀ ਮਚ ਗਏ ਸਨ । ਜੈਸਾ ਕਿ:—

੧ ਵੈਸਾਖ ਸੰਨ ੧੭੫੬ ਬਿ: ਨੂੰ ਖਾਲਸਾ ਪੰਥ ਪ੍ਰਗਟਾਨ ਸਮੇਂ ਦਸਮ ਗੁਰੂ ਜੀ ਨੇ ਖਾਲਸਾ ਪਾਰਲੀਮੈਂਟ ਦ੍ਵਾਰਾ ਏਹ ਹੁਕਮ ਦਿਤਾ ਕਿ "ਪਿੰਡਾਂ ਵਿਚ ਜਿੰਨੇ ਸਿਖ ਰਹਿੰਦੇ ਹਨ, ਸਭ ਨੂੰ ਖਾਲਸਾ ਉਪਦੇਸ਼ ਦੇ ਕਰ ਤੇ ਔਂ ਮ੍ਰਿਤਛਕਾਕੇ ਅਨਮਤੀ ਭਾਈਚਾਰੇ ਵਿਚੋਂ ਵਖ ਕਰੋ"। ਤਿਸ ਪਰ ਖਾਲਸਾ ਪ੍ਰਚਾਰਕ ਜਥੇ ਪਿੰਡਾਂ ਵਿਚ ਆਏ, ਔਰ ਥਾਓਂ ਥਾਂਈਂ ਸਿਖਾਂ ਨੂੰ ਸਤਿਗੁਰਾਂ ਦਾ ਹੁਕਮ ਸੁਣਾਇਆ । ਸੋ ਏਹ ਪ੍ਰਸੰਗ "ਗੁਰ ਸੋਭਾ ਗ੍ਰੰਥ" ਵਿਖੇ ਵਿਸਥਾਰ ਨਾਲ ਲਿਖਿਆ ਹੈ, ਪਰ ਨਮੂਨੇ ਮਾਤ੍ਰ ਹੇਠਾਂ ਲਿਖਜਾ ਜਾਂਦਾ ਹੈ॥ਯਥਾ:—

"ਕੇਤਕ ਸੁਨ ਬਬੇਕ ਕੋ ਸੋਚ ਕੀਓ ਮਨ ਮਾਹਿ ।
ਕੁਲਾ ਕਰਮ ਛੂਟੈ ਸਕਲ ਹਮ ਤੋਂ ਹੋਵਤ ਨਾਹਿ ।
ਕੇਤਕ ਕਹਿਤ ਇਨੋ ਮਤ ਕੀਨਾ ।
ਸਤਿਗੁਰੁ ਹੁਕਮ ਨਹੀ ਇਮ ਦੀਨਾ ।
ਕੇਤਕ ਸੁਨਤ, ਕੁਟੰਬ ਤਿਆਗੇ ।
ਜਿਨ ਕੋ ਬਚਨ ਅਮੋਲਕ "ਲਾਗੇ ।
(ਧਯਾਇ ੬)

ਇਸਤੋਂ ਜ਼ਾਹਰ ਹੈ ਜੋ ਕਈ ਤਾਂ ਖਾਲਸਾ ਪ੍ਰਚਾਰਕ ਜਥਿਆਂ ਦ੍ਵਾਰਾ ਸਤਿਗੁਰਾਂ ਦੇ ਹੁਕਮ ਸੁਣਕੇ ਆਖਨ ਲਗ ਗਏ ਕਿ "ਸਾਥੋਂ ਕੁਲਾ ਧਰਮ ਛਡਜਾ ਨਹੀਂ ਜਾਂਦਾ" । ਕਈਆਂ ਨੇ ਆਖਿਆ ਕਿ "ਸਤਿਗੁਰਾਂ ਨੇ ਐਸਾ ਹੁਕਮ ਹੀ ਨਹੀਂ ਦਿਤਾ, ਏਹ ਤਾਂ ਏਹਨਾਂ

ਪਰਚਾਰਕਾਂ ਨੇ ਹੀ ਢਕਵੰਜ ਬਨਾ ਲਿਤਾ ਹੈ" ਪ੍ਰੰਤੂ ਬਹੁਤ ਸੇ ਪ੍ਰੇਮੀ ਸਿਖਾਂ ਨੇ ਇਸ ਹੁਕਮ ਨੂੰ ਮੰਨ ਕੇ ਖਾਲਸਾ ਧਰਮ ਧਾਰਨ ਕਰ ਲਿਤਾ, ਭਾਵ ਅਨਮਤੀ ਕੁਟੰਬਾਂ ਨੂੰ ਤਿਆਗ ਕੇ ਖਾਲਸੇ ਸਜ ਗਏ ਅਤੇ ਅਪਨੇ ਲੰਗਰ ਤੇ ਪੰਗਤ ਵਿਚੋਂ ਅਨਮਤੀਆਂ ਨੂੰ ਵੱਖ ਕਰ ਦਿਤਾ ਤਿਸ ਪਰ ਓਹ ਅਨਮਤੀ ਤੇ ਢਿੱਲੜ ਤਿੜਕੇ

ਯਥਾ:—

'ਕ੍ਰੋਧਵੰਤ ਮਨਮਹਿ ਅਤਿ ਭਯੋ । ਊਚ ਨੀਚ ਮੁਖ ਤੇ ਬਹੁ ਕਹਿਯੋ'

ਯਾਂਤੇ ਵਿਰੋਧੀਆਂ ਨੇ ਆਮ ਲੋਕਾਂ ਪਾਸ ਰੌਲਾ ਪਾ ਦਿਤਾ ਕਿ "ਹੇ ਭਾਈਓ! ਇਹ ਨਵੀਂ ਬਾਤ ਚਲ ਪਈ" ਇਸਤੇ ਬਿਨਾ ਹੋਰਭੀ ਊਲ ਜਲੂਲ ਬਕਿਆ, ਤਿਸ ਕਰਕੇ ਸਾਰੇ ਦੇਸ ਵਿਚ ਰੌਲਾ ਮਚ ਗਿਆ।

ਪ੍ਰੰਤੂ ! ਖਾਲਸਾ ਪ੍ਰਚਾਰਕਾਂ ਨੇ ਇੰਵ ਕੀਤਾ ਕਿ ਜਿਸ ੨ ਸਿਖ ਦੇ ਘਰੀਂ ਲੰਗਰਾਂ ਵਿਚ "ਸਿਰਗੁੰਮ" ਦੇਖਨ, ਉਸੇ ਨੂੰ ਵਖ ਕਰਾਕੇ ਘਰ ਬਾਰ ਵੰਡਵਾ ਦੇਣ, ਔਰ ਜੋ ਨਾ ਮੰਨਣ ਉਨਾਂ ਨੂੰ ਆਖਨ ਕਿ:—

ਵਹਿ ਤੋ ਸਿਰ ਗੁਮ ਹਮਨ ਉਠਾਯੋ ।
ਤਹਿ ਕਹਿ ਬਿਧ ਘਰ ਮੈਂ ਬਠਲਾਯੋ ।
ਕੇਤਕ ਸੰਗੀ ਅਵਰ ਉਠਾਯੋ ।
ਕ੍ਰੋਧਵੰਤ ਅਪਨੇ ਘਰ ਆਯੋ । * * * *
(ਗੁ: ਸੋ:)

ਇਸ ਸਮੇਂ ਅਨਮਤੀ (ਹਿੰਦੂ ਆਦਿ) ਲੋਕਾਂ ਵਿਚ ਈਰਖਾ ਦਾ ਇਤਨਾ ਭਾਂਬੜ ਮਚ ਗਿਆ ਸੀ, ਜਿਸਦਾ ਨਮੂਨਾ ਇਹ ਹੈ । ਯਥਾ:—

ਮਿਲੇ ਅਪਾਰ ਨਗਰ ਮੈਂ ਸੋਈ ।
ਕਹੈਂ ਖਾਲਸਾ ਕਿਹ ਬਿਧ ਹੋਈ ।
ਦੇਖੋ ਅਬ ਕੈਸੇ ਬਨ ਆਵੇ ।
ਕੈਸੀ ਸੋਭ ਖਾਲਸਾ ਪਾਵੈ ।
ਕਰੀਏ ਅਬ ਇਨਸੋ ਬਿਧ ਸੋਈ ।

ਕਹੈ ਨ ਫੇਰ ਖਾਲਸਾ ਕੋਈ।
ਮਿਲ ਹਾਕਮ ਕੈ ਬਾਤ ਬਤਾਈ।
ਇਨੌ ਰਾਹ ਇਕ ਨਈ ਚਲਾਈ।
ਕੁਲਾ ਕਰਮ ਕੇ ਮਾਰਗ ਤਜਾਗੇ।
ਕਰਨ ਚਾਲ ਔਰ ਇਮ ਲਾਗੇ।
ਵਾਹੁਗੁਰ ਕਾ ਖਾਲਸਾ ਕਹਿਤ ਸਕਲ ਮਿਲ ਸੋਇ।
ਪੂਛੈ ਇਨੈ ਸੁਚੇਤ ਕੈ, ਜੋ ਤੁਮਰੋ ਮਨ ਸੋਇ।
(ਗੁਰੁ ਸੋਭਾ)

ਗਲ ਕੀ ਪਿੰਡਾਂ ਦੀ ਪੰਚਾਇਤਾਂ ਨੇ ਖਾਲਸਾ ਜੀ ਨੂੰ ਹਰ ਪ੍ਰਕਾਰ ਤੰਗ ਕੀਤਾ, ਅਤੇ ਤਾਹਨੇ ਮਿਹਣੇ ਮਾਰਨ ਲਗੇ "ਕਿ ਦੇਖਾਂਗੇ ! ਹੁਣ ਕਿਵੇਂ ਖਾਲਸਾ ਸਜਦੇ ਹਨ" ਉਪਰੰਤ ਖਾਲਸੇ ਦੇ ਸਭ ਕੰਮ ਕਾਜ ਬੰਦ ਕਰਾ ਦਿਤੇ, ਪਰ ਤਾਂ ਭੀ ਖਾਲਸੇ ਜੀ ਦਾ ਦਿਨੋ ਦਿਨ ਬਾਧਾ ਹੋਈ ਜਾਵੇ ॥

ਜਦੋਂ ਵਿਰੋਧੀਆਂ ਦੀ ਕੋਈ ਵਾਹ ਨਾ ਚੱਲੀ ਤਾਂ ਦਿਲੀ ਦੇ ਬਾਦਸ਼ਾਹ ਪਾਸ ਅਰਜੀ ਜਾ ਦਿਤੀ ਕਿ "ਏਹ ਲੋਕ ਹਿੰਦੂ ਕਰਮ ਧਰਮ ਛਡਕੇ 'ਖਾਲਸੇ' ਕਹਾਕੇ ਪਿੰਡਾਂ ਨੂੰ ਭ੍ਰਿਸ਼ਟ ਕਰਦੇ ਹਨ ਜੋ ਸਭ ਲੋਕਾਂ ਨੂੰ ਇਕੋ ਬਾਟੇ ਅੰਮ੍ਰਿਤ ਛਕਾਕੇ ਵਰਨਾਸ਼੍ਰਮ ਤੋੜ ਰਹੇ ਹਨ"।

ਇਸ ਪਰ ਦਿੱਲੀ ਦੇ ਬਾਦਸ਼ਾਹ ਨੇ ਖਾਲਸੇ ਨੂੰ ਕਚੈਹਰੀ ਵਿਚ ਬੁਲਾਕੇ ਪੁਛਿਆ ਕਿ ਇਹ ਕੀ ਬਾਤ ਹੈ ?

ਖਾਲਸਾ ਜੀ ਨੇ ਉਤਰ ਦਿਤਾ ਕਿ "ਅਸੀਂ ਸ੍ਰੀਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕ ਲਿਤਾ ਹੈ, ਯਾਂਤੇ ਸਭ ਜਾਤ, ਪਾਤ ਤਜਕੇ ਇਕੋ **ਖਾਲਸਾ ਭਾਈ** ਬਣਗਏ ਹਾਂ, ਹਿੰਦੂ ਕਰਮ ਧਰਮ ਨਾਲ ਸਾਡਾ ਕੋਈ ਸਬੰਧ ਨਹੀਂ" ਇਤਆਦਿ ਨਧੜਕ ਬਚਨ ਸੁਣਾਏ।

ਫਿਰ ਲਿਖਾ ਹੈ ਕਿ ਸਚੇ ਸਿਖਾਂ ਦੀ ਅਰਦਾਸ ਅਕਾਲ ਪੁਰਖ ਨੇ ਸੁਨ ਲਈ ਜਿਸ ਕਰਕੇ ਹਾਕਮਾਂ ਨੇ ਖਾਲਸੇ ਸਚੇ ਜਾਣ ਕੇ ਛਡ ਦਿਤੇ ਤੇ ਬਿਹਾਰੀ ਸਿਖਾਂ ਦੀਆਂ ਬੰਦ ਹਟਾਂ ਭੀ

ਪਰਚਾਰਕਾਂ ਨੇ ਹੀ ਢਕਵੰਜ ਬਨਾ ਲਿਤਾ ਹੈ" ਪ੍ਰੰਤੂ ਬਹੁਤ ਸੇ ਪ੍ਰੇਮੀ ਸਿਖਾਂ ਨੇ ਇਸ ਹੁਕਮ ਨੂੰ ਮੰਨ ਕੇ ਖਾਲਸਾ ਧਰਮ ਧਾਰਨ ਕਰ ਲਿਤਾ, ਭਾਵ ਅਨਮਤੀ ਕੁਟੰਬਾਂ ਨੂੰ ਤਿਆਗ ਕੇ **ਖਾਲਸੇ** ਸਜ ਗਏ ਅਤੇ ਅਪਨੇ ਲੰਗਰ ਤੇ ਪੰਗਤ ਵਿਚੋਂ ਅਨਮਤੀਆਂ ਨੂੰ ਵੱਖ ਕਰ ਦਿਤਾ ਤਿਸ ਪਰ ਓਹ ਅਨਮਤੀ ਤੇ ਢਿੱਲੜ ਤਿੜਕੇ

ਯਥਾ:—

'ਕ੍ਰੋਧਵੰਤ ਮਨਮਹਿ ਅਤਿ ਭਯੋ। ਊਚ ਨੀਚ ਮੁਖ ਤੇ ਬਹੁ ਕਹਿਯੋ'

ਯਾਂਤੇ ਵਿਰੋਧੀਆਂ ਨੇ ਆਮ ਲੋਕਾਂ ਪਾਸ ਰੌਲਾ ਪਾ ਦਿਤਾ ਕਿ "ਹੇ ਭਾਈਓ! ਇਹ ਨਵੀਂ ਬਾਤ ਚਲ ਪਈ" ਇਸਤੇ ਬਿਨਾ ਹੋਰਭੀ ਊਲ ਜਲੂਲ ਬਕਿਆ, ਤਿਸ ਕਰਕੇ ਸਾਰੇ ਦੇਸ ਵਿਚ ਰੌਲਾ ਮਚ ਗਿਆ।

ਪ੍ਰੰਤੂ! ਖਾਲਸਾ ਪ੍ਰਚਾਰਕਾਂ ਨੇ ਇੰਵ ਕੀਤਾ ਕਿ ਜਿਸ ੨ ਸਿਖ ਦੇ ਘਰੀਂ ਲੰਗਰਾਂ ਵਿਚ "ਸਿਰਗੁੰਮ" ਦੇਖਨ, ਉਸੇ ਨੂੰ ਵਖ ਕਰਾਕੇ ਘਰ ਬਾਰ ਵੰਡਵਾ ਦੇਣ, ਔਰ ਜੋ ਨਾ ਮੰਨਣ ਉਨਾਂ ਨੂੰ ਆਖਨ ਕਿ:—

ਵਹਿ ਤੋ ਸਿਰ ਗੁਮ ਹਮਨ ਉਠਾਯੋ।
ਤਹਿ ਕਹਿ ਬਿਧ ਘਰ ਮੈਂ ਬਠਲਾਯੋ।
ਕੇਤਕ ਸੰਗੀ ਅਵਰ ਉਠਾਯੋ।
ਕ੍ਰੋਧਵੰਤ ਅਪਨੇ ਘਰ ਆਯੋ। * * * *
(ਗੁ: ਸੋ:)

ਇਸ ਸਮੇਂ ਅਨਮਤੀ (ਹਿੰਦੂ ਆਦਿ) ਲੋਕਾਂ ਵਿਚ ਈਰਖਾ ਦਾ ਇਤਨਾ ਭਾਂਬੜ ਮਚ ਗਿਆ ਸੀ, ਜਿਸਦਾ ਨਮੂੰਨਾ ਇਹ ਹੈ। ਯਥਾ:—

ਮਿਲੇ ਅਪਾਰ ਨਗਰ ਮੈਂ ਸੋਈ।
ਕਹੈਂ ਖਾਲਸਾ ਕਿਹ ਬਿਧ ਹੋਈ।
ਦੇਖੋ ਅਬ ਕੈਸੇ ਬਨ ਆਵੈ।
ਕੈਸੀ ਸੋਭ ਖਾਲਸਾ ਪਾਵੈ।
ਕਰੀਏ ਅਬ ਇਨਸੋ ਬਿਧ ਸੋਈ।

ਕਹੈ ਨ ਫੇਰ ਖਾਲਸਾ ਕੋਈ।
ਮਿਲ ਹਾਕਮ ਕੇ ਬਾਤ ਬਤਾਈ।
ਇਨੋਂ ਰਾਹ ਇਕ ਨਈ ਚਲਾਈ।
ਕੁਲਾ ਕਰਮ ਕੇ ਮਾਰਗ ਤਜਾਗੇ।
ਕਰਨ ਚਾਲ ਔਰ ਇਮ ਲਾਗੇ।
ਵਾਹੁਗੁਰ ਕਾ ਖਾਲਸਾ ਕਹਿਤ ਸਕਲ ਮਿਲ ਸੋਇ।
ਪੂਛੈ ਇਨੈ ਸੁਚੇਤ ਕੈ, ਜੋ ਤੁਮਰੋ ਮਨ ਮੋਇ।
(ਗੁਰੂ ਸੋਭਾ)

ਗਲ ਕੀ ਪਿੰਡਾਂ ਦੀ ਪੰਚਾਇਤਾਂ ਨੇ ਖਾਲਸਾ ਜੀ ਨੂੰ ਹਰ ਪ੍ਰਕਾਰ ਤੰਗ ਕੀਤਾ, ਅਤੇ ਤਾਹਨੇ ਮਿਹਣੇ ਮਾਰਨ ਲਗੇ "ਕਿ ਦੇਖਾਂਗੇ! ਹੁਣ ਕਿਵੇਂ ਖਾਲਸਾ ਸਜਦੇ ਹਨ" ਉਪਰੰਤ ਖਾਲਸੇ ਦੇ ਸਭ ਕੰਮ ਕਾਜ ਬੰਦ ਕਰਾ ਦਿਤੇ, ਪਰ ਤਾਂ ਭੀ ਖਾਲਸੇ ਜੀ ਦਾ ਦਿਨੋ ਦਿਨ ਬਾਧਾ ਹੋਈ ਜਾਵੇ॥

ਜਦੋਂ ਵਿਰੋਧੀਆਂ ਦੀ ਕੋਈ ਵਾਹ ਨਾ ਚੱਲੀ ਤਾਂ ਦਿਲੀ ਦੇ ਬਾਦਸ਼ਾਹ ਪਾਸ ਅਰਜੀ ਜਾ ਦਿਤੀ ਕਿ "ਏਹ ਲੋਕ ਹਿੰਦੂ ਕਰਮ ਧਰਮ ਛਡਕੇ 'ਖਾਲਸੇ' ਕਹਾਕੇ ਪਿੰਡਾਂ ਨੂੰ ਭ੍ਰਿਸ਼ਟ ਕਰਦੇ ਹਨ ਜੋ ਸਭ ਲੋਕਾਂ ਨੂੰ ਇਕੋ ਬਾਟੇ ਅੰਮ੍ਰਿਤ ਛਕਾਕੇ ਵਰਨਾਸ਼੍ਰਮ ਤੋੜ ਰਹੇ ਹਨ"।

ਇਸ ਪਰ ਦਿਲੀ ਦੇ ਬਾਦਸ਼ਾਹ ਨੇ ਖਾਲਸੇ ਨੂੰ ਕਚੈਹਰੀ ਵਿਚ ਬੁਲਾਕੇ ਪੁਛਿਆ ਕਿ ਇਹ ਕੀ ਬਾਤ ਹੈ?

ਖਾਲਸਾ ਜੀ ਨੇ ਉਤਰ ਦਿਤਾ ਕਿ "ਅਸੀਂ ਸ੍ਰੀਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕ ਲਿਤਾ ਹੈ, ਯਾਂਤੇ ਸਭ ਜਾਤ, ਪਾਤ ਤਜਕੇ ਇਕੋ **ਖਾਲਸਾ ਭਾਈ** ਬਣਗਏ ਹਾਂ, ਹਿੰਦੂ ਕਰਮ ਧਰਮ ਨਾਲ ਸਾਡਾ ਕੋਈ ਸਬੰਧ ਨਹੀਂ" ਇਤਆਦਿ ਨਧੜਕ ਬਚਨ ਸੁਣਾਏ।

ਫਿਰ ਲਿਖਾ ਹੈ ਕਿ ਸਚੇ ਸਿਖਾਂ ਦੀ ਅਰਦਾਸ ਅਕਾਲ ਪੁਰਖ ਨੇ ਸੁਨ ਲਈ ਜਿਸ ਕਰਕੇ ਹਾਕਮਾਂ ਨੇ ਖਾਲਸੇ ਸਚੇ ਜਾਣ ਕੇ ਛਡ ਦਿਤੇ ਤੇ ਬਿਹਾਰੀ ਸਿਖਾਂ ਦੀਆਂ ਬੰਦ ਹਟਾਂ ਭੀ

ਖੁਲ੍ਹਾ ਦਿਤੀਆਂ ॥ ਯਥਾ:-

"ਸੁਨ ਦਿਆਲ ਕ੍ਰਿਪਾਲ ਹੋਇ ਭਯੋ ਜੋ ਆਨ ਸਹਾਈ।
ਹਾਕਮ ਕੇ ਮਨ ਮਹਿ ਬਸੀ ਹਾਟੈਂ ਦਈ ਖੁਲ੍ਹਾਈ"।
(ਸਾਰੇ ਪ੍ਰਸੰਗ ਲਈ ਪੜ੍ਹੋ ਧਿਆਇ ਸਤਵਾਂ ਗੁਰੂ ਸੋਭਾ)

ਅਫਸੋਸ ! ਜਿਨਾਂ ਲੋਕਾਂ ਪਰ ਖਾਲਸਾ ਪੰਥ ਨੇ ਅਨੇਕਾਂ ਉਪਕਾਰ ਕੀਤੇ, ਤੇ ਉਨ੍ਹਾਂ ਲਈ ਆਪਨੀਆਂ ਅਮੋਲਕ ਜਾਨਾਂ ਤਕ ਕੁਰਬਾਨ ਕੀਤੀਆਂ, ਓਹੀ ਲੋਕ ਅੰਦਰੋਂ ਵਿਰੋਧੀ ਹੋਕੇ ਖਾਲਸੇ ਦੀਆਂ ਧਰਮ ਪੁਸਤਕਾਂ ਵਿਗਾੜਦੇ ਤੇ ਜ਼ਮਾਨੇ ਦੇ ਬਾਦਸ਼ਾਹਾਂ ਪਾਸ ਝੂਠੀਆਂ ਸ਼ਕਾਇਤਾਂ ਕਰਕੇ ਖਾਲਸਾ ਪੰਥ ਨੂੰ ਕਸ਼ਟਾਂ ਵਿਚ ਪਾਉਂਦੇ ਹੋਏ ਜੜ੍ਹੀਂ ਤੇਲ ਦਿੰਦੇ ਹੀ ਰਹੇ।

ਪਿਛਲੇ ਜ਼ਮਾਨੇ ਦੀਆਂ ਤਵਾਰੀਖਾਂ ਤੋਂ ਚੰਗੀਤਰਾਂਪਰਗਟਹੈ ਕਿ ਇਸ ਮੁਲਕ ਦੇ ਮਤਿ ਮਤ੍ਰਾਂਤਾਂ ਨੇ ਆਪਸ ਵਿਚ ਭਿੜਕੇ ਇਕ ਦੂਜੇ ਮਤਿ ਨਾਲ ਖੋਟੀ ਨੀਤੀ ਖੇਡਦਿਆਂ ਹੋਇਆਂ ਆਪਸ ਵਿਚ ਦੀ ਨਸ਼ਟਤਾ ਕੀਤੀ। ਜੈਸਾ ਕਿ ਬੁਧ, ਜੈਨ, ਆਰੀਆ ਆਦਿ ਦੇ ਪ੍ਰਾਚੀਨ ਹਾਲ ਪੜਨ ਤੋਂ ਸਬੂਤ ਹੁੰਦਾ ਹੈ, ਜੋ ਵਿਸਥਾਰ ਦੇ ਡਰ ਤੋਂ ਐਥੇ ਲਿਖੇ ਨਹਾਂ ਜਾ ਸਕਦੇ॥

ਹਾਏ ! ਅਫਸੋਸ !! ਪਰਸਪਰ ਵਿਰੋਧਤਾ ਦੇ ਕਾਰਨ ਏਹ ਭਾਰਤਵਰਸ਼ ਪੂਰਨ ਵਿਦਵਾਨ ਤੇ ਸੁਤੰਤਰ ਹੋਣ ਦੇ ਥਾਉਂ ਅਜ ਗੁਲਾਮੀ ਦੀ ਪਦਵੀ ਪ੍ਰਾਪਤ ਕਰ ਚੁਕਾ ਹੈ॥

ਦੂਜੇ ਇਸਤੋਂ ਬਿਨਾ ਸਰਬ ਵਿਦੇਸੀ ਵਿੱਦਿਆਰਥੀਆਂ ਨੂੰ ਹਰ ਪਰਕਾਰ ਦੀ ਵਿੱਦਿਆ ਦਿੰਦਾ ਹੋਇਆ ਅੱਜ ਇਸਦੇ ਸਪੁਤਰ ਬਦੇਸਾਂ ਵਿੱਚ ਵਿੱਦਿਆ ਪਰਾਪਤ ਕਰਨ ਲਈ ਨਾਨ੍ਹਾ ਪਰਕਾਰ ਦੇ ਕਸ਼ਟ ਸਹਾਰਦੇ ਹੋਏ ਭੀ ਆਪਨੀ ਸ੍ਵੈਇੱਛਾ ਅਨੁਸਾਰ ਵਿੱਦਿਆ ਪ੍ਰਾਪਤ ਨਹੀਂ ਕਰ ਸਕਦੇ॥

ਤੀਜੇ ਇਸ ਦੀ ਤਜਾਰਤੀ ਦਸ਼ਾ ਐਥੇ ਤਕ ਗਿਰ ਗਈ

ਹੈ, ਕਿ ਗੈਰ ਮੁਲਕਾਂ ਦੇ ਬਿਉਪਾਰੀ ਅਪਨੇ ਬਿਉਪਾਰ ਦੇ ਪ੍ਰਤਾਪ ਇਸ ਮੁਲਕ ਦਾ ਕਰੋੜਾਂ ਰੁਪਯੇ ਦਾ ਸੋਨਾ ਚਾਂਦੀ ਖੁਲਮ ਖੁਲ੍ਹਾ ਲਈ ਜਾਣ, ਪਰ ਇਹੋ ਇਕ ਨਕਾਰਾ ਮੁਲਕ ਹੈ ਕਿ ਅਪਨੇ ਦੇਸ਼ ਵਿਚੋਂ ਦੋ ਸੇਰ ਭਾਉ ਦੀ ਰੂੰਈ ਆਦਿ ਵਸਤਾਂ ਬਦੇ-ਸ਼ੀਆਂ ਨੂੰ ਦੇਕੇ ਮੁੜ ਬਦਲੀਆਂ ਹੋਈਆਂ ਵਸਤਾਂ ਉਨਾਂ ਤੋਂ ਹੀ ਛਟਾਂਕ ਡੇਢ ਛਟਾਂਕ ਦੇ ਭਾਉ ਦੀਆਂ ਲੈਕੇ ਅਪਨੇ ਸ੍ਰੀਰ ਨੂੰ ਸ਼ਸੋ-ਭਤ ਕਰਨ ਦਾ ਮਾਨ ਕਰ ਰਿਹਾ ਹੈ ॥

ਚੌਥੇ ਏਹੋ ਅਭਾਗਾ ਦੇਸ ਹੈ ਜਿਸਨੇ ਪਰਸਪਰ ਵੈਰ ਵਿਰੋਧ ਦੇ ਕਾਰਨ ਆਪਣੇ ਉਚ ਪ੍ਰਾਕ੍ਰਮ ਨੂੰ ਨਸ਼ਟ ਕਰਕੇ ਉਸਦੀ ਥਾਉਂ ਆਪਣੇ ਆਪ ਨੂੰ ਇਹੋ ਜਿਹੇ ਮਾਲਕਾਂ ਦੇ ਸਪੁਰਦ ਕੀਤਾ ਹੈ ਜੇਹੜੇ ਕਿ ਇਸਦੇ ਪਵਿਤ੍ਰ ਖ਼ੂਨ ਨੂੰ ਜੋਕ ਵਤ ਚੂਸਦੇ ਹੋਏ ਤੇ ਇਸਨੂੰ ਹਰ ਪ੍ਰਕਾਰ ਤੋਂ ਨਿਕੰਮਾਂ ਕਰਦੇ ਹੋਏ ਭੀ ਇਸਦੀ ਪ੍ਰਸੰਨਤਾ ਦਾ ਕਾਰਨ ਬਣ ਰਹੇ ਹਨ ॥

ਪੰਜਵੇਂ ਕੀ ਕਾਰਨ ਹੈ ਜੋ ਇਸ ਦੇਸ ਦੀ ਉਤੇ ਵਰਨਨ ਕੀਤੀ ਗਈ ਦਸ਼ਾ ਇਸਨੂੰ ਮਜਬੂਰਨ ਭੋਗਣੀ ਪੈ ਰਹੀ ਹੈ ? ਇਸਦਾ ਇਹੋ ਕੋਰਾ ਕਰਾਰਾ ਉਤਰ ਹੈ ਕਿ ਇਹ ਕਿਸੇ ਦਾ ਕਸੂਰ ਨਹੀਂ ।

ਇਹ ਇਸੇ ਦੀ ਮੂਰਖਤਾ ਦਾ ਪ੍ਰਤੱਖ ਕਾਰਨ ਆਖਿਆ ਜਾ ਸਕਦਾ ਹੈ ਜੋ ਅਸੀ ਉਤੇ ਰੰਚਕ ਦਸ ਚੁਕੇ ਹਾਂ ॥

ਗੱਲ ਕੀ ਉਸ ਸਮੇਂ ਅਨਮਤੀਆਂ ਵਲੋਂ ਖਾਲਸਾ ਪੰਥ ਦੀ ਧਾਰਮਿਕ ਤੇ ਵਿਵਹਾਰਕ ਦਸ਼ਾ ਨੂੰ ਭੀ ਐਥੇ ਤਕ ਖੋਟੀ ਚਾਲ ਖੇਡਕੇ ਮਲੀਆਮੇਟ ਕਰਨ ਦਾ ਆਹਰ ਕੀਤਾ ਗਿਆ, ਕਿ ਖਾਲਸਾ ਧਰਮੀਆਂ ਨੂੰ ਹਿੰਦੂ ਧਰਮੀਆਂ ਵਿਚ ਲਪੇਟ ਲਿਪਾ-ਟਕੇ "ਨਾਮ ਮਾਤ੍ਰ ਸਿਖ" ਪਰ ਅੰਦਰੋਂ ਹਿੰਦੂਆਂ ਵਾਲੀ ਦਸ਼ਾ ਬਨਾਕੇ **"ਅਕਾਲ ਸੇਵੀ"** ਤੋਂ **"ਦੇਵੀ ਭਗਤ"** ਆਦਿ ਸਾਬਤ ਕਰ ਦਿਖਾਇਆ। ਏਥੇ ਹੀ ਬਸ ਨਹੀ ਬਲਕਿ ਪੰਥ ਵਾਲੀ ਸ੍ਰੀਗੁਰੂ ਗੋਬਿੰਦਸਿੰਘ ਜੀ ਸਾਹਿਬ ਨੂੰ ਦੇਵੀ-ਪੂਜਕ ਸਾਬਤ

ਕਰਨ ਦੀ ਸਿਖ ਧਰਮ ਦੀ ਹੀ ਪੁਸਤਕਾਂ ਦੁਆਰਾ ਪੂਰਨ ਕੋਸ਼ਸ਼ ਕੀਤੀ ਗਈ ਤਾਂਕਿ ਜੋ ਮੂਲ ਸਰੂਪ (ਭਾਵ ਖਾਲਸਾ ਪੰਥ ਵਾਲੀ) ਹੀ ਮਨਮਤਿ ਦੇ ਛਾਏ ਹੇਠਾਂ ਢਕਿਆ ਜਾਵੇ। ਫੇਰ ਸਦਾ ਹੀ ਭਤਹਹੈ। ਭਾਵੇਂ ਏਹ ਬਾਤ ਅਨਹੋਣੀਸੀ ਕਿਉਂਕਿ ਸੂਰਜ ਨੂੰ ਕੁਨਾਲੀ ਨਾਲ ਢਕਣਾ ਅਸੰਭਵ ਹੈ। ਜੈਸਾਕਿ ਭਾਈ ਗੁਰਦਾਸ ਜੀਦਾ ਬਚਨ ਹੈ–

ਚੜ੍ਹਿਆ†ਚੰਦਨਲੁਕਈ ਕਢਕੁਨਾਲੀਜੋਤਿਛਪਾਈ

(ਵਾਰ ੧, ਪੌੜੀ ੩੪)

ਪਰ ਹਾਏ ਅਫਸੋਸ਼! ਫਿਰ ਭੀ ਏਸ ਮਗਰ ਲਾਈ ਗਈ ਦੇਵੀ ਦੀ ਪੰਥ ਅੰਦਰ ਐਸੀ ਪ੍ਰਨਾਲਿ ਵਧ ਗਈ ਕਿ ਕਈਕ ਖਾਲਸਾ ਵਿਦਜਵਾਨ ਭੀ ਭਰਮ-ਗਿਆਨੀ ਬਣ ਗਏ ਸਬੂਤ ਲਈ ਅਸੀ ਸਭ ਤੋਂ ਪੈਹਲੇ ਖਾਲਸਾ ਇਤਿਹਾਸ ਵਲ ਸਰਸਰੀ ਨਿਗਾਹ ਮਾਰਦੇ ਹਾਂ ਜਿਸ ਤੋਂ (ਦੇਗ ਵਿਚੋਂ ਇਕ ਦਾਣਾ ਟੋਹਣ ਦੀ ਮਸਾਲ ਵਤ) ਪਤਾ ਲਗ ਜਾਊਗਾ ਕਿ ਅਨਮਤੀਆਂ ਨੇ ਖਾਲਸਾ ਇਤਿਹਾਸਾਂ ਨੂੰ ਕਿਸ ਪ੍ਰਕਾਰ ਵਿਗਾੜਕੇ ਹਿੰਦੂਮਤਿ ਦੀ ਰੰਗਣ ਵਿਚ ਰੰਗਿਆ ਹੈ ॥

ਖਾਲਸਾ ਪੰਥ ਦੇ ਇਤਹਾਸਾਂ ਵਿਚੋਂ ਸਭਤੋਂ ਵਡਾ ਪੁਸਤਕ ਸੂਰਜ ਪ੍ਰਕਾਸ਼ ਹੈ, ਜਿਸ ਵਿਚ ਹਿੰਦੂ ਰੀਤਾਂ ਰਸਮਾਂ ਦੇ ਇਤਨੇ ਪ੍ਰਸੰਗ ਪਾਏ ਹੋਏ ਮਿਲਦੇ ਹਨ ਜੋ ਹਿੰਦੂ ਤੀਰਥਾਂ ਦੀ ਮਹਿਮਾਂ ਤੇ ਹਿੰਦੂ ਅਵਤਾਰਾਂ ਦੀ ਕਥਾ ਅਤੇ ਤਿਲਕ ਜੰਞੂ ਆਦਿ ਤੇ ਪੋਪਲੀਲਾ ਦ੍ਵਾਰਾ ਬਿਆਹ, ਦੇਵੀ, ਦੇਵਤਾ, ਸੂਤਕ ਪਾਤਕ ਦਾ ਮੰਡਨ ਭਾਵ ਹਿੰਦੂ ਰੀਤਾਂ ਦੇ ਬਹੁਤ ਸਾਰੇ ਪ੍ਰਸੰਗ ਲਿਖੇ ਮਿਲਦੇ ਹਨ, ਜਿਨ੍ਹਾਂ ਤੋਂ ਇਹ ਸਾਬਤ ਹੁੰਦਾ ਹੈ, ਕਿ ਖਾਲਸਾ ਪੰਥ ਨੂੰ ਮਿਲਗੋਭਾ (ਹਿੰਦੂ-ਸਿਖ) ਬਨਾਣ ਲਈ ਹਿੰਦੂ ਲੀਡਰਾਂ ਵਲੋਂ ਪੂਰੀ ਕੋਸ਼ਸ਼ ਕੀਤੀ ਗਈ। ਚੂੰਕਿ ਏਹ "ਭਗਉਤੀ ਪ੍ਰਬੋਧ" ਨਾਮੀ ਪੁਸਤਕ ਹੈ ਜਿਸ ਕਰਕੇ ਅਨਮਤਾਂ ਵਲੋਂ ਪਾਏ ਗਏ ਪ੍ਰਸੰਗਾਂ ਦੇ ਹਰ ਇਕ ਵਿਸ਼ੇ ਪਰ ਵਿਸਥਾਰਕਰਕੇ ਲਿਖਣਾ ਯੋਗ ਨਹੀ ਸਮਝਿਆ। ਇਸ

---

†ਸੂਰਜ ਯਾ ਚੰਦ।

ਲਈ ਕੇਵਲ ਇਸ ਪੁਸਤਕ ਦੇ ਪ੍ਰਸੰਗ ਅਨੁਸਾਰ ਨਮੂਨੇ ਮਾਤ੍ਰ ਦੇਵੀ ਪੂਜਾ ਵਿਚ ਭਸਾਨ ਦੇ ਜਾਲ ਸਬੰਧੀ ਪ੍ਰਸੰਗ ਪੇਸ਼ ਕਰਦੇ ਹਾਂ ਕਿਉਂਕਿ ਸਭ ਤੋਂ ਵੱਡਾ ਜ਼ੋਰ ਖਾਲਸਾ ਪੰਥ ਨੂੰ ਕੁਰਾਹੇ ਪਾਵਨਲਈ ਹਿੰਦੂ ਲੀਡਰਾਂ ਨੇ ਦੇਵੀ ਪੂਜਾ ਪ੍ਰਚਾਰਦੁਆਰਾ ਕੋਸ਼ਿਸ਼ ਕੀਤੀ। ਖਾਲਸਾ ਪੰਥ ਵਿਚ ਏਹ ਬਾਤ ਆਮ ਪ੍ਰਸਿੱਧ ਹੈ ਕਿ ਬ੍ਰਾਹਮਣਾਂ ਨੇ ਸਤਿਗੁਰਾਂ ਦੇ ਪ੍ਰਚਾਰ ਨੂੰ ਰੋਕਣਲਈ ਸਭਪਾਸੇ ਤੋਂ ਝੂਠੇ ਹੋਕੇ ਵਿਧੀ ਅਨੁਸਾਰ ਹਵਨ ਕਰਕੇ ਦੇਵੀ ਪ੍ਰਗਟ ਕਰਨ ਦੀ ਛੁਚਰ ਡਾਹੀ ਸੀ ਜੋਕਿ ਸ੍ਰੀ ਅਨੰਦਪੁਰ ਸਾਹਿਬ ਦੇ ਪਾਸ ਨੈਣਾ ਦੇਵੀ ਵਾਲੀ ਪਹਾੜੀ ਪਰ ਹਵਨਕੁੰਡ ਰਚਨਾ ਦਸਿਆ ਜਾਂਦਾ ਹੈ ॥

ਆਖਰ ਦੇਵੀ ਦਾ ਨਾ ਪ੍ਰਗਟ ਹੋਣਾ ਤੇ ਅੰਤ ਨੂੰ ਬ੍ਰਾਹਮਣਾਂ ਦਾ ਝੂਠੇਹੋਣਾ ਅਤੇ ਸਤਿਗੁਰਾਂ ਦਾ ਸਾਹਿਬਜ਼ਾਦਾ ਬਲੀਦਾਨ ਕਰਨ ਲਈ ਪਾਪਾਂਭਰੀਚਾਲ ਬ੍ਰਾਹਮਣਾਂ ਨੇ ਖੇਡਣੀ ਤੇ ਸਤਿਗੁਰਾਂਨੇ ਸੱਚੀ ਵੀਚਾਰ ਨਾਲ ਉਨਾਂ ਨੂੰ ਝੂਠੇ ਕਰਨਾਂ, ਔਰ ਬ੍ਰਾਹਮਣਾਂ ਦਾ ਆਪਣਾ ਪੋਲਖੁਲ੍ਹਣ ਪਰ ਖਿਸਕੂ ਹੋਣਾ, ਅਖੀਰ ਸਭ ਸਮੱਗਰੀ ਹਵਨਵਿਚ ਸੁਟਕੇ ਦੇਵੀ ਪ੍ਰਸਿੱਧ ਕਰਨ ਦੇ ਪਾਖੰਡ ਦਾ ਭਾਂਡਾ ਪਬਲਿਕ ਵਿਚ ਪ੍ਰਗਟ ਕਰਕੇ ਫੋੜਨਾ, ਖਾਲਸਾ ਵਿਦਵਾਨਾਂ ਵਿਚ ਆਮ ਪ੍ਰਸਿਧ ਹੈ। ਪ੍ਰੰਤੂ ਹਾਏ ਅਫਸੋਸ ! ਉਤੇ ਦਸੇ ਸਮਾਚਾਰ ਦੇ ਪ੍ਰਤੱਖ ਹੁੰਦਿਆਂ ਭੀ ਸੂਰਜ ਪ੍ਰਕਾਸ਼ ਤੇ ਗੁਰੁਬਿਲਾਸ ਆਦਿ ਗ੍ਰੰਥਾਂ ਵਿਚ ਦੇਵੀ ਪ੍ਰਗਟਾਨ ਸਬੰਧੀ ਹਮਨ ਆਦਿ ਦਾ ਵਡਾ ਲੰਬਾ ਚੌੜਾ ਪ੍ਰਸੰਗ ਲਿਖਿਆਪਿਆ ਹੈ, ਕਿ ਇਸ ੨ ਪ੍ਰਕਾਰ ਘਿਉ ਆਦਿ ਸਮਗਰੀ ਪਾਈ, ਤੇ ਦਸਿਆ ਕਿ ਅਮਕੇ ੨ ਬ੍ਰਾਹਮਣ ਸ਼ਾਮਲ ਸਨ***ਅਖੀਰ ਵਿਚ ਲਿਖਾ ਹੈ ਕਿ ਨੌ ਮਹੀਨੇ ਮਗਰੋਂ 'ਦੇਵੀ' ਸਤਿਗੁਰਾਂ ਦੇ ਹਮਨ ਕਰਨੇ ਪਰ ਪ੍ਰਗਟ ਹੋਈ। ਜੋ ਗੁਰਬਾਣੀ ਦੇ ਪਵਿਤ੍ਰ ਭਾਵ ਤੋਂ ਉਕਾ ਹੀ ਉਲਟ ਹੈ ॥ ਯਥਾ:—

ਖ਼ਾਸ ਏਕ ਦਿਨ ਘੜੀਆਂਚਾਰ, ਜਗ ਮਗ ਪਰਬਤ ਝਮਕੇ ਪੰਚਾਰ।
ਕਿਆ ਦਾਮਨ ਕਿਆ ਸੂਰਜ ਬਿੰਬਾ, ਚਮਕਿਓ ਗਗਨ ਮੂਰਤ ਰੂਦੇ
ਸੰਗਾ।ਮੀਚ ਨੈਨ ਉਠ ਹੂਆ ਠਾਂਡਾ, ਨਿਰਖੀ ਏਕ ਬਾਰ ਮੁਖ ਚੰਡਾ।
ਤੁਮਹੀ ਤੁਮਹੀ ਬਚਨ ਪ੍ਰਕਾਸ਼ਾ, ਧਰਮ ਸਾਚ ਭਿਓ ਆਜ ਨਿਕਾਸਾ।

ਮਗਨ ਹੂਆ ਜਗ ਗਯੋ ਭੁਲਾਈ, ਬੇਟਾ ਨਿਕਸਾ ਭੇਟ ਕਰਾਈ।
ਬੋਲੀ ਹਸਤ ਮੀਚ ਗਰਜਾਨੀ, ਪੰਥਸਕੇਸ਼ ਦੀਆਉਰਮਾਨੀ।ਅੰਦਿ
(ਸੌ ਸਾਖੀ ੧੭)

ਪੁਨਾ:—

ਦਿਵਸ ਅਸ਼ਟਮੀ ਕੋ ਜਬ ਆਵਾ, ਬਾਤ ਬਾਰ ਭੁਲਾਲ ਜਨਾਵਾ।
ਜੇਤਕ ਦਾਸ ਨਿਕਟ ਹਿਤ ਸੇਵਾ, ਆਰਤ ਕਰੀ ਤਿਨਹੁ ਗੁਰਦੇਵਾ।
ਪ੍ਰਭ ਰਖ ਲਖ ਕਰ ਤੁਰਤ ਸਿਧਾਰੇ, ਗਿਰਬਰ ਤੇ ਉਤਰੇ ਤਬਸਾਰੇ।

ਪੁਨਾ:—

ਡੇਢ ਪਹਿਰ ਦਿਨ ਕੇ ਰਹੇ ਨੌਮੀ ਆਦਿਤ ਵਾਰ।
ਚੇਤ ਮਾਸ ਪਖ ਸ਼ੁਕਲਮੇਂ ਵਿਦਤੀ ਜਗਤ ਉਧਾਰ।
(ਰੁਤ ੩ ਅੰਸੂ੧੧ ਸੂਰਜ ਪ੍ਰਕਾਸ)

ਉਪਰਲੀ ਰਚਨਾ ਦਾ ਸੰਖੇਪ ਭਾਵ ਏਹ ਹੈ ਕਿ ਅਸ਼ਟਮੀ ਵਾਲੇ ਦਿਨ ਡੇਢ ਪਹਿਰ ਦਿਨ ਦੇ ਰਹਿੰਦੇ ਦੇਵੀ ਪ੍ਰਗਟ ਹੋਈ, ਸਾਰਾ ਪਹਾੜ ਧਰਤੀ ਅਸਮਾਨ ਬਿਜਲੀ ਸੂਰਜ ਦੀ ਤਰਾਂ ਚਮਕ ਪਿਆ ਤੇ ਪ੍ਰਕਾਸ਼ ਨਾਲ ਸਤਿਗੁਰੂ ਜੀ ਦੀਆਂ ਅਖਾਂ ਮਿਚ ਗਈਆਂ ਗੁਰੂ ਜੀ ਅਗੋਂ ਖੜੇ ਹੋਗਏ ਬੇਨਤੀ ਕਰਨ ਲਗੇ, ਕਿ ਹੇ ਦੇਵੀ! ਤੂੰਹੀ ਤੂੰਹੀ ਹੈਂ ਤਾਂ ਦੇਵੀ ਨੇ ਛੋਟਾਬੇਟਾ ਭੇਟਾ ਮੰਗੀ। ਹਸਕੇ ਤੇ ਗਰਜਕੇ ਵਰ ਦਿਤਾ ਕਿ ਤੇਰਾ ਕੇਸਾਂ ਵਾਲਾ ਪੰਥ ਚਲੇਗਾ। ਉਕਤ ਰਚਨਾ ਤੋਂ ਸਿਧ ਏਹ ਹੋਗਿਆ, ਕਿ ਖਾਲਸਾ ਪੰਥ ਦੇਵੀ ਦੇ ਵਰ ਨਾਲ ਪ੍ਰਗਟਿਆ ਹੈ। ਅਤੇ ਅਕਾਲ ਪੁਰਖ ਤਾਂ ਦੇਵੀ ਦੇ ਥਾਂ ਐਵੇਂ ਹੀ ਭੁਲਕੇ ਦਸਿਆ ਜਾਂਦਾ ਹੈ। ਇਸ ਵਾਸਤੇ ਸਾਡੇ ਉਨਾਂ ਮਹਾਂ ਗਿਆਨੀਆਂ ਨੂੰ ਚਾਹੀਦਾ ਹੈ ਕਿ "ਵਾਹੁਗੁਰ ਜੀ ਕਾ ਖਾਲਸਾ ਵਾਹੁਗੁਰ ਜੀ ਕੀ ਫਤਹ" ਦੇ ਥਾਉਂ ਅਗੋਂ ਲਈ **"ਦੇਵੀ ਜੀ (ਭਾਵ ਭਗਉਤੀ ਜੀ) ਕਾ ਖਾਲਸਾ, ਦੇਵੀ ਜੀ (ਅਰਥਾਤ ਭਗਉਤੀ) ਕੀ ਫਤੇ** ਬੋਲਿਆ ਬੁਲਾਇਆ ਕਰਨ ॥

ਇਸਤੋਂ ਅਗੇ ਸੂਰਜ ਪ੍ਰਕਾਸ਼ ਵਿਚ ਫੇਰ ਲਿਖਾ ਹੈ:—

(੧) ਅੰਤਰ ਧਿਆਨ ਭਈ ਜਬ ਮਾਈ, ਤਬ ਲੰਕੜੀਏ ਗਿਰਾ ਅਲਾਈ
ਮਮ ਬਾਨਾ ਕਫਨੀ ਏਹ ਲੀਜੇ, ਅਪਨੇ ਸਰਬ ਪੰਥ ਮੇਂ ਦੀਜੇ।
ਜੰਗ ਸਮੇਂ ਕੋ ਹੈ ਏਹ ਬਾਨਾ, ਜਾਤੇ ਹ੍ਵੈ ਹੈ ਤੇਜ ਮਹਾਨਾ।
ਪੰਥ ਤੁਮਾਰੇ ਬਲ ਵਿਰਧਾਊ, ਜੁਧ ਸੁਹਾਣੇ ਹੇਤ ਮੈਂ ਆਊ।
ਇਮ ਕਹਿ ਲੋਪ ਭਈ ਤਤਕਾਲਾ, ਕਰਦ ਹਾਥ ਪਰ ਫਿਰੇ ਕ੍ਰਿਪਾਲਾ
(ਰੁਤ ੩ ਅੰਸੂ ੧੧ ਛੰ: ੨੭)

(੨) ਦੁਰਗਾ ਜਿਨ ਕੈ ਭਈ ਸਹਾਇ, ਰਣ ਤੇ ਬਿਜੈ ਲਈ ਤਿਨ ਪਾਇ।
ਹਮਰੇ ਮਾਤ ਪਿਤਾ ਇਹ ਦੋਊ, ਪੁਰਖ ਅਕਾਲ ਚੰਡਕਾ ਜੋਊ।
ਇਨਕੋ ਹਮਹੂੰ ਉਪਾਸ਼ਨਾ ਭਾਵੈ, ਅਵਰਨ ਤੇ ਕਿਆ ਕਰਮੇ ਪਾਵੇ।
(ਰੁਤ ੩ ਅੰਸੂ ੩ ਸੂਰਜ ਪ੍ਰਕਾਸ਼)

(੩) ਤੇਤੇ ਦੁਸ਼ਟ ਪਛਾਰੇ ਸਤਿਗੁਰੁ, ਮਨਾਇ ਭਗਵਤੀ ਸਿਮਰ ਭਗਵੰਤੇ
(ਸਰਬ ਲੋਹ ਗ੍ਰੰਥ)

(੪) ਸ਼ਿਵਾ ਮੋਹਿ ਦੀਜੈ ਇਹੀ ਦਾਨ ਮਾਂਗੋ, ਚਰਨ ਕਵਲ ਬਾਸਾ ਚਰਨ ਚਿਤ ਪਾਗੋ। (ਧਿਆਇ ੧ ਛੰਤ ੭੫੭ ਸਰਬ ਲੋਹ)

(੫) ਪਾਂਚ ਪਹਿਰ ਕਾ ਹੋਮ ਅਰੰਭਾ, ਸਭਕੋ ਸੌਂਪ ਦੀਆ ਗੁਰੁ ਧੰਧਾ।
ਬਾਰਾਂ ਪਹਿਰ ਅਰੰਭਾ ਏਕ, ਤਾਂ ਮੈ ਮੂਰਤ ਦੇਵੀ ਟੇਕ।(ਸੰਸਾਖੀ)

(੬) ਲੰਕੜੀਆ ਬੋਲਾ ਭੇਟ ਲੇਹੂ, ਕਫਨੀ ਭਫਨੀ ਤੁਹਿ ਮਮ ਹੇਹੂ।
ਤੁਮਰੀ ਸਹਾਇ ਜੁਧ ਮੇਂ ਆਊਂ, ਪੰਥ ਲਾਜ ਪਤੱਤ ਨ ਪਾਊਂ।
(ਸਾਖੀ ੧੭ ਸੌ ਸਾਖੀ)

(੭) ਸਤਾਰਾਂ ਸੈ ਪਚਵੰਜੇ ਸ੍ਰੀ ਦੇਵੀ ਵਿਦਤਾਇ,
ਸਤਿਵੰਜੇ ਮੈਂ ਸਤਿਗੁਰੂ ਗਹੇ ਮਸੰਦ ਬੁਠਾਇ।(ਰੁਤ ੩ ਅਸ ੨੯)

(੮) ਸੂਰਜ ਪ੍ਰਕਾਸ਼ ਰੁਤ ਅੰਸ ੩੫ ਵਿਖ ਲਿਖਿਆ ਹੈ ਕਿ ਗੁਰੂ ਜੀ ਨੇ ਪਿਛੇ ਦਸ ਲਖ ਪੰਜ ਹਜ਼ਾਰ ਬਰਸ ਦੇਵੀ ਜੀ ਕੀ ਜੁਧ ਮੇਂ ਸਹੈਤਾ ਕਰੀ ਥੀ। ਇਸੇ ਕਰਕੇ ਸਤਿਗੁਰਾਂ ਨੂੰ ਉਸਨੇਂ ਬਦਲਾ ਦਿਤਾ।

ਉਪਰ ਲਿਖੀ ਕਵਿਤਾ ਦਾ ਭਾਵ ਇਹ ਹੈ ਕਿ ਜਦ ਦੇਵੀ ਅੰਤਰ ਧਿਆਨ ਹੋਗਈ ਅਰ ਲੰਕੜੀਏ (ਭਾਵ ਦੇਵੀ ਦੇ ਏ, ਜੀ

ਸੀ. ਦੀ) ਰਾਹੀਂ ਇਹ ਹੁਕਮ ਹੋਇਆ ਕਿ ਮੇਰਾ ਬਾਣਾ ਖੜਗ ਲੈਕੇ ਆਪਣੇ ਖਾਲਸਾ ਪੰਥ ਨੂੰ ਦੇਵੋ ਇਹ ਜੰਗ ਸਮੇਂ ਦੀ ਵਰਦੀ ਹੈ। ਮੈਂ ਤੇਰਾ ਪੰਥ ਬੜਾ ਕਰੂੰਗੀ ਇਹ ਕੈਹਕੇ ਦੇਵੀ ਲੋਪ ਹੋਗਈ, ਇਸ ਪਰਸੰਗ ਵਿਚ ਤਰੀਕ ਤੇ ਸੰਨ ਆਦਿ ਭੀ ਦਿਤੇ ਹਨ। ਸਾਰਾ ਵਿਚਾਰਨ ਹਿਤ ਅਸਲ ਗ੍ਰੰਥ ਪੜ੍ਹੋ। ਜਦ ਮਹਾਰਾਜ ਨੇ ਦੇਵੀ ਦੇ ਹੁਕਮ ਵਿਚ ਅੰਮ੍ਰਿਤ ਤਿਆਰ ਕੀਤਾ ਉਸ ਸਮੇਂ ਦੇਵੀ ਨੇ ਕਿਹਾ।

ਯਥਾ:—

ਤੇਰੀ ਚਾਹ ਪੂਰਨ ਅਬ ਭਈ, ਮੇਰੋ ਕਹਿਓ ਸਾਚ ਦ੍ਰਿੜਈ।
ਸਸਤ੍ਰ ਕਰਦ ਲਹੁ ਸਿਰੁ ਮੇਰਾ, ਜਲ ਮਿਠ ਫੇਰ ਮੱਧ ਬਪਕੇਰਾ।
ਸੂਰ ਹੋਇਗਾ ਸਿਦਕ ਤੁਮਾਰਾ, ਦੀਜੋ ਮਮ ਕੋ ਭੇਟੋ ਪਹਾਰਾ।
ਕਰਦ ਪਕਰ ਬਪ ਰਕਤ ਨਿਕਾਰਾ, ਬੂੰਦ ਲੈ ਅਪ ਰੂਪ ਸਵਾਰਾ।
(ਸਾਖੀ ੧੭)

ਏਹੋ ਸਾਰਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ੩ ਅੰਸ਼ ੩੯ ਵਿਚ ਹੈ।

—: ਪੁਨਾ :—

ਰਹਿਤਿਨ ਇਕ ਬਾਸਨ ਮੰਗਵਾਵਾ, ਸਤੁਦ੍ਰਵ ਕੋ ਜਲ ਸੁਚ ਅਨੁਵਾਵਾ
ਨਿਜ ਅਗ ਰਖਵਾਵਨ ਕੀਓ, ਜੋ ਕ੍ਰਿਪਾਨ ਸ੍ਰੀ ਦੇਵੀ ਦੀਓ।
ਤਾਂ ਮੈ ਲਗੈ ਫੇਰਨ ਸੁਆਮੀ, ਬਦਨ ਬਦਤ ਬਾਣੀ ਅਭਿਰਾਮੀ।
(ਰੁਤ ੩ ਅੰਸੂ ੧੯)

ਨੋਟ—ਜਿਸਨੇ ਸਾਰਾ ਪ੍ਰਸੰਗ ਪੜ੍ਹਨਾ ਹੋਵੇ ਸੂਰਜ ਪਰਕਾਸ਼ ਵਿਚੋਂ ਦਸਮ ਪਾਤਸ਼ਾਹ ਜੀ ਦਾ ਜੀਵਨ ਚਰਿਤ੍ਰ ਪੜ੍ਹੇ॥

ਉਪਰਲੇ ਪ੍ਰਸੰਗ ਵਿਚ ਖੰਡਾ ਤੇ ਕ੍ਰਿਪਾਨ ਦੇਵੀ ਦੀ ਬਖਸ਼ਿਸ਼ ਦੱਸੇ ਗਏ ਹਨ। ਕਿਤੇ ੨ ਨਗਾਰਾ ਸ਼ਿਵਜੀ ਤੋਂ ਲੈਣ ਦੇ ਸੱਕਤ੍ਰ ਮਾਰੇ ਹਨ। ਸੌ ਸਾਖੀਆਂ ਵਿਚ ਭੀ ਇਸ ਪ੍ਰਕਾਰ ਦੇ ਕਈਕ ਢਕੋਂਸਲੇ ਲਿਖੇ ਪਏ ਹਨ। ਯਥਾ:—

ਫੇਰ ਵੰਡ ਦਿਤੇ ਦੋਇ ਕੜੇ, ਇਕ ਛਾਪ ਦੋਇ ਛੱਲਾ
ਦੋ ਜੰਜੀਰੀ ਏਕ ਕਰਦ, ਪਾਂਚ ਭਲੇ (ਸਾਖੀ ੫੯)

ਹੁਣ ਖਾਲਸਾ ਪੰਥੀਆਂ ਨੂੰ ਵਿਚਾਰਨਾ ਚਾਹੀਦਾ ਹੈ ਕਿ ਇਸਦਾ ਉੱਤਰ ਕੀ ਹੋਊ ? ਜ਼ਰੂਰ ਕਹਿਣਾ ਪਊ ਕਿ ਏਹ ਸਭ ਝੂਠ

ਅਨਮਤੀ ਪੁਰਸ਼ਾਂ ਦੀਆਂ ਸ਼ਰਾਰਤਾਂ ਹਨ। ਭਲਾ ਜੇ ਛਿਨ ਮਾਤ੍ਰ ਲਈ ਉਤਲਾ ਲੇਖ ਸਚ ਮੰਨ ਲਈਏ ' ਤਾਂ ਕੀ ਖ਼ਾਲਸਾ ਪੰਥੀ ਅਗੋਂ ਲਈ ਪੰਜ ਕਕਾਰ (ਕੱਛ,ਕੜਾ, ਕ੍ਰਿਪਾਨ, ਕੇਸ, ਕੰਘਾ) ਦੇ ਥਾਉਂ ਉਤੇ ਦਸੇ ਪੰਜ ਕੱਕੇ- ਛਾਪ, ਚੱਕ੍ਰ, ਜੰਜੀਰ, ਕਰਦ, ਕੜਾ- ਪਹਿਰਨ ਵਿਚ ਕਦੇ ਉਜਰ ਕਰ ਸਕਨਗੇ ?

ਇਸ ਤੋਂ ਬਿਨਾ ਸੌ ਸਾਖੀ ਦੇ ਉਤੇ ਦਸੇ ਕਕਿਆਂ ਵਿਚ ਜਦ ਕਛੈਹਰਾ ਹੀ ਨਹੀਂ ਤਾਂ ਅਗੇ ਨੂੰ ਕਛੈਹਰੇ ਦੇ ਥਾਉਂ ਲਕ ਦੇ ਉਦਾਲੇ ਜੰਜੀਰ ਬੰਨ੍ਹ ਲਿਤਾ ਕਰਣਗੇ ? ਅਥਵਾ ਦੇਵੀ ਜੂ ਭਾਵ ਭਗਉਤੀ ਜਿਸ ਨੂੰ ਕਈਕੁ ਵਿਦ੍ਵਾਨਾਂ ਨੇ ਖੜਗ ਯਾ ਕ੍ਰਿਪਾਨ ਦਸਕੇ ਅਪਨੀ ਵਿਦ੍ਵਾਨਤਾ ਦਿਖਾਈ ਹੈ। ਸੋ ਕੀ ਓਹ ਉਕਤ ਦੇਵੀ ਜੀ ਰਚਿਤ ਸ਼ਬਦ ਕੋਸ਼ ਵਿਚੋਂ ਜ਼ੰਜੀਰ ਦੇ ਅਰਥ ਕਛੈਹਰਾ ਸਾਬਤ ਕਰ ਸ਼ਕਨਗੇ ?

ਸਿੱਟਾ ਇਹ ਕਿ ਜਿਤਨੀਕੁ ਮਨਮਤਾਂ ਹਿੰਦੂ ਧਰਮ ਦੇ ਪ੍ਰਚਾਰ ਲਈ ਲੋੜੀਦੀਆਂ ਸਨ ਓਹ ਸਭ ਖਾਲਸਾ ਪੰਥ ਦੇ ਇਤਹਾਸਾਂ ਵਿੱਚ ਹਿੰਦੂਆਂ ਨੇ ਕਿਸੇ ਨਾ ਕਿਸੇ ਢੰਗ ਨਾਲ ਭਰ ਦਿਤੀਆਂ ਹਨ। ਚਿਰੰ- ਕਾਲੀ 'ਦੇਵੀ-ਪੂਜਾ' ਦੇ ਪ੍ਰਸੰਗ ਨੇ ਖਾਲਸਾ ਪੰਥ ਪਰ ਜੋ ਅਸਰ ਕੀਤਾ ਉਸ ਦੀ ਗਵਾਹੀ ਸੂਰਜ ਪ੍ਰਕਾਸ਼ ਦੀ ਰਚਨਾ ਤੋਂ ਪਹਿਲਾਂ ਅਥਵਾ ਪਿਛੋਂ ਰਚੇ ਗਏ ਕਈਕੁ ਗ੍ਰੰਥ ਭੀ ਦਿੰਦੇ ਹਨ ਜਿਨ੍ਹਾਂ ਨੂੰ ਕਿਸ ਨਾ ਕਿਸੇ ਹਿੰਦੂ ਰੀਤੀ ਦੇ ਪ੍ਰਸੰਗਾਂ ਨੇ ਛੂਤ ਦੀ ਬੀਮਾਰੀ ਵਤ ਫੱਟੜ ਕੀਤਾ ਦਿਸਦਾ ਹੈ, ਬਲਕਿ ਅਜ ਕਲ ਦੀ ਗੁਰਮਤਿ ਪ੍ਰਚਾਰ ਦੀ ਚੌਕਲੀ ਦੇ ਕਈਕੁ ਵਿਦ੍ਵਾਨਾਂ ਦੇ ਰਚਿਤ ਗ੍ਰੰਥ ਭੀ ਉਕਤ ਮਨਮਤਾਂ ਤੋਂ ਘਟ੍ਹ ਹੀ ਬਚੇ ਹਨ, ਇਨ੍ਹਾਂ ਗ੍ਰੰਥਾਂ ਵਿਚ ਪਾਏ ਗਏ ਪ੍ਰਸੰਗਾਂ ਦੀ ਕ੍ਰਿਪਾ ਦਾ ਅਸਰ ਸਭ ਤੋਂ ਪੈਹਲਾਂ ਗੁਰ- ਦ੍ਵਾਰਿਆਂ ਦੇ ਪੁਜਾਰੀਆਂ ਤੇ ਨਿਹੰਗਸਿੰਘਾਂ ਪਰ ਪਿਆ। ਜਿਸਦੇ ਕਾਰਨ ਕਈਕੁ ਗੁਰਦ੍ਵਾਰੇ ਸਾਹਿਬਾਂ ਵਿਚ ਦੇਵੀ ਤੇ ਠਾਕੁਰਾਂ ਆਦਿ ਦੀ ਮੂਰਤਾਂ ਉਪਰ ਲਿਖੀ ਸੂਰਜ ਪ੍ਰਕਾਸ਼ ਆਦਿ ਗ੍ਰੰਥਾਂ ਦੀ ਕਵਿਤਾ ਨੇ ਬਣਵਾਕੇ ਪੂਜਾ ਕਰਨੀ ਅਰੰਭ ਕਰਵਾ ਦਿਤੀ। ਹੋਵੇ ਭੀ ਕਿਉਂ ਨਾ ਜਦ ਕਿ ਪ੍ਰਸੰਗਾਂ ਵਿਚ ਸਾਫ ਲਿਖਯਾ ਹੈ ਕਿ ਦੇਵੀ ਨੇ

ਕ੍ਰਿਪਾਨ ਆਦਿ ਬਖਸ਼ਕੇ ਪਸਚਾਤ ਅੰਮ੍ਰਿਤ ਤਿਆਰ ਕਰਵਾ-ਇਆ, ਜੋ ਇਹੋ ਕਥਾ ਸਿਖਾਂ ਦੇ ਧਾਰਮਕ ਮੰਦਰਾਂ ਵਿਚ ਥਾਂ ੨ ਹੁੰਦੀ ਆਉਂਦੀ ਹੈ ॥

ਨੋਟ—ਅਸੀਂ ਦੱਸ ਚੁਕੇ ਹਾਂ ਕਿ ਇਹ ਭੈੜੀ ਬੀਮਾਰੀ ਕੇਵਲ ਸੂਰਜ-ਪ੍ਰਕਾਸ਼ ਵਿਚ ਹੀ ਨਹੀਂ, ਬਲਕਿ ਸੌ ਸਾਖੀ, ਗੁਰਬਿਲਾਸ, ਸਰਬਲੋਹ, ਪੰਥਪ੍ਰਕਾਸ਼, ਤਵਾਰੀਖਾਂ ਤੇ ਜਨਮਸਾਖੀਆਂ ਆਦਿ ਸਭ ਵਿਚ ਗੁਰਬਾਣੀ ਦੀ ਕਸਵੱਟੀ ਦ੍ਵਾਰਾ ਪ੍ਰਗਟ ਹੁੰਦੀ ਹੈ ॥

ਦੇਖਣ ਵਿਚ ਔਂਦਾ ਹੈ ਕਿ ਕਈ ਭੇਡੂ ਸਜਣ ਉਕਤ ਪ੍ਰਸੰਗਾਂ ਨੂੰ ਪੜ੍ਹ ਸੁਣਕੇ ਇਹ ਤਾਂ ਮੰਨਦੇ ਹਨ ਕਿ ਸੂਰਜ ਪ੍ਰਕਾਸ਼ ਆਦਿ ਗ੍ਰੰਥਾਂ ਵਿਚ ਇਹੋ ਜੇਹੇ ਗੁਰਮਤ ਵਿਰੁਧ ਲੇਖਾਂ ਨੂੰ ਕੋਈ ਗੁਰਮਤਿ-ਗਜਾਤਾ ਮੰਨਣ ਨੂੰ ਤਿਆਰ ਨਹੀਂ, ਪ੍ਰੰਤੂ ਜੇਕਰ ਸੂਰਜ ਪ੍ਰਕਾਸ਼ ਆਦਿ ਗ੍ਰੰਥਾਂ ਵਿਚੋਂ ਇਹ ਹਿੰਦੂ ਮਤ ਦੇ ਧਸਾਏ ਗਏ ਲੇਖ ਕਢਕੇ ਨਿਰੋਲ ਖਾਲਸਾ ਧਰਮ ਦੇ ਗ੍ਰੰਥ ਬਣਾਈਏ ਤਾਂ ਬਹੁਤ ਸੇ ਸਾਡੇ ਸਿਖ ਵੀਰ ਝਟਪਟ ਦੇਵੀ ਦੀ ਉਸਤਤਿ ਦੇ ਪਖ ਪਰ ਹੋਕੇ ਰੌਲਾ ਪਾਉਣ ਲਗ ਜਾਂਦੇ ਹਨ। ਜਿਸਤੋਂ ਦੇਵੀ ਦੀ ਮਦਦ ਕਰਨ ਪਰ ਕੁਛ ਹੋਰ ਹੀ ਸ਼ੱਕ ਉਤਪੰਨ ਹੁੰਦਾ ਹੈ ਕਿ ਐਸੇ ਸਜਨ "ਮਨ ਹੋਰ ਮੁਖ ਹੋਰ" ਅਵਸਥਾ ਵਾਲੇ ਕੇਵਲ ਭੇਡੂ ਪੰਡਿਤ ਹੀ ਹਨ ॥

ਵਿਰੋਧੀ ਪ੍ਰਸੰਗਾਂ ਦਾ ਖਾਲਸਾ ਪੰਥ ਪਰ ਅਸਰ

ਜਿਸ ਦਿਨ ਤੋਂ ਸੂਰਜ ਪ੍ਰਕਾਸ਼ ਆਦਿ ਖਾਲਸਾ ਇਤਿਹਾਸਾਂ ਵਿਚ ਭਗਉਤੀ (ਦੁਰਗਾ) ਆਦਿ ਪੂਜਾ ਦੇ ਪ੍ਰਸੰਗ ਖਾਲਸਾ ਪੰਥ ਵਿਚ ਪਰਿਵਰਤ ਕੀਤੇ, ਅਤੇ ਖਾਸ ਕਰਕੇ ਪੰਥ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਪਰ ਦੇਵੀ-ਭਗਤ ਹੋਵਣ ਦਾ ਝੂਠਾ ਇਲਜ਼ਾਮ ਲਾਇਆ ਗਿਆ ਹੈ, ਉਸ ਸਮੇ ਤੋਂ ਸਨੇ ਸਨੇ ਖਾਲਸਾ ਪੰਥ ਦੀ ਹਾਲਤ ਗਿਰਾਵਟ ਵਲ ਖਿਚੀਂਦੀ ਗਈ ਹੈ। ਚੂੰਕਿ ਮਹਾਰਾਜਾ ਰਣਜੀਤਸਿੰਘ ਜੀ ਤੋਂ ਪਹਿਲੇ ਸ਼ਹੀਦਾਂ ਦਾ ਤਰੋ-

ਤਾਜ਼ਾ ਸਮਾ-ਤੇ **ਸਿੱਖੀ ਖੂਨ ਦਾ ਜੋਸ਼ ਪੰਥ ਦੇ ਬੱਚੇ ੨ ਅੰਦਰ ਟਪਕ ਰਿਹਾ ਸੀ** ਜਿਸ ਕਰਕੇ ਖਾਲਸਾ ਪੰਥ ਵਿਚ ਮਹਾਂਬਲੀ ਸੂਰਮੇ ਅਕਾਲ ਪੁਰਖ ਦੀ ਓਟ ਤੋਂ ਬਿਨਾਂ ਕਿਸੇ ਦੀ ਪਰਵਾਹ ਨਹੀ ਕਰਦੇ ਸਨ, ਸੋ ਓਹ ਹਾਲਤ ਸਚਮੁਚ ਇਹੋ ਸੀ ਜੋ ਸਤਿਗੁਰਾਂ ਨੇ ਹੁਕਮ ਦਿਤਾ ਸੀ। ਯਥਾ-

'ਪਾਂਇ ਗਹੇ ਜਬ ਤੇ ਤੁਮਰੇ,ਤਬਤੇ ਕੋਊ ਆਂਖ ਤਰੇ ਨਹਿ ਆਨਯੋ'

--॥ ਪੁਨਾ ॥--

'ਜਬ ਲਗ ਰਹੈ ਖਾਲਸਾ ਨਿਆਰਾ,ਤਬ ਲਗ ਤੇਜ ਦੀਆਮੈਸਾਰਾ॥
ਜਬ ਇਹ ਗਹਿ ਅਨਮਤੀ ਰੀਤ, ਮੈਂ ਨ ਕਰੂੰ ਇਨਕੀ ਪਰਤੀਤ'।

ਸੋ ਨਿਆਰਾ ਰਹਿਨ ਦਾ ਹੀ ਕਾਰਨ ਸੀ ਜੋ:ਭਾਈ ਮਤਾਬ-ਸਿੰਘ ਜੀ ਮੀਰਾਂਕੋਟੀਏ ਜੈਸੇ ਬੀਰ ਲੱਖਾਂ ਦਾ ਕੰਮ ਸਿਰਫ ਕੱਲੇ੨ ਕਰਦੇ, ਜਦ ਸਿੰਘਾਂ ਦਾ ਰਾਜ ਕਾਇਮ ਹੋਗਿਆ, ਉਸਤੋਂ ਪੈਹਲਾਂ ਤਿਆਰਬਰਤਿਆਰ ਖਾਲਸਾ ਜੀ ਦੇ ਪ੍ਰਾਚੀਨ ਜਥੇ ਜੰਗਾਂ ਜੁੱਧਾਂ ਵਿਚ ਖਤਮ ਹੋ ਗਏ ਸਨ, ਇਸੇ ਕਰਕੇ ਅਸਲ ਗੁਰਮਤਿ ਦੀ ਮ੍ਰਯਾਦਾ ਸ਼ਹੀਦ ਵੀਰਾਂ ਦੇ ਚਿਤਾਂ ਅੰਦਰ ਹੀ ਖਾਤਮੇ ਨਾਲ ਖਤਮ ਹੁੰਦੀ ਗਈ। ਜੰਗਲਾਂ ਦੇ ਵਾਸੇ ਨੇ, ਅਤੇ ਉਸ ਸਮੇਂ ਦੇ ਹਾਕਮਾਂ ਦੇ ਜ਼ੁਲਮਾਂ ਨੇ ਨਵੀਨ ਖਾਲਸਾ ਪਨੀਰੀ ਘਟ ਪੈਦਾ ਹੋਣ ਦਿਤੀ ਔਰ ਨਾਂਹੀ ਖਾਲਸਾ ਮ੍ਰਯਾਦਾ ਪ੍ਰਗਟਾਊ ਗ੍ਰੰਥ ਲਿਖੇ ਜਾ ਸਕੇ। ਪੁਰਾਨੇ ਇਤਿਹਾਸ ਅਨਮਤੀਆਂ ਦੇ ਹਥ ਆ ਗਏ ਤੇ ਜੋ ਖਾਲਸਾ ਭ੍ਰਾਈ ਬਚੇ ਓਹ ਘਰ ਦੇ ਕੰਮਾਂ ਅਥਵਾ ਰਾਜ-ਕਾਜ ਵਿਚ ਰੁਝ ਗਏ ਤੇ ਅਨਮਤੀਆਂ ਨਾਲ ਵਾਹ ਪੈ ਜਾਣ ਦੇ ਕਾਰਨ ਗੁਰਬਾਨੀ ਔਰ ਆਪਣੇ ਖਾਲਸਾ ਇਤਹਾਸ ਵਲ ਗਹੁ ਕਰਨ ਦਾ ਸਮਾ ਨਾ ਮਿਲਿਆ, ਗੁਰਦਵਾਰਿਆਂ ਵਿਚ ਅਕਸਰ ਪੁਜਾਰੀ ਨਾਮ ਮਾਤਰ ਤਾਂ ਸਿਖ ਜਰੂਰ ਸਨ, ਪਰ ਅੰਦਰੋਂ ਪਕੇ ਹਿੰਦੂ ਹੀ ਥੇ ਭਾਵੇਂ ਖਾਲਸਾ ਜੀ ਦੇ ਰਾਜਸੀ ਤੇਜ ਪ੍ਰਤਾਪ ਕਰਕੇ ਪੰਜੇ ਕਕਾਰ ਤਾਂ ਧਾਰਦੇ ਰਹੇ ਪਰ ਅੰਦਰੋਂ ਪਕੇ-ਹਿੰਦੂ ਬਣੇ ਰਹੇ। ਜਿਸਦਾ ਸਬੂਤ ਏਹ ਹੈ ਕਿ ਸਾਡੇ ਖਾਲਸਾ ਰਾਜਸੀਆਂ ਵਿਚ ਭੀ ਓਨਾਂ ਦੇ ਪਰੋਹਤ

ਕਹੌਣ ਵਾਲੇ ਆਪਣੀ ਸਰੀਰਕ ਸੂਰਤਾਂ ਨੂੰ ਦਿਖਾਵੇ ਮਾਤਰਖਾਲਸਾ ਬਣਾਕੇ ਹੁਣ ਤਾਂਈ ਓਹਨਾਂ ਮਹਾਰਾਜਿਆਂ ਦੇ ਥਾਉਂ ਮਰਨੇ ਪਰਨੇ ਦੀ ਰੀਤੀਆਂ ਨੂੰ ਮਨੂੰਸਿੰਮ੍ਰਤੀ ਦੀ ਮ੍ਰਜਾਦਾ ਅਨੁਸਾਰ ਪ੍ਰਤੱਖ ਕਰਦੇ ਕਰੌਂਦੇ ਦਿਖਾਈ ਦਿੰਦੇ ਹਨ। ਜੈਸਾ ਕਿ ਅਜ ਕਲ ਭੀ ਬਹੁਤ ਸਾਰੇ ਅਨਮਤੀ ਭਰਾ ਕੇਵਲ ਪੇਟਪਾਲੂ ਖੁਣੀਏ ਸੱਜਨ ਔਰ ਗੁਰਦਵਾਰਿਆਂ ਦੇ ਪੁਜਾਰੀ ਜੋ ਅੰਦਰੋਂ ਪਕੇ ਹਿੰਦੂ ਭਗਉਤੀ (ਦੇਵੀ) ਭਗਤ ਹਨ ਓਹ ਡੂਢ ਪੈਸੇ ਦੇ ਰੰਗ ਨਾਲ ਕਾਲੇ ਦਸਤਾਰੇ ਰੰਗ ਕੇ ਅਕਾਲੀ ਭਰਾਵਾਂ ਦੇ ਅਖੀਂ ਘਟਾ ਪਾਉਂਦੇ ਹੋਏ ਆਪਣਾ ਉੱਲੂ ਸਿੱਧਾ ਕਰੀ ਜਾਂਦੇ ਹਨ, ਜਿਸਦਾ ਸਬੂਤ ਗੁਰ-ਦ੍ਵਾਰਾ ਬਿਲ ਦੇ ਪ੍ਰਕਾਸ਼ ਕਰਾਨ ਅਤੇ ਗੁਰਦ੍ਵਾਰਿਆਂ ਦੇ ਪ੍ਰਬੰਧ ਸੈਂਟ੍ਰਲ ਬੋਰਡ ਦੇ ਬਨਵਾਨ ਤੋਂ ਚੰਗੀ ਤਰਾਂ ਪ੍ਰਤੱਖ ਹੈ, ਕਿਉਂਕਿ ਉਤਲੀ ਦੋਨੋ ਵਰਤੋਂ ੧ ਵੈਸਾਖ ਸੰ: ੧੭੫੬ ਬਿ: ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦ੍ਵਾਰਾ ਰਚੀ ਗਈ, ਖਾਲਸਾ ਪਾਰਲੀਮੈਂਟ ਦੇ ਖਾਲਸਾ ਮਿਸ਼ਨ ਤੋਂ ਉਕੇ ਹੀ ਵਿਰੁਧ ਹਨ॥

ਇਸੀ ਪ੍ਰਕਾਰ ਸਿਖ ਸੂਰਤ ਵਿਚ ਕਈ ਨਾਮ ਧਰੀਕ ਪੰਡਤ, ਤੇ ਭ੍ਰਮਗਿਆਨੀ ਖਾਲਸੇ ਵਿਚ ਹਿੰਦੂ ਧਰਮ ਦਾ ਲੁਕਮਾਂ ੨ ਪਰਚਾਰ ਕਰਦੇ ਦਿਸਦੇ ਹਨ ਪਹਿਲਾਂ ਓਹ ਪੰਥ ਨੂੰ ਦੂਜੇਪਾਸੇ ਲੁਟ ਦੇ ਸਨ, ਹੁਣ ਉਸੀ ਵਿਦ੍ਯਾ ਦੀ ਜੁਗਤੀ ਨੂੰ ਖਾਲਸਾ ਜੀ ਵਿਚ ਵਰਤਕੇ ਖਾਲਸਾ ਜੀ ਨੂੰ ਭਗਉਤੀ ਭਗਤ ਬਨੌਣ ਦੀ ਕੋਸ਼ਸ਼ਾਂ ਕਰਦੇ ਹਨ॥

ਜਦ ਉਨਾਂ ਦਾ ਪਤਾ ਲਗ ਜਾਵੇ ਫਿਰ "ਚੋਰ ਕੀ ਦਾੜ੍ਹੀ ਵਿਚ ਤਿਨਕਾ" ਮਿਸਾਲ ਵਤ ਅਗੋਂ ਹੀ ਕਹਿੰਦੇ ਹਨ ਕਿ ਖੁਣੀਆਂ

ਕਿਸੇ ਨੂੰ ਠ ਕਰੋ, ਕਿਉਂ ਕਿ ਏਥੇ ਪ੍ਰਸੰਗ ਜੁੜਦਾ ਨਹੀਂ, ਅਸੀਂ ਪੁਛਦੇ ਹਾਂ ਕਿ ਕਿਹਾ ਕਿਉਂ ਨਾ ਜਾਵੇ ? ਜਦ ਓਹ ਗੁਰਮਤਿ ਪ੍ਰਚਾਰ ਦੇ ਵਿਰੋਧੀ ਹਨ, ਤੇ ਪੰਥ ਵਿਚ ਪੋਪਲੀਲ੍ਹਾ ਖਿਲਾਰਦੇ ਹਨ ਜਿਨ੍ਹਾਂ ਮਨਮਤਾਂ ਨੂੰ ਖਾਲਸਾ ਧਰਮੀਆਂ ਨੇ ਗੁਰਦਵਾਰਿਆਂ ਵਿਚੋਂ ਦੂਰ ਕਰਨਾ ਹੈ, ਓਹ ਸਗੋਂ ਪ੍ਰਵੇਸ਼ ਕਰਦੇ ਹਨ, ਫਿਰ ਓਹ ਖਾਲਸਾ ਵਿਦ੍ਵਾਨ ਨਹੀਂ ਬਲਕਿ ਹਿੰਦੂ -ਪੰਡਤ ਕਹਿਨ ਜੋਗ ਹਨ। ਇਸੇ ਕਾਰਨ ਸਾਡੇ ਖਾਲਸਾ ਪੰਥੀਆਂ ਨੂੰ ਨਾਨ੍ਹਾ ਪ੍ਰਕਾਰਦੇ ਕਸ਼ਟ ਝਲਨੇ ਪੈਂਦੇ ਹੈਨ। ਜਿਸਦੇ ਸਬੂਤ ਪ੍ਰਤੱਖ ਹਨ । ਜੇ ਇਸ ਕਥਨ ਪਰ ਕਿਸੇ ਨੂੰ ਸ਼ੱਕ ਹੋਵੇ ਤਾਂ ਇਸਦਾ ਭਾਂਡਾ ਸਾਥੋਂ ਭੰਨਵਾਕੇ ਆਪਨੀ ਅਖੀਂ ਦੇਖ ਲੇਵੇ ॥

ਬੱਸ ! ਜੇ ਤਾਂ ਇਸ ਸਮੇਂ ਖਾਲਸਾ ਜੀ ਨੇ ਗੁਰ-ਮਤ ਪ੍ਰਚਾਰ ਦ੍ਵਾਰਾ ਆਪਣੇ ਖਾਲਸਾ ਇਤਹਾਸਾਂ ਵਿਚ ਖਰਾਬ ਕੀਤੇ ਗਏ ਪ੍ਰਸੰਗਾਂ ਦੀ ਸੋਧਨਾ ਕਰ ਲੀਤੀ ਤਾਂ ਫਤਹ ਸਮਝੋ, ਨਹੀਂ ਤਾਂ ਉਤੇ ਵਰਨਨ ਕੀਤੇ ਗਏ ਖਾਲਸਾ ਇਤਹਾਸਾਂਦੇ ਅਨਮਤੀ ਪ੍ਰਸੰਗ ਖਾਲ-ਸਾ ਮਰਯਾਦਾ ਨੂੰ ਉਕੇ ਕੀ ਉੜਾਕੇ ਮਿਲਗੋਭਾ ਅਤੇ ਢਿਲੜਪੁਣੇ ਦਾ ਪਰਚਾਰ ਕਰ ਦੇਣਗੇ॥ ਕਿਉਂ ਕਿ ਪਿਛਲੇ ਸਮੇਂ ਦਾ ਹਾਲ ਆਪਨੂੰ ਭਲੀ ਪ੍ਰਕਾਰ ਮਾਲੂਮ ਹੈ ਕਿ ਦੇਵੀ ਆਦਿ ਪੂਜਾ ਦੇ ਅਨਮਤੀ ਪ੍ਰਸੰਗ ਖਾਲਸਾ ਇਤਹਾਸਾਂ ਦੇ ਵਿਚ ਥਾਂ ਥਾਂ ਭਰੇ ਹੋਣ ਦੇ ਕਾਰਨ ਹੀ ਓਨ੍ਹਾਂ ਦਾ ਪਰਚਾਰ ਗੁਰਦ੍ਵਾਰਿਆਂ ਵਿਚ ਅਰੰਭ ਹੋ ਗਿਆ, ਤੇ ਨਕਲੀ ਸਿਖਾਂ ਤੇ ਪੁਜਾਰੀਆਂ ਨੇ ਓਨ੍ਹਾਂ ਪ੍ਰਸੰਗਾਂ ਦੀ ਮਿਠੀ ੨ ਸੁਰਾਂ ਨਾਲ ਕਥਾ ਸੁਣਾਕੇ ਸਭ ਤੋਂ ਪਹਿਲੇ ਨਿਹੰਗਸਿੰਘਾਂ ਨੂੰ ਭਰਮਾ ਲਿਆ । ਜੋ ਚੰਡੀਚਰਿਤ੍ਰ ਆਦਿਕ ਜੰਗ ਜੁਧਾਂ ਸਬੰਧੀ ਪ੍ਰਸੰਗਾਂ ਨੂੰ ਗੁਰਬਾਣੀ ਤੁਲ ਸਮਝਣ ਲਗ ਗਏ ॥

ਇਸੇ ਕਰਕੇ ਬਹੁਤ ਸਾਰੇ ਨਿਹੰਗ ਸਿੰਘਾਂ ਵਿਚ ਸੁਤੇ ਸਿਧ ਇਹ ਪ੍ਰਚਾਰ ਹੋਗਿਆ ਕਿ ਠੀਕ ਹੀ ਸ੍ਰੀ ਗੁਰੂ ਗੋਬਿੰਦਸਿੰਘ ਜੀ ਨੇ ਦੇਵੀ ਪੂਜੀ ਹੈ ਜਿਸ ਕਰਕੇ ਹੁਣ ਤਕ ਦੇਵੀ- ਭੇਟਾ ਲਈ ਸ੍ਰੀ ਹਜ਼ੂਰ ਸਾਹਿਬ ਤੇ ਸ੍ਰੀ ਅਕਾਲ ਤਖਤ ਆਦਿ ਗੁਰਦੁਆਰੇ ਸਾਹਿਬਾਂ ਵਿਖੇ ਦੁਸਹਿਰੇ ਦੇ ਤਿਉਹਾਰ ਪਰ ਦੇਵੀ ਪੂਜਾ ਦੇ ਨਾਮ ਪਰ ਬਕਰੇ ਝਟ-ਕਾਏ ਜਾਂਦੇ ਹਨ ਜੋ "ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ" ਆਦਿ ਗੁਰਵਾਕਾਂ ਤੋਂ ਉਕਾ ਹੀ ਬੇਮੁਖਤਾ ਦਾ ਸਬੂਤ ਹੈ। ਗਲ ਕੀ ਬਹੁਤ ਸੇ ਨਿਹੰਗ ਸਿੰਘ ਐਥੋਂ ਤਕ ਚੰਡੀ ਦੀ ਵਾਰ ਦੇ ਸਰਧਾਲੂ ਹੋ ਗਏ ਕਿ ਓਨ੍ਹਾਂ ਗੁਰਬਾਨੀ ਦੇ ਨਿੱਤਨੇਮ ਨਾਲ ਸ਼ਾਮਲ ਕਰ ਦਿਤੀ ਤੇ ਅਮ੍ਰਿਤ ਵੇਲੇ ਉਠਕੇ ਜਾਪ ਸਾਹਿਬ ਦੇ ਨਾਲ 'ਦੇਵੀ ਦੀ ਵਾਰ' ਨੂੰ ਪੜ੍ਹਦੇ ਹੋਏ ਦੇਵੀ (ਭਗਉਤੀ) ਦਾ ਯਸ਼ ਵਡੇ ਪ੍ਰੇਮ ਨਾਲ ਕਰਦੇ ਦੇਖੇ ਜਾਂਦੇ ਹਨ। ਨਮੂਨੇ ਮਾਤ੍ਰ ਪੜ੍ਹੋ। ਯਥਾ—

ਨਮੋ ਜੋਗ ਜਵਾਲੰ ਧਰੀਯੰ ਜੁਆਲੰ, ਨਮੋ ਸੁੰਭਹੰਤੀ ਨਮੋ ਕ੍ਰੂਰ ਕਾਲੰ
ਨਮੋ ਸ੍ਰੋਣਬੀਰਜਾਰੁਦ੍ਨੀਧੂਮ੍ਰਹੰਤੀ, ਨਮੋ ਕਾਲਕਾਰੂਪਜ੍ਵਾਲੰਜਿਯੰਤੀ
ਨਮੋ ਅੰਬਕਾ ਜੰਭਰੀ ਜੋਤਿ ਰੂਪਾ, ਨਮੋ ਚੰਡ ਮੁੰਡੇ ਰੁਦਨੀ ਭੂਭੂਪਾ
ਨਮੋ ਚਾਮਰੰ ਚੀਰਣੀ ਚਿਤਰ ਰੂਪੰ, ਨਮੋ ਪ੍ਰਮਪ੍ਰਗਿਆ ਬਿਰਾਜੇ ਸਰੂਪੰ
ਨਮੋ ਪਰਮਰੂਪਾ ਨਮੋ ਕ੍ਰੂਰਕਰਮਾ, ਨਮੋ ਰਾਜਸਾਸਾਤਕਾਪਰਮਬਰਮਾ
ਨਮੋ ਮਹਖਦਜੀਤਕੇਅੰਤੰਕਰਣੀ, ਨਮੋ ਤੋਖਣੀਸੋਖਣੀਸਰਬਇਰਣੀ

ਇਤਆਦਿ ਛੰਦ ਜਦ ਨਰੋਲ ਦੇਵੀ ਉਸਤਤ ਦੇ ਪੜ੍ਹਦੇ ਹੋਣ ਜਿਨਾਂ ਵਿਚ ਦੇਵੀ ਦਾ ਦਰਜਾ ਰੱਬ ਨਾਲੋਂ ਮਾਸਾ ਭਰ ਘੱਟ ਨਹੀ ਰਖਿਆ ਗਇਆ, ਫਿਰ ਅਸੀਂ ਨਹੀਂ ਕਹਿ ਸਕਦੇ ਕਿ ਭਗਉਤੀ ਭਗਤਾਂ ਦੀ ਜੋ ਐਸੀ ਕਵਿਤਾ ਨੂੰ ਗੁਰਬਾਣੀ ਦਸਦੇ ਹਨ ਗੁਰਮਤਿ ਗਿਆਤ ਬੁਧੀ ਕਿਥੇ ਗਈ ਹੋਊ ? ਇਥੇ ਹੀ ਬਸ ਨਹੀ ਬਲਕਿ ਭਗਉਤੀ ਭਗਤਾਂ ਦੀ ਸਰਧਾ ਵਧੌਣ ਖਾਤਰ ਇਸਦੇ ਪੜ੍ਹਨ ਦਾ ਫਲ ਹੇਠ ਲਿਖੇ ਅਨੁਸਾਰ ਦਸਿਆ ਹੈ ਯਥਾ—
ਪੜ੍ਹੇ ਮੂੜ੍ਹ ਜਾਕੋ ਧਨੰ ਧਾਮ ਬਾਢੈ। ਸੁਨੈ ਸੂਮ ਸੋਫੀ ਲਰੈ ਜੁੱਧਗਾਢੈ

ਸਗੇ ਰੋਗ ਸੋਗੀ ਸਭੀ ਜਾਖ ਭਾਗੇ, ਧਰੇ ਧਰਮ ਜੋਗੀ ਕਰੈ ਸਿੱਧ ਭਾਗੇ
ਪੜ੍ਹੈ ਜਾਹਿੰ ਵਿਦਿਆਰਥੀ ਵਿਦਿਆ ਹੇਤੰ, ਲਹੈ ਸਰਬ ਸਾਸਤ੍ਰਨ ਕੋ ਮਰਮ ਚੇਤੰ।
ਜਪੇ ਜੋਗ ਸੰਨਿਆਸ ਵੈਰਾਗ ਕੋਈ, ਤਿਸੈ ਸਰਬ ਪੂਨ ਯਾਨ ਕੋ ਪੁੰਨ ਹੋਈ

ਪੁਨਾ–

ਦੋਹਰਾ–ਜੋ ਜੋ ਤੁਮਰੇ ਧਿਆਨ ਕੋ ਨਿਤ ਉਠ ਧਿਐਹੈ ਸੰਤ।
ਅੰਤ ਲਹੈਂਗੇ ਮੁਕਤ ਫਲ ਪਾਵਹਿੰਗੇ ਭਗਵੰਤ।

–ਪੁਨਾ ਪਉੜੀ–

ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ। ਇੰਦਰ ਸੱਦ ਬੁਲਾਇਆ ਰਾਜ ਅਭਿਖੇਖਨੋ। ਸ਼ਿਰ ਪਰ ਛੱਤ੍ਰ ਫਿਰਾਇਆ ਰਾਜੇ ਇੰਦ੍ਰ ਦੇ। ਚਉਦਾਂ ਲੋਕਾਂ ਛਾਇਆ ਜਸੁ ਜਗਮਾਤ ਦਾ। 'ਦੁਰਗਾ-ਪਾਠ' ਬਣਾਇਆ ਸਭੇ ਪਉੜੀਆਂ। ਫੇਰ ਨ ਜੂਨੀ ਆਇਆ ਜਿਨ ਇਹ ਗਾਇਆ॥ (ਚੰਡੀਦੀ ਵਾਰ)

ਉਪਰਲੀ ਕਵਿਤਾ ਸਾਫ ਜਾਹਿਰ ਕਰਦੀ ਹੈ ਕਿ ਇਸ ਵਾਰ ਦੇ ਮੁਕਾਬਲੇ ਆਸਾ ਜੀਦੀ ਵਾਰ ਦਾ ਅਮ੍ਰਿਤ ਵੇਲੇ ਕੀਰ-ਤਨ ਕਰਨਾ ਵਾਧੂ ਹੈ ਕਿਉਂਕਿ ਇਸ **ਭਗਉਤੀ** ਵਾਰ ਦੇ ਪੜ੍ਹਨ ਦਾ ਫਲ ਮੁਕਤਿ ਭੁਗਤਿ ਸਭ ਕੁਝ ਪਾਕੇ ਜੂਨਾਂ ਤੋਂ ਛੁਟ-ਕਾਰਾ ਪੌਣਾ ਦਸਿਆ ਹੈ॥

ਹੁਣ ਭਗਉਤੀ ਭਗਤ ਤੇ ਭੇੜੂ ਪੰਡਿਤ ਕਿਉਂ ਨਾ ਆਕੜ ੨ ਕੇ **ਭਗਉਤੀ** ਦੀ ਮਦਦ ਕਰਨ। ਜਦ ਉਹ ਇਸਨੂੰ ਗੁਰ-ਬਾਣੀ ਤੁਲ ਮੰਨਦੇ ਹਨ ਤੇ ਭੋਲੇ ਨਿਹੰਗ ਸਿੰਘ ਕਿਉਂ ਨ ਪ੍ਰੇਮ ਕਰਨ ਜਦ ਇਸਦੇ ਪਾਠ ਕਰਨ ਦੇ ਐਨੇ ਭਾਰੇ ਭਾਰੇ ਫਲ ਲਿਖੇ ਹਨ, ਕਿਉਂ ਨਾ ਖਾਲਸਾ ਪੰਥ ਵਿਚ **ਭਗਉਤੀ** ਦਾ ਪ੍ਰਚਾਰ ਹੋਵੇ ਜਦ ਆਗੂ ਸਦਾ ਕੇ ਅਰਦਾਸੇ ਵਿਚ ਪ੍ਰਿਥਮੇ ਭਗਉਤੀ ਸਿਮਰ ਕੈ ਭਾਵ ਸਭ ਤੋਂ ਪਹਿਲੇ **ਭਗਉਤੀ** (ਦੇਵੀ) ਦੇ ਸਿਮਰਨ ਦਾ ਪ੍ਰਚਾਰ ਕਰਨ ?

ਨਿਹੰਗ ਸਿੰਘ ਕੇਵਲ ਗੁਰਦੁਆਰਿਆਂ ਦੇ ਪਹਿਰਿਆਂ

ਲਵੀ ਖਾਲਸਾ ਖੋਲੀਸ ਵਜੋਂ ਥਾਪੇ ਗਏ ਸੀ ਜਿਨ੍ਹਾਂ ਦੇ ਪਹਿਰੇ ਵਿਚ ਭਗਉਤੀ ਦੀ ਰਾਹੀਂ ਸਿਖ ਗੁਰਦੁਆਰਿਆਂ ਵਿਚ ਹਿੰਦੂ ਕਰਮਾਂ ਧਰਮਾਂ ਦਾ ਪ੍ਰਚਾਰ ਕਿਉਂ ਨਾ ਹੋਵੇ ਜਦ ਉਹ ਖੁਦ ਭਗਉਤੀ (ਦੇਵੀ) ਪਰ ਸਰਧਾ ਰਖਦੇ ਹਨ ? ਇਸੇ ਕਰਕੇ ਅਸੀ ਤਾਂ ਸਾਫ ਪ੍ਰਗਟ ਕਰਦੇ ਹਾਂ ਕਿ ਚੂੰਕਿ ਗੁਰੁਦਵਾਰਿਆਂ ਦੇ ਇਹੋ ਪੈਹਿਰੇਦਾਰ ਸਨ ਜਿਸ ਕਰਕੇ ਏਹਨਾਂ ਦੀ ਦੇਵੀ ਪਰ ਸਰਧਾ ਨੇ ਛੋਟੇ ਵਡੇ ਗੁਰ-ਦੁਆਰਿਆਂ ਵਿਚ ਦੇਵੀ ਮੰਨਣ ਦੀ ਖੁਲ ਕਰ ਦਿਤੀ ਤੇ ਕਈ ਥਾਂਈਂ ਦੇਵੀ-ਮੂਰਤਾਂ ਭੀ ਅਸਥਾਪਨ ਹੋ ਗਈਆਂ ਅਤੇ ਉਨ੍ਹਾਂ ਦੇ ਅਸਥਾ-ਪਨ ਕਰਨ ਸਮੇਂ ਗੁਰਵਾਕਾਂ ਦੀ ਰੰਚਕ ਪ੍ਰਵਾਹ ਨਹੀਂ ਕੀਤੀ ਯਥਾ-"ਘਰ ਮਹਿ ਠਾਕੁਰੁ ਨਦਰਿ ਨ ਆਵੈ ।

ਗਲ ਮਹਿ ਪਾਹਣੁ ਲੈ ਲਟਕਾਵੈ ॥ ੧ ॥
ਭਰਮੇ ਭੂਲਾ ਸਾਕਤੁ ਫਿਰਤਾ ॥
ਨੀਰੁ ਬਿਰੋਲੈ ਖਪਿ ਖਪਿ ਮਰਤਾ ॥ ੧ ॥ ਰਹਾਉ ॥
ਜਿਸੁ ਪਾਹਣ ਕਉ ਠਾਕੁਰ ਕਹਤਾ ॥
ਓਹ ਪਾਹਣੁ ਲੈ ਉਸ ਕਉ ਡੁਬਤਾ" ॥(ਸੂਹੀ ਮ: ੫)

ਪੁਨਾ:—

ਕਾਹੂ ਲੈ ਪਾਹਿਨ (ਸਾਲਿਗਰਾਮ) ਪੂਜ ਧਰਯੋ ਸਿਰ,
ਕਾਹੂ ਲੈ ਲਿੰਗ (ਸ਼ਿਵਲਿੰਗ) ਗਰੇ ਲਟਕਾਯੋ ।
ਕਾਹੂ ਲਖਯੋ ਹਰਿ ਅਵਾਚੀ (ਪੂਰਬ) ਦਿਸ਼ਾ ਮਹਿ,
ਕਾਹੂ ਪਛਾਹਿ (ਪਸ਼ਚਮ) ਕੋ ਸੀਸ ਨਿਵਾਯੋ ।
ਕੋਊ ਬੁਤਾਨ (ਪੱਥਰ ਮੂਰਤੀ) ਕੋ ਪੂਜਤ ਹੈ ਪਸੁ,
ਕੋਊ ਮ੍ਰਿਤਾਨ (ਕਬਰਾਂ ਆਦਿ) ਕੋ ਪੂਜਨ ਧਾਯੋ ।
ਕੂਰ ਕ੍ਰਿਆ (ਪਖੰਡਪਨਾ) ਉਰਝਿਓ ਸਭ ਹੀ ਜਗ,
ਸ੍ਰੀ ਭਗਵਾਨ ਕੋ ਭੇਦੁ ਨਾ ਪਾਯੋ ॥
(ਸੁਧਾ ਸਵੈਯਾ ਪਾਤਸ਼ਾਹੀ ੧੦)

—: ਪੁਨਾ :—

ਕਾਹੂ ਲੈ ਠੋਕ ਬੰਧੇ ਉਰ ਠਾਕੁਰ,
ਕਾਹੂ ਮਹੇਸ਼ ਕੋ ਏਸ ਬਖਾਨਿਓ ।

ਗੁਰਵਾਕ ਦੀ ਰੰਚਕ ਪ੍ਰਵਾਹ ਨਹੀਂ ਕੀਤੀ ।

ਗੱਲ ਕੀ ਦੇਵੀ ਪ੍ਰਚਾਰ ਨੇ ਠਾਕੁਰ ਪੂਜਾ, ਟਿਕੇ ਲਾਵਣੇ ਸੰਖ, ਟਲ, ਧੂਪ, ਦੀਪ ਆਦਿਕ ਸਭ ਹਿੰਦੂਰਸਮਾਂ ਖਾਲਸਾ ਪੰਥ ਵਿਚ ਪ੍ਰਵਿਰਤ ਕਰਵਾਈਆਂ । ਇਹ ਰੋਗ ਗੁਰਦਵਾਰਿਆਂ ਦੇ ਪੁਜਾਰੀਆਂ ਤੋਂ ਵਧਿਆ ਹੈ ।

ਜਦ ਗੁਰਬਿਲਾਸ ਆਦਿ ਗ੍ਰੰਥਾਂ ਵਿਚ ਲਿਖਿਆ ਹੈ ਕਿ ਸਤਿਗੁਰੂ ਜੀ ਦੇ ਮਹਿਲ ਢੋਲ ਬਜਵਾਕੇ ਦੁਰਗਿਆਣੇ ਦੇਵੀ ਪੂਜਣ ਗਏ ਫਿਰ ਭਲਾ ਵਿਲੜ ਸਿਖ ਕਿਉਂ ਨਾ ਦੇਵੀ ਪੂਜਣ ? ਇਸੇ ਕਾਰਨ ਦੇਵੀ ਪੂਜਾ ਦਾ ਪ੍ਰੇਮ ਸਿਖ ਰਿਆਸਤਾਂ ਵਿਚ ਭੀ ਜਾ ਵੜਿਆ। ਜਿਸ ਕਰਕੇ ਲਖਾਂ ਰੁਪਏ ਖਰਚਕੇ ਦੇਵੀ ਦੁਆਲੇ ਪੁਵਾਏ ਗਏ ਤੇ ਖਾਸ ਕਰਕੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਪਾਸੋਂ ਬਹੁਤ ਥਾਈਂ ਦੇਵੀ ਦੁਆਲੇ ਬਣਵਾਏ ਤੇ ਜਗੀਰਾਂ ਲਵਾਈਆਂ ਗਈਆਂ । ਇਥੇ ਹੀ ਬਸ ਨਹੀ ਬਲਕਿ ਜੁਵਾਲਾ ਮੁਖੀ ਤੇ ਮਨਸਾ ਦੇਵੀ ਆਦਿ ਜਾਕੇ ਸੋਨੇ ਦੇ ਪੱਤ੍ਰ ਭੀ ਚੜ੍ਹਵਾਏ ਜੋ ਅਜੇ ਤਕ ਲਗੇ ਹੋਏ ਚਮਕਰਹੇਹਨ ਵਿਲੜ ਸਿਖਾਂਵਲੋਂ ਦੇਵੀਪੂਜਾ ਦੇ ਪਾਪਦੇ ਪ੍ਰਤਾਪਨੇ ਸਾਰਾ ਰਾਜ ਹੀ ਕਸ਼ਮੀਰੀ ਬ੍ਰਾਹਮਣਾਂ ਦੇ ਹਥ ਦਿਵਾ ਦਿਤਾ। ਧਿਆਨ ਸਿੰਘ ਆਦਿ ਬ੍ਰਾਹਮਣ ਡੋਗਰੇ ਵਜੀਰ ਤੋਂ ਲੈਕੇ ਨਿਕੇ ੨ ਔਹਦਿਆਂ ਤਕ ਭੀ ਸਭ ਜਗਾ ਬ੍ਰਾਹਮਣ ਪ੍ਰੋਹਤਾਂ ਦੇ ਹਥ ਆ ਗਈਆਂ, ਜਿਸਕਰਕ ਐਥੇ ਤਕ ਭਿਆਨਕ ਦਸ਼ਾ ਬਰਤ ਗਈ **ਕਿ ਰਾਜ ਸਿਖਾਂਦਾ ਤੇ ਹੁਕਮ ਬ੍ਰਾਹਮਣਾਂ ਦਾ ਹੋਗਿਆ।** ਮਹਾਰਾਜਾ ਰਣਜੀਤ ਸਿੰਘ ਜੀ ਨੂੰ ਦੇਵੀ ਐਸੀ ਚਿੰਬੜੀ ਕਿ ਓਨ੍ਹਾਂ ਦੇ ਸੱਚਖੰਡ ਚਲਾਣੇ ਪਿਛੋਂ ਭੀ ਉਨ੍ਹਾਂ ਦੀ ਸਮਾਧ (ਜੋ ਲਾਹੌਰ ਕਿਲੇ ਦੇ ਸਾਹਮਣੇ ਹੈ) ਉਸ ਵਿਚ ਅਜੇ ਤਕ ਭੀ ਦੇਵੀ ਦੀ ਪੂਜਾ ਹੁੰਦੀ ਹੈ ॥

ਗਲ ਕੀ ਪੰਥ ਨੂੰ ਦੇਵੀ ਦੇ ਜਾਲਾਂ ਨੇ ਐਥੋਂ ਤਕ ਗ੍ਰਸ ਲੀਤਾ ਕਿ ਅਮੀਰ ਵਜੀਰ ਸਭ ਕੰਠੀਂ ਤੂੰਗਲ ਗਲੀਂ ਕੰਠੇ ਪਾਕੇ ਬਾਂਕੇ ਜੁਆਨ ਬਣ ਗਏ ਤੇ ਘਰ ਘਰ ਦੇਵੀ ਪੂਜਾ ਦੀ ਕਰਾਹੀ

ਕਰਦੇ ਤੇ ਕੰਜਕਾਂ ਆਦਿ ਖਲੌਂਦੇ ਚਲੇ ਔਂਦੇ ਹਨ । ਭਜਾਗਾਂ ਬਣਾਂਵਾਲੇ ਫਿਲੜ ਸਿਖ ਅਜਾਂ ਤਕ ਦੇਵੀ ਦੇ ਚਾਲੇ ਜਾਂਦੇ ਤੇ ਸੁਖਾਂ ਸੁਖਦੇ ਦੇਖੇ ਜਾਂਦੇ ਹਨ। ਉਸੀ ਪ੍ਰਚਾਰ ਦਾ ਫਲ ਹੁਣ ਤਕ ਵਰਤ- ਮਾਨ **ਸਿਖਰਿਆਸਤਾਂ ਵਿਚ ਦੇਵੀ-ਪੂਜਾ ਦਾ ਪ੍ਰਚਾਰ ਹੈ।** ਸਿਖ ਰਾਜਿਆਂ ਦੇ ਮਹਿਲਾਂ ਵਿਚ ਅਜ ਜਾਕੇ ਵੀ ਦੇਵੀ ਦੁਆਲੇ ਦੇਖ ਲਵੋ। ਜਿਥੇ ਕਿ ਘੰਟੇ ਵਜਦੇ ਤੇ ਜੋਤਾਂ ਜਗਦੀਆਂ ਹਨ॥

ਗੱਲ ਕੀ ਅਜ ਤਕ ਸਿਖਾਂ ਨੂੰ ਦੇਵੀ ਦੀ ਸਰਧਾ ਨੇ ਬੇਅੰਤ ਹੀ ਖਰਾਬ ਕੀਤਾ ਹੈ ॥

ਬਹੁਤ ਸਾਰੇ ਪੁਰਾਤਨ ਸਿਖ ਸਰਦਾਰ ਅਜ ਤਕ ਪਰਵਾਰਾਂ ਸਹਿਤ ਦੇਵੀ ਦੇ ਚਾਲੇ ਜਾਂਦੇ ਤੇ ਛਤ੍ਰ ਚੜ੍ਹਾਉਂਦੇ ਹਨ । ਘਰਾਂ ਵਾਲੀਆਂ ਦੇਵੀ ਦੇ ਬਰਤ ਰਖਦੀਆਂ, ਅਹੋਈ ਆਦਿ ਮਨੌਂਦੀਆਂ ਆਉਂਦੀਆਂ ਹਨ । ਬਹੁਤਸਾਰੇ ਸਰਦਾਰ ਰਈਸਾਂ ਨੇ ਘਰਾਂ ਵਿਚ ਦੇਵੀ ਦੁਆਲੇ ਬਣਾਏ ਹੋਏ ਹਨ ਨਮੂਨੇ ਮਾਤ੍ਰ ਰਾਵਲਪਿੰਡੀ ਸਰਦਾਰ ਸੁਜਾਨਸਿੰਘ ਜੀ ਰਈਸ ਦੇ ਬਾਗ ਵਿਚ ਗੁਰਦਵਾਰਾ ਤੇ ਸ਼ਿਵਦੁਆਲਾ, ਦੇਵੀਦੁਆਲਾ ਤਿੰਨੇ ਕਠੇ ਬਣੇ ਹੋਏ ਪ੍ਰਤੱਖ ਜਾ ਦੇਖੋ, ਜਿਨ੍ਹਾਂ ਪਰ ਲੱਖਾਂ ਰੁਪਏ ਖਰਚ ਆਏ ਤੇ ਲੱਖਾਂ ਦੀ ਜਗੀਰਾਂ ਲਗੀਆਂ ਹੋਈਆਂ ਹਨ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਕਾਬਲੇ ਪਰ ਪੱਥਰ ਪੂਜਾ ਭੀ ਹੁੰਦੀ ਹੈ, ਓਧਰ ਗੁਰੂ ਸਾਹਿਬ ਜੀ ਪੱਥਰ ਪੂਜਾ ਦਾ ਖੰਡਨ ਕਰਦੇ ਹਨ ਪਰ ਪਾਸ ਹੀ ਪੱਥਰ ਪੂਜਾ ਹੋਈ ਜਾਂਦੀ ਹੈ, ਪੰਥ ਦੀ ਇਸਤੋਂ ਅਧੋਗਤੀ ਵਾਲੀ ਹਾਲਤ ਹੋਰ ਕੇਹੜੀ ਕਹੀ ਜਾਵੇ ? ਇਹ ਕਸੂਰ ਬਨੌਣੇ ਵਾਲੇ ਸਰਦਾਰਾਂ ਦਾ ਨਹੀਂ ਓਨਾਂ ਨੇ ਤਾਂ ਜਿਵੇ ਗੁਰਦਵਾਰਿਆਂ ਵਿਚ ਕਥਾ ਆਦਿ ਦਾ ਪ੍ਰਚਾਰ ਸੁਨਿਆ ਸਰਧਾਕੀਤੀ ਭਾਵ ਉਹ ਵਿਚਾਰੇ ਸਿਖਇਤਿਹਾਸਾਂ ਦੇ ਮਗਰ ਲਗੇ,ਇਸਨੂੰ ਪੜ੍ਹੇ ਲਿਖੇ ਸਜਨ ਸਮਝਦੇ ਹਨ,ਕਿ ਤਵਾ- ਰੀਖਾਂ ਵਿਚ ਲਿਖਿਆ ਹੈ, ਕਿ ਮੁਸਲਮਾਨ ਪਾਤਸ਼ਾਹਾਂ ਨੇ ਲੱਖਾਂ ਦੇਵੀਦੁਆਲੇ ਢਾਹਕੇ ਉਥੇ ਮਸੀਤਾਂ ਪਾਈਆਂ ਨਿਵਾਜਾਂ ਗੁਜਾਰੀਆਂ ਤੇ ਲਖਾਂ ਹਿੰਦੂਆਂ ਦੇ ਸਿਰ ਵਢਕੇ ਤਿਨ੍ਹਾਂ ਦੇ ਲਹੂ ਨਾਲ ਦੇਵੀ ਆਦਿ ਮੂਰਤਾਂ ਦਾ ਇਸ਼ਨਾਨ ਕਰਵਾਇਆ। ਗਊ ਘਾਤ ਕਰਕੇ

ਤੇ ਖੂਹੀਂ ਵਿਚ ਪਾਕੇ ਹਿੰਦੂ ਧਰਮ ਭ੍ਰਿਸ਼ਟ ਕੀਤਾ ਜਾਂਦਾ। ਜਦ ਉਸ ਸਮੇਂ ਦੇਵੀ ਆਪਨੇ ਭਗਤਾਂ ਦੀ ਪ੍ਰਗਟ ਹੋਕੇ ਰੱਛਿਆ ਨਾ ਕਰ ਸਕੀ ਤਾਂ ਫੇਰ ਇਕ ਪ੍ਰਕਾਰ ਦਾ ਡਰਾਵਾ ਜਾਂ ਹਊਆ ਨਹੀਂ ਤਾਂ ਹੋਰ ਕੀ ਹੈ ? ਜੋ ਅਪਨੀ ਰੱਛਾ ਖੁਦ ਨਹੀਂ ਕਰ ਸਕਦਾ ਦੂਜੇ ਦੀ ਕੀ ਕਰੂ ? ਜੈਸਾ ਕਿ ਗੁਰਵਾਕ ਹੈ। ਯਥਾ:—

ਤੂੰ ਕਹੀਅਤ ਹੈ ਆਦਿ ਭਵਾਨੀ,
ਮੁਕਤ ਕੀ ਬਰੀਆ ਕਹਾ ਛਪਾਨੀ।

ਪੁਨਾ:— ਕੋਈ ਮੁਗਲ ਨਾ ਹੋਇਆ ਅੰਨਾ,
ਕਿਨੀ ਨ ਪਰਚਾ ਲਾਇਆ।
ਜਿਸਦਾ ਸਾਹਿਬ ਨੰਗਾ ਭੁਖਾ ਹੋਏ,
ਤਿਸਦਾ ਨਫਰ ਕਿਥੋਂ ਰਜ ਖਾਏ।

ਅਫਸੋਸ ਹੈ ਜੋ ਗੁਰਮਤਿ ਅਗਿਆਤ ਪੁਰਸ਼ਾਂ ਨੇ ਆਪਨੇ ਅਗਿਆਤਪਣੇ ਦੇ ਕਾਰਣ ਸ੍ਰੀ ਗੁਰੂ ਦਸਮੇਸ਼ ਜੀ ਨੂੰ ਭੀ ਦੇਵੀ ਪੂਜਕ ਥਾਪ ਲੀਤਾ ਤੇ ਅਸਲੀਅਤ ਨੂੰ ਭੁਲ ਬੈਠੇ।

ਅਸਲ ਗੱਲ

ਅਸਲ ਗਲ ਤਾਂ ਇਹ ਸੀ ਕਿ ਬ੍ਰਾਹਮਣਾਂ ਦੇ ਦੇਵੀ ਪ੍ਰਸਿਧ ਕਰਨ ਦੇ ਢਕੌਂਸਲੇ ਦੇ ਪਾਜ ਨੂੰ ਖੋਲਕੇ ਸਤਿਗੁਰਾਂ ਨੇ ਖਾਲਸਾ ਪੰਥ ਨੂੰ ਸਾਜਨ ਤੋਂ ਪਹਿਲੇ ਅਕਾਲ ਅਰਾਧਨ ਪ੍ਰਯੋਗ ਕੀਤਾ ਸੀ ਉਪ੍ਰੰਤ ਪੈਹਲੀ ਵੈਸਾਖ ਸੰ: ੧੭੫੬ ਬਿ: ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਪਾ ਕੇ ਸ੍ਰੀ ਸਾਹਿਬ ਮਿਆਨੋ ਖਿਚ ਕੇ ਸੰਗਤ ਪ੍ਰਤੀ ਐਲਾਨ ਕੀਤਾ ਕਿ ਪ੍ਰਾਕਰਮ ਦੇ ਅਧੀਨ ਸੰਸਾਰਕ ਸਭੇ ਪਦਾਰਥ ਹਨ ਅਤੇ ਪ੍ਰਾਕਰਮਹੀਨ ਪ੍ਰਾਨੀ ਸਭ ਪ੍ਰਕਾਰ ਦੇ ਕਸ਼ਟਾਂ ਨੂੰ ਆਯੂ ਪ੍ਰਯੰਤ ਸਹਿੰਦੇ ਰਹਿੰਦੇ ਹਨ ਇਸ ਲਈ ਆਓ ਨਿਤਰੋ! ਜਿਸ ਨੇ ਆਪ ਪੂਰਨਸੁਖ ਪ੍ਰਾਪਤ ਕਰਕੇ ਸੰਸਾਰ ਨੂੰ ਪੂਰਨਸੁਖੀ ਕਰਨਾ ਹੈ ਤੇ ਐਸੇ ਬੀਰ ਨਿਕਲੋ ਜੋ ਸਤ, ਸੰਤੋਖ, ਦਯਾ, ਧਰਮ, ਧੀਰਜ ਆਦਿ ਗੁਣਾਂ ਦੇ ਪੁੰਜ ਹੋਵਨ ਤੇ ਆਪਨਾ ਸਰਬੰਸ ਸੀਸ ਸਮੇਤ ਧਰਮ ਪ੍ਰਚਾਰ ਲਈ ਅਰਪਨ

ਕਰਨ। ਇਸ ਐਲਾਨ ਤੇ ਪ੍ਰਿਥਮ ਸਤਿਗੁਰਾਂ ਵਲੋਂ ਕੀਤੇ ਹੋਏ ਅਕਾਲ ਅਰਾਧਨ ਪ੍ਰਯੋਗ ਨੂੰ ਦੇਵੀ ਪੂਜਕਾਂ ਨੇ 'ਬਿਲੀਆਂ ਨੂੰ ਚੂਹਿਆਂ ਦੇ ਸੁਪਨੇ' ਦੀ ਕਹਾਵਤ ਅਨੁਸਾਰ ਦੇਵੀ ਪੂਜਨ ਦਾ ਮਨ ਘੜਤ ਢਕੌਂਸਲਾ ਘੜਕੇ ਸ੍ਰੀ ਦਸ਼ਮੇਸ ਜੀ ਦੇ ਮੱਥੇ ਠੱਪ ਦਿੱਤਾ ਅਤੇ ਸਾਡੇ ਢਿਲੜ ਵੀਰਾਂ ਨੇ ਅੰਨੇ ਨੂੰ ਬੋਲਾ ਧੁਸੇ ਦੀ ਵਰਤੋਂ ਵਰਤਣੀ ਅਰੰਭ ਕਰ ਦਿਤੀ ਸੋ ਇਸੇ ਪ੍ਰਸੰਗ ਨੂੰ ਉਨਾਂ ਵੀਰਾਂ ਨੇ ਦੇਵੀ ਹਵਨ ਆਦਿ ਦੇ ਪ੍ਰਸੰਗ ਵਿਚ ਰੰਗਣਾਂ ਚੜ੍ਹਾਕੇ ਖਾ: ਇਤਹਾਸ ਵਿਚ ਥਾਂ ੨ ਲਿਖ ਦਿਤਾ, ਪਰ ਜੇ ਅੱਜ ਭਗਉਤੀ (ਦੇਵੀ) ਆਦਿ ਦੇ ਪਾਏ ਗਏ ਪ੍ਰਸੰਗਾਂ ਨੂੰ ਨਿਕਾਲਕੇ ਇਤਿਹਾਸ ਠੀਕ ਕਰਨ ਲਗੀਏ, ਤਾਂ ਭੀ ਢਿੱਲੜ ਖਾਲਸੇ ਨੇ ਇਹੋ ਰੌਲਾ ਪੌਣਾ ਹੈ ਕਿ ਲਓ ! **ਜੀ ! ਖਾਲਸਾ ਇਤਹਾਸ ਬਦਲ ਦਿੱਤਾ ਭਾਰੀ ਪਾਪ ਕਰ ਦਿੱਤਾ** ਆਦਿ, ਪੁਰਾਣਾ ਤੇ ਹੁਣ ਦਾ ਤਜਰਬਾ ਦਸਦਾ ਹੈ, ਕਿ ਖਾਲਸਾ ਪੰਥ ਦੇ ਗੁਝੇ ਵੈਰੀ ਇਸੇ ਪੰਥ ਅੰਦਰ ਸ਼ਾਮਲ ਹਨ, ਕਿਉਂਕਿ ਜਦ ਭੀ ਕਦੇ ਪੰਥ ਨੇ ਕਿਸੇ ਮਨਮਤ ਦਾ ਸੁਧਾਰ ਅਰੰਭਿਆ ਤਦ ਇਸ ਦਾ ਮੁਕਾਬਲਾ ਪੰਥ ਵਿਚੋਂ ਹੀ ਹੋਯਾ ਹੈ।

ਹੁਣ ਅਸੀਂ ਉਤੇ ਦਸੇ ਗਏ ਭਗਉਤੀ ਪ੍ਰਬੋਧ ਦੇ ਪ੍ਰਸੰਗ ਦੀ ਭੂਮਿਕਾ ਨੂੰ ਐਥੇ ਹੀ ਖਤਮ ਕਰਕੇ ਭਗਉਤੀ ਅਤੇ ਸਤਿਨਾਮੁ ਸਬੰਧੀ ਨਿਰਣਾ ਕਰਦੇ ਹਾਂ। ਜਿਸ ਤੋਂ ਸਾਬਤ ਹੋ ਜਾਊ ਜੋ ਦੇਵੀ ਭਗਤਾਂ ਨੇ ਸਤਿਨਾਮੁ ਸਿਮਰਨ ਦੇ ਥਾਉਂ ਭਗਉਤੀ ਨੂੰ ਅਰਦਾਸੇ ਵਿੱਚ ਸਿਮਰਨਾ ਪ੍ਰਵਿਰਤ ਕਰਕੇ ਕਿਤਨੀ ਕੁ ਮਨਮਤ ਕੀਤੀ ਹੈ ਤੇ ਅਗੇ ਲਈ ਖਾਲਸਾ ਜੀ ਨੂੰ ਭਗਉਤੀ ਦੇ ਥਾਂ ਸਤਿਨਾਮੁ ਦੀ ਪਰਵਿਰਤੀ ਵਿਚ ਕਿਤਨਾਕੁ ਗੁਰਮਤ ਪ੍ਰਚਾਰ ਸਬੰਧੀ ਲਾਭ ਹੈ॥

ਅੰਮ੍ਰਿਤਸਰ	ਪ੍ਰਾਰਥਿਕ ਕਰਤਾ—
੨੫ ਕਤਕ ਸੰ: ੪੫੬	ਗਜਾਨੀ ਲਾਲ ਸਿੰਘ ਐਡੀਟਰ
੧੯੭੬ ਬਿ:	ਪੰਚ ਖਾਲਸਾ ਸਮਾਚਾਰ

੧ ੴ ਸਤਿ ਗੁਰ ਪ੍ਰਸਾਦਿ ॥

ਭਗਉਤੀ ਪ੍ਰਬੋਧ

ਨਿਆਕਾਰੀ ਬਾਦਸ਼ਾਹ ਜਿਸ ਪ੍ਰਕਾਰ ਆਪਣੇ ਰਾਜ ਵਿਚੋਂ ਹਰਪ੍ਰਕਾਰ ਦੇ ਦੁਖਦਾਈ ਕਾਰਨ ਦੂਰ ਕਰਕੇ ਆਪਣੀ ਪਰਜਾ ਨੂੰ ਸੁਖੀ ਕਰਦੇ ਹਨ, ਤਿਵੇਂ ਹਰ ਇਕ ਕੌਮ ਦੇ ਧਾਰਮਿਕ ਜਥੇ ਤੇ ਮਹਾਂ ਪੁਰਖ ਆਪੋ ਅਪਨੀ ਕੌਮਾਂ ਵਿਚੋਂ ਕਮਜ਼ੋਰੀਆਂ ਦੂਰ ਕਰਨ ਦੇ ਸਦਾ ਪ੍ਰਬੰਧ ਕਰਦੇ ਰਹਿੰਦੇ ਹਨ ॥

ਇਸੀ ਭਾਂਤਿ { ਪੰਚ ਖਾਲਸਾ ਦੀਵਾਨ ਅਰਥਾਤ ਖਾਲਸਾ ਪਾਰਲੀਮੈਂਟ } ਨੇ

(ਜੋ ੧ ਵੈਸਾਖ ਸੰ: ੧੭੫੬ ਬਿ: ਤੋਂ ਹੀ ਸਾਰੇ ਖਾਲਸਾ ਪੰਥਕ ਜਥਿਆਂ ਦਾ ਧਾਰਮਕ ਮੋਹਰੀ ਤੇ ਸਰੋਮਣੀ ਚਲਿਆ ਆਰਿਹਾ ਹੈ। ਅਤੇ ਸਾਰੇ ਮਨਮਤ ਰੂਪੀ ਰੋਗਾਂ ਦੀ ਗੁਰਮਤਿਕਸ੍ਵਟੀ ਦ੍ਵਾਰਾ ਪਰਖ ਕਰਦਾ ਔਂਦਾਹੈ,) ਜਦ ਖਾਲਸਾ ਇਤਿਹਾਸਦੀ ਨਬਜ਼ ਦੇਖੀ ਤੇ ਅਪਨੀ ਪੰਥਸੇਵਾ ਰੂਪੀ ਵੈਦਗੀ ਦਾ ਪੂਰਨ ਫਰਜ ਸਮਝਕੇ ਪੁਰਾਨੇ ਤੇ ਨਵੀਨ ਇਤਿਹਾਸ ਖੋਜੇ ਖੁਜਾਏ ਤਦ ਪਤਾ ਲਗਿਆ ਕਿ ਦੇਵੀ ਪੂਜਨ ਦੀ ਬਿਆਧੀ ਖਾਲਸਾ-ਪੰਥ ਵਿਚ ਹਿੰਦੂ-ਲੀਡਰਾਂ ਦੀ ਕ੍ਰਿਪਾ ਦਵਾਰਾ ਮਲੋ ਮਲੀ ਗਲ ਚਮੇੜੀ ਗਈ ਹੈ। ਜਿਸਦੇ ਨਸ਼ਟ ਕਰਨ ਲਈ ਹੇਠ ਲਿਖੇ ਗੁਰਵਾਕ ਰੂਪੀ ਨੁਸਖੇ

ਸਤਿਗੁਰਾਂ ਵਲੋਂ ਪ੍ਰਕਾਸ਼ਤ ਹਨ ॥ ਯਥਾ:-

(੧) ਮਾਇਆ ਮੋਹੇ ਸਭੁ ਦੇਵੀ ਦੇਵਾ। ਕਾਲ ਨ ਛੋਡੇ ਬਿਨ ਗੁਰ ਕੀ ਸੇਵਾ ॥ (ਗਉੜੀ ਮ: ੩)

(੨) ਦੇਵੀ ਦੇਵਾ ਪੂਜੀਐ ਭਾਈ,ਕਿਆ ਮਾਗਉ ਕਿਆ ਦੇਇ?
ਪਾਹਣ ਨੀਰ ਪਖਾਲੀਐ ਭਾਈ, ਜਲ ਮਹਿ ਬੂਡਹਿ ਤੇਹਿ। (ਸੋਰਠ ਮ: ੫)

(੩) ਕੋਟ ਦੇਵੀ ਜਾਂਕਉਸੇਵਹਿ,ਲਖਮੀ ਅਨਕਭਾਂਤ।ਆਸਾਮ:੫

(੪) ਦੁਰਗਾ ਕੋਟ ਜਾਂਕੇ ਮਰਦਨ ਕਰੈ। (ਭੈਰੋਂ ਕਬੀਰ)

(੫) ਦੇਵੀਆ ਨਹਿ ਜਾਨੈ ਮਰਮ। ਸਭ ਊਪਰ ਅਲਖ ਪਾਰ-ਬ੍ਰਹਮ ॥ (ਰਾਮਕਲੀ ਮ: ੫)

(੬) ਭਰਮੇ ਸੁਰ ਨਰ ਦੇਵੀ ਦੇਵਾ। ਭਰਮੇ ਸਿਧ ਸਾਧਿਕ ਬ੍ਰਹ-ਮੇਵਾ। (ਆਸਾ ਮ: ੩)

(੭) ਈਸਰ ਬ੍ਰਹਮਾ ਦੇਵੀ ਦੇਵਾ। ਇੰਦ੍ਰ ਤਪੇ ਮੁਨਿ ਤੇਰੀ ਸੇਵਾ (ਮਾਰੂ ੩)

(੮) ਠਾਕਰ ਛੋਡ ਦਾਸੀ ਕਉ ਸਿਮਰਹਿ, ਮਨਮੁਖ ਅੰਧ ਅਗਿਆਨਾ। (ਕਬੀਰ)

(੯) ਭੈਰਉ ਭੂਤ ਸੀਤਲਾ ਧਾਵੈ॥ ਖਰ ਬਾਹਨ ਉਹ ਛਾਰ ਉਡਾਵੈ ਹਉ ਤਉ ਏਕ ਰਮਈਆ ਲੈਹਉ ॥ ਆਨ ਦੇਵ ਬਦਲਾਵ ਨ ਦੈਹਉ ॥ ਸਿਵ ਸਿਵ ਕਰਤੇ ਜੋ ਨਰ ਧਿਆਵੈ ॥ ਬਰਦ ਚਢੇ ਡਉਰੂ ਡਮਕਾਵੈ ॥ "ਮਹਾਂ ਮਾਈ" ਕੀ ਪੂਜਾ ਕਰੈ ॥ ਨਰ ਸੇ ਨਾਰਿ ਹੋਇ ਅਉਤਰੈ ॥ ਤੂ ਕਹੀਅਤ ਹੀ ਆਦਿ ਭਵਾਨੀ। ਮੁਕਤ ਕੀ ਬਰੀਆ ਕਹਾਂ ਛਪਾਨੀ ॥ ਗੁਰਮਤ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥ (ਰਾਗ ਗੋਂਡ)

(੧੦) ਨਾਰਦ ਸਾਰਦ (ਸਾਰਸ੍ਵਤੀ)ਸੇਵਕ ਤੇਰੇ॥ ਤ੍ਰਿਭਵਨ ਸੇਵਕ ਵਡਹੁ ਵਡੇਰੇ ॥ (ਮਾਰੂ ਮ: ੧)

(੧੧) ਕੋਟਿ ਸੂਰ ਜਾਕੈ ਪਰਗਾਸ। ਕੋਟਿ ਮਹਾਂਦੇਵ ਅਰ ਕਬਿਲਾਸ, ਦੁਰਗਾ ਕੋਟਿ ਜਾਕੈ ਮਰਦਨ ਕਰੈ।ਬ੍ਰਹਮਾਂ ਕੋਟਿ ਬੇਦ ਉਚਰੈ, ਜਉ ਜਾਚਉ ਤਉ ਕੇਵਲ ਰਾਮ । ਆਨ ਦੇਵ ਸਿਉ ਨਾਹੀ ਕਾਮ ॥ (ਰਾਗ ਭੈਰਉ)

(੧੨) ਸਗਲ-ਪਰਾਧ ਏਕ ਗੁਣ ਨਾਹੀ ਠਾਕੁਰ ਛੋਡਹਿ ਦਾਸਿ ਭਜਹੁ ॥ (ਰਾਗਸਾਰੰਗ)

ਇਸੀ ਪ੍ਰਕਾਰ ਹੋਰ ਸੈਂਕੜੇ ਪ੍ਰਮਾਣ ਗੁਰਬਾਣੀ ਵਿਚ ਦੇਵੀ ਦੇਵ-ਤਿਆਂ ਦੇ ਖੰਡਨ ਸਬੰਧੀ ਮੌਜੂਦ ਹਨ ॥

ਸੋ ਜਦ ! "ਭਰਮੇ ਸੁਰ ਨਰ ਦੇਵੀ ਦੇਵਾ ॥ ਕਾਲ ਨ ਛੋਡੈ ਬਿਨ ਗੁਰ ਕੀ ਸੇਵਾ" ਦਾ ਸਪਸ਼ਟ ਹੁਕਮ ਹੈ, ਫਿਰ ਸਤਿਗੁਰਾਂ ਵਲੋਂ ਮਨਮੁਖ ਹੋਕੇ ਕਿਉਂ ਰੋਗ ਨੂੰ ਵਧਾਇਆ ਜਾਂਦਾ ਹੈ ਤੇ ਇਸ ਨੂੰ ਇਕ ਦਮ ਪੁੱਟਕੇ ਕਿਉਂ ਖਾਰੇ ਸਮੁੰਦਰ ਵਿਚ ਨਹੀਂ ਸੁੱਟਿਆ ਜਾਂਦਾ,ਖਾਲਸਾ ਮਿਸ਼ਨ ਅਗੇ ਦੇਵੀ ਤਾਂ ਕਿਸ ਦੀ ਵਿਚਾਰੀ ਹੈ। ਸਤਿਗੁਰਾਂ ਨੇ ਮੁਖ ਮੰਨੇ ਗਏ ਹਿੰਦੂ-ਦੇਵਤਿਆਂ ਦੀ ਬਾਬਤ ਭੀ ਸਾਫ ਲਿਖਾ ਹੈ। ਯਥਾ:-

ਬ੍ਰਹਮ ਮਹੇਸ਼ਰ ਬਿਸ਼ਨ ਸਚੀਪਤਿ,
ਅੰਤ ਫਸੇ ਯਮ ਫਾਸ ਪਰੈਂਗੇ।

ਪੁਨਾ:-

ਮੈਂ ਨ ਗਨੇਸ਼ਯ ਪ੍ਰਿਥਮ ਮਨਾਊ।
ਕ੍ਰਿਸ਼ਨ ਬਿਸ਼ਨ ਕਬਹੂੰ ਨ ਧਿਆਊ।

ਏਨ੍ਹਾ ਸ਼ਬਦਾਂ ਤੋਂ ਪ੍ਰਗਟ ਹੈ, ਕਿ ਬ੍ਰਹਮਾਂ,ਵਿਸ਼ਨ, ਸ਼ਿਵ, ਇੰਦ੍ਰ ਆਦਿ ਸਭ ਜਮਾਂ ਦੀ ਫਾਹੀ ਵਿਚ ਭਰਮੇ ਫਿਰਦੇ ਹਨ ਅਤੇ ਸਤਿਗੁਰੂ ਜੀ ਕ੍ਰਿਸ਼ਨ, ਬਿਸ਼ਨ, ਗਣੇਸ਼ ਆਦਿਕ ਦੇ ਧਿਆਉਣ

ਸੰਬੰਧੀ ਦੇਵਤਿਆਂ ਦੀ ਪੂਜਾ, ਅਕਾਲ—ਪੂਜਾ ਨੂੰ ਛਡਕੇ, ਕਦੇ ਭੀ ਦੱਸਨ ਲਈ ਤਿਆਰ ਨਹੀਂ। ਸੋ "ਭਗਉਤੀ ਭਗਤ" ਖਾਲਸਾ ਵੀਰ ਦਸਣ ਜੋ ਉਨਾਂ ਦੇ ਕੋਲ ਭਗਉਤੀ ਅਗੇ ਅਰਦਾਸਾ ਕਰਨ ਦਾ ਕੇਹੜਾ ਪ੍ਰਮਾਣ ਹੈ ਅਤੇ ਸਤਿਨਾਮੁ ਸਿਮਰਨ ਕਰਨ ਵਿਚ ਕੀ ਉਜਰ ਹੈ?

"ਪੰਚ ਖਾਲਸਾ ਦੀਵਾਨ" ਨੇਂ "ਦਸਮ ਗੁਰੁਗਿਰਾ ਪ੍ਰਕਾਸ਼" ਤੇ "ਦਸਮ ਗ੍ਰੰਥ ਨਿਰਣਯ" ਆਦਿ ਗ੍ਰੰਥਾਂ ਦ੍ਵਾਰਾ ਬਹੁਤ ਸਾਰੀ ਖੋਜ ਭਾਲ ਕਰਕੇ ਖਾਲਸਾ ਪੰਥ ਦੇ ਪੇਸ਼ ਕਰ ਦਿਤੀ ਹੈ। ਜਿਸਦਾ ਮੂਲ "ਖਾਲਸਾ ਰਹਿਤ ਪ੍ਰਕਾਸ਼" ਦੇ ਭੁਲੇਵਾਂ ਨੰਬਰ ੮ ਵਿਚ ਦਰਜ ਹੈ। ਇਸੀ ਖੋਜ ਦੇ ਸਿਲਸਿਲੇ ਵਿਚ ਏਹ ਪੂਰਨ ਨਿਰਣਯ ਕੀਤਾ ਗਿਆ ਹੈ ਕਿ ਚੰਡੀ ਚਰਿਤ੍ਰ ਉਕਤ ਬਿਲਾਸ ਚੰਡੀ ਚਰਿਤ੍ਰ ਦੂਜਾ ਅਤੇ ਚੰਡੀ ਦੀ ਵਾਰ ਇਹ ਸਭੇ ਦਸਮ ਪਾਤਸ਼ਾਹ ਜੀ ਦੀ ਰਚਨਾ ਨਹੀਂ, ਬਲਕਿ ਮਾਰਕੰਡੇ ਪੁਰਾਣ ਦੇ ਚੌਧਵੇਂ ਅਧਿ-ਆਇ ਵਿਚੋਂ ੮੧ ਤੋਂ ੯੪ ਅੰਕ ਤਕ ਤਰਜਮਾ (ਉਲਥਾ) ਹੈ ਏਹ ਸਲੋਕ ਕੁਲ ੭੦੦ ਮ੍ਰਿਗਕੁੰਡ ਰਿਸ਼ੀ ਦੇ ਸਪੁਤ੍ਰ ਮਾਰਕੰਡਯਰਿਖੀ ਕ੍ਰਿਤ ਹਨ। ਉਸ ਪੁਸਤਕ ਦੇ ਤੇਰਾਂ ੧੩ ਅਧਿਆਵਾਂ ਦਾ ਪ੍ਰਸਿਧ ਨਾਮ ਦੁਰਗਾ—ਸਪਤਸ਼ਤੀ ਹੈ। ਇਸੇ ਨੂੰ ਦੁਰਗਾ-ਪਾਠ ਆਖਦੇਹਨ। ਚੰਡੀ ਚਰਿਤ੍ਰ ਤੇ ਚੰਡੀ ਦੀ ਵਾਰ ਇਸੇ ਦਾ ਉਲਥਾ ਹੈ॥

ਜਿਸਤਰਾਂ ਰਾਮਾਇਣ ਦੇ ਆਧਾਰ ਤੇ ਪੰਡਿਤ ਹਿਰਦਾਰਾਮ ਨੇ ਹਨੂਮਾਨ ਨਾਟਕ ਗ੍ਰੰਥ ਇਕ ਕਵਿਤਾ ਕਟਾਖਜ ਪੂਰਬਕ ਰਚਿਆ ਹੈ, ਇਸੀ ਪਰਕਾਰ ਏਹ ਭੀ ਚੰਡੀ ਚਰਿਤ੍ਰ ਤੇ ਚੰਡੀ ਵਾਰ ਆਦਿ ਰਚਨਾ ਕਵੀਆਂ ਨੇ ਕੀਤੀਆਂ ਹਨ। ਇਨ੍ਹਾਂ ਦਾ ਭਾਵ ਹਿੰਦ ਵਾਸੀਆਂ ਨੂੰ ਦਸਨਾ ਸੀ ਕਿ ਜਦ ਤੁਹਾਡੀਆਂ ਇਸਤ੍ਰੀਆਂ ਐਨੀਆਂ ਜੋਧਾ ਤੇ ਬਲੀ ਸਨ ਜਿਨਾਂ ਨੇ ਵਡੇ ੨ ਜੰਗ ਕਰਕੇ ਸ਼ਤ੍ਰੂਆਂ ਦਾ ਨਾਸ ਕੀਤਾ ਤੇ ਸ਼ਾਂਤੀ ਫੈਲਾਈ, ਤਦ ਤੁਸੀ ਕਜੋਂ ਨਿਘਰੇਂਦੇ ਜਾਂਦੇ ਹੋ। ਉਲਥੇ ਤਦੇ ਕਰਵਾਏ ਜੋ ਦੇਸ ਵਾਸੀਆਂ ਨੂੰ ਆਪਨੀ ਕਾਇ-ਰਤਾ ਪਰ ਸ਼ਰਮ ਆਵੇ ਅਤੇ ਦੇਸ ਦੇ ਗਏ ਗੁਜਰੇ ਪ੍ਰਾਕ੍ਰਮ ਨੂੰ

ਮੁੜ ਸੰਭਾਲ ਲੈਣ। ਪੁਨਃ ਬੀਰਰਸ ਦੇ ਐਸੇ ਪ੍ਰਸੰਗਾਂ ਦ੍ਵਾਰਾ ਪੰਜਾਬੀ ਲਿਟਰੇਚਰ ਨੂੰ ਵਧਾਇਆ। ਏਹ ਤਰਜਮੇਂ ਦਸਮ ਪਾਤ-ਸ਼ਾਹ ਜੀ ਦੇ ਦਰਬਾਰੀ ਕਵੀਆਂ ਨੇ ਕੀਤੇ। ਗੁਰਬਾਣੀ ਸਿਧਾਂਤ ਤੋਂ ਕਈਕ ਅਗਿਆਤ ਵੀਰ ਇਸ ਉਲਥੇ ਰੂਪ ਕਵਿਤਾ ਨੂੰ ਮੁਕਤਿ ਭੁਗਤਿ ਦਾਤੀ (ਗੁਰਬਾਣੀ) ਮੰਨਕੇ ਐਸੇ ਸਰਧਾਲੂ ਬਣ ਗਏ ਹਨ ਕਿ ਇਸਦੇ ਪਾਠ ਨੂੰ ਖਾਲਸਾ ਨਿਤਨੇਮ ਦੇ ਪਾਠ ਨਾਲੋਂ ਸ੍ਰੇਸ਼ਟ ਸਮਝਕੇ ਕਰਦੇ ਹਨ। ਇਸ ਹਿੰਦੂ ਮਤ ਰਚਨਾ ਵਿਚੋਂ

ਫੇਰ ਨ ਜੂਨੀ ਆਇਆ ਜਿਨ ਏਹ ਗਾਇਆ।

ਪੁਨਾ—

ਜਾਹਿ ਨਮਿਤ ਪੜ੍ਹੈ ਸੁਨ ਹੈ ਨਰ ਸੋ ਨਿਸਚੈ ਕਰ ਤਾਹਿ ਦਈ ਹੈ। ਆਦਿ ਪਾਠ ਪੜ੍ਹਕੇ ਛਾਲਾਂ ਮਾਰਨ ਲਗ ਜਾਂਦੇ ਹਨ। ਪਰ ਤਿਨਾਂ ਕਦੇ ਏਹ ਨਹੀਂ ਵਿਚਾਰਿਆ ਕਿ ਇਹ ਉਪਮਾ ਅਸਲੀ ਗ੍ਰੰਥ ਦਾ ਉਲਥਾ ਹੈ, ਜਾਂ ਸਤਿਗੁਰੂ ਜੀ ਦਾ ਨਿਜ ਕਥਨ ਹੈ? ਭੋਲੇ ਵੀਰਨਾਂ ਨੂੰ ਪਤਾ ਨਹੀ ਕਿ ਇਹ ਤਾਂ ਕੇਵਲ ਦੇਵੀ ਦੇ ਜੰਗ ਯੁਧ ਦਾ ਪ੍ਰਸੰਗ ਹੈ। ਦੇਵੀ ਨੇ ਕਈ ਯੁਧ ਕੀਤੇ ਜਿਸ ਕਰਕੇ ਪ੍ਰਸੰਗ ਅਨੁਸਾਰ ਇਸਦੇ ਕਈ ਹਿੱਸੇ ਬਨਾਏ। ਪੈਹਲੇ, ਦੂਜੇ ਤੇ ਤੀਜੇ ਹਿਸੇ ਵਿਚ ਚੰਡੀਦੀਜਿੱਤ ਦੀ ਵਾਰ ਹੈ ਜੋ ਸਮੁਚੀ ਉਪਮਾ ਹੈ। ਕਵਿਤਾਂ ਨੂੰ ਅਲੰਕਾਰਾਂ ਅਨੁਸਾਰ ਵਧਾਨਾ ਕਵੀਆਂਦਾ ਕੰਮ ਹੀ ਹੁੰਦਾ ਹੈ। "ਜੈਸਾ ਪੰਡਤ ਹਿਰਦਾਰਾਮ ਕਵੀਰਾਜਨੇ ਲਿਖਾ ਹੈ—ਕੌਨ ਸਿਖ ਦੀਨੀ ਤੋਹਿ, ਤਾਕੋ ਤੂੰ ਬਤਾਇ ਮੋਹਿ, ਓਠਨ ਚਬਾਇ ਓਰ, ਦੇਖੈ ਰਾਮਚੰਦ ਕੀ। ਰਾਤੇ ਕਰ ਨੈਨ, **ਧੂਰ ਨਾਕ ਤੇ ਸੁਸਾਇ ਤੈਨ, ਰੋਕਯੋ ਨਾਕ ਜਾਇ ਤਹਾਂ ਸੂਰਜੋਤ ਮੰਦ ਕੀ॥** (ਹਨੂਮਾਨ ਨਾਟਕ ਅੰਕ੧੧)

ਇਸ ਕਵਿਤਾ ਦਾ ਭਾਵ ਇਹ ਹੈ ਕਿ ਜਦ ਪਰਸਰਾਮ ਬ੍ਰਾਹਮਣ ਨੇ ਕੁਹਾੜਾ ਪਕੜਕੇ ਛੱਤਰੀ ਨਾਸ ਕੀਤੇ ਸਨ, ਸ੍ਰੀ ਰਾਮ ਚੰਦ੍ਰ ਨੂੰ ਭੀ ਸੀਤਾ ਬਿਆਹੀ ਲਈ ਔਂਦੇ ਨੂੰ ਰਸਤੇ ਵਿਚ ਘੇਰ ਲਿਆ

ਉਸ ਸਮੇਂ ਬੁਲਾਂ ਨੂੰ ਚਬਾਕੇ ਐਸਾ ਗੁਸੇ ਤੋਂ ਬਾਹਰ ਹੋਇਆ ਕਿ ਨਾਸਾਂ ਦੇ ਵਿਚੋਂ ਗੁਸੇ ਦੀ ਸੂਕ ਦੇ ਧੂਏਂ ਨੇ ਅਸਮਾਨ ਵਿਚ ਫੈਲਕੇ ਸੂਰਜ ਦੀ ਰੋਸ਼ਨੀ ਢਕ ਦਿਤੀ ॥

ਹੁਣ ਜ਼ਰਾ ਵੀਚਾਰ ਦੀ ਅਖਾਂ ਨਾਲ ਦੇਖੋ ਕਿ ਸੂਰਜਨੂੰਨੱਕ ਦੀ ਸੂਕ ਨਾਲ ਢਕਣਾਂ ਕਵੀ ਵਲੋਂ ਉਪਮਾਂ ਹੈ ਜਿਸਤੋਂ ਪਰਸਰਾਮ ਦਾ ਕੇਵਲ ਵਧੀਕ ਗੁਸੇ ਹੋਣਾ ਸਾਬਤ ਹੈ,ਜੋ ਸਭੋ ਕਵਿਤਾ ਪੂਰਤੀ ਦਾ ਅਲੰਕਾਰ ਹੈ"

ਅਗੇ ਨਮੂਨੇ ਮਾਤ੍ਰ ਚੰਡੀ ਚਰਿਤ੍ਰ ਵਿਚੋਂ ਪੜ੍ਹੋ—

ਯਥਾ ਚੰਡੀ ਚਰਿਤ੍ਰ ਨੰ: ੧ ਅਥ ਚੰਡੀ ਚਰਿੱਤ੍ਰ ਉਕਤ ਬਿਲਾਸ ॥

ਦੋਹਿਰਾ॥ ਕ੍ਰਿਪਾਸਿੰਧ ਤੁਮਰੀ ਕ੍ਰਿਪਾ ਜੋ ਕੁਛ ਮੋ ਪਰ ਹੋਇ ।
ਰਚੋਂ ਚੰਡਕਾ ਕੀ ਕਥਾ ਬਾਣੀ ਸੁਭ ਸਭ ਹੋਇ ॥ ੨ ॥
ਜੋਤ ਜਗਮਗੈ ਜਗਤ ਮੈਂ ਚੰਡ ਚਮੰਡ ਪਰਚੰਡ ।
ਭੁਜ ਦੰਡਨ, ਦੰਡਨ ਅਸੁਰ ਮੰਡਨ ਭੁਇ ਨਵਖੰਡ ॥ ੩ ॥

ਸਵੈਯਾ—

ਤਾਰਨ ਲੋਕ ਉਧਾਰਨ ਭੂਮਹਿ, ਦੈਂਤ ਸੰਘਾਰਨ ਚੰਡ ਤੁਹੀ ਹੈ ।
ਕਾਰਨ ਈਸ ਕਲਾਕਮਲਾ, ਹਰਿ ਆਦ੍ਰਸੁਤਾ, ਜਹ ਦੇਖੋ ਉਹੀ ਹੈ ।
ਤਾਮਸਤਾ ਮਮਤਾ ਨਮਤਾ, ਕਵਿਤਾ ਕਵਕੇ ਮਨ ਮਧ ਗੁਹੀ ਹੈ ।
ਕੋਨੋ ਹੈ ਕੰਚਨ ਲੋਹ ਜਗਤ੍ਰ ਮੈ, ਪਾਰਸ ਮੂਰਤ ਜਾਹਿ ਛੂਹੀ ਹੈ ।
ਹਰ ਸੋਇ ਰਹੇ ਸਜ ਸੈਨ ਤਹਾਂ ।
ਜਲ, ਜਾਲ ਕਰਾਲ ਬਿਸਾਲ ਜਹਾਂ ।
ਭਯੋ ਨਾਭ ਸਰੋਜ ਤੇ ਬਿਸ਼ ਕਰਤਾ ।
ਸੁਤਮੈਲ ਤੇ ਦੈਤ ਰਚੇ ਜਗਤਾ ॥ ੮ ॥
ਮਧ ਕੈਟਭ ਨਾਮ ਧਰੇ ਤਿਨਕੇ ।
ਅਤਿ ਦੀਰਘ ਦੇਹ ਭਏ ਜਿਨ ਕੇ ।
ਤਿਨ ਦੇਖ ਲਕੇਸ ਡਰਿਓ ਹੀਅ ਮੈਂ ।
ਜਗ ਮਾਤ ਕੋ ਧਿਆਨ ਧਰਿਓ ਜੀਅ ਮੈਂ।ਆਦਿ:—
ਜੁਧ ਕਰਿਓ ਤਿਨ ਸੋ ਭਗਵੰਤ,ਨਾ ਮਾਰ ਸਕੈ ਅਤਿ ਦੈਤ ਬਲੀਹੈ।
ਸਾਲ ਭਏ ਤਿਨ ਪੰਚ ਹਜ਼ਾਰ, ਦੁਹੂੰ ਲਰਤੇ ਨਹਿ ਬਾਹਿ ਟਲੀ ਹੈ ।

ਇਤ ਸ੍ਰੀ ਮਾਰਕੰਡੇ ਪੁਰਾਨੇ ਸ੍ਰੀ ਚੰਡੀ ਚਰਿਤ੍ਰ ਉਕਤ ਬਿਲਾਸ ਮਧ ਕੈਟਭ ਬਧਹਿ ਪ੍ਰਿਥਮ ਧਿਆਇ ॥

ਉਪਰ ਲਿਖੀ ਕਵਿਤਾ ਇਸੇ ਵਾਸਤੇ ਲਿਖੀ ਹੈ ਕਿ ਆਪ ਨੂੰ ਇਸਦੀ ਅਸਲੀਅਤ ਪ੍ਰਗਟ ਹੋ ਜਾਵੇ, ਉਕਤ ਕਵਿਤਾ ਦਾ ਸਮੁਚਾ ਭਾਵ ਇਹ ਹੈ, ਪੈਹਲੇ ਦੋਹਰੇ ਵਿਚ ਕਵੀ ਵਲੋਂ ਚੰਡੀ ਚਰਿੱਤ੍ਰ ਦੇ ਰਚਨ ਦੀ ਯਥਾ ਯੋਗ ਯਾਚਨਾਂ ਕੀਤੀ ਗਈਹੈ,ਤੇ ਫਿਰ ਚੰਡੀ ਦਾ ਯਸ ਕਰਕੇ ਹਿੰਦੂ ਮਤ ਅਨੁਸਾਰ ਵਿਸ਼ਨੂ ਜੀ ਦਾ ਖੀਰ-ਸਮੁੰਦਰ ਵਿਚ ਬਿਰਾਜਨਾ ਦਸਕੇ ਮਧੁਕੈਟਭ ਆਦਿ ਦੈਂਤਾਂ ਦੇ ਜੁਧ ਦਾ ਜ਼ਿਕਰ ਹੈ। ਜਿਨਾਂ ਨੇ ਦੇਵਤਿਆਂ ਨੂੰ ਜਿਤ ਲਿਆ ਸੀ ਤੇ ਚੰਡਕਾ ਨੇ ਓਨਾਂ ਦੈਂਤਾਂ ਨੂੰ ਫਤੇ ਕਰਕੇ ਮੁੜ ਦੇਵਤਿਆਂ ਦਾ ਰਾਜ ਅਸਥਾਪਨ ਕੀਤਾ। ਸੋ ਇਹ ਪ੍ਰਸੰਗ ਚੰਡੀ ਚਰਿਤ੍ਰ ਉਕਤ ਬਿਲਾਸ ਵਿਚ ਦਰਜ ਹੈ ॥

ਇਸਤੋਂ ਬਿਨਾਂ ਉਤਲੀ ਕਵਿਤਾ ਅੰਤਮ ਪ੍ਰਸੰਗ ਅਨੁਸਾਰ ਪ੍ਰਗਟ ਹੈ ਜੋ ਸਭੇ ਹਾਸੇ ਵਾਲੀਆਂ ਗਲਾਂ ਹਨ, ਯਥਾ–ਤਿਨਾਂ ਦੈਂਤਾਂ ਦਾ ਬਲ ਇਤਨਾ ਵਧ ਗਿਆ ਕਿ ਦੇਵਤੇ ਦੁਖੀ ਭਏ ਤਿਨਾਂ ਪਾਸੋਂ ਬ੍ਰਹਮਾ ਆਦਿ ਦੇਵਤੇ ਸਭ ਡਰ ਗਏ। ਵਿਸ਼ਨੂ ਭੀ ਤਿਨਾਂ ਨੂੰ ਮਾਰ ਨਾ ਸਕਿਆ। ਕਿਆ ਅਸਚਰਜ ਹੈ।ਹਿੰਦੂਆਂਦੇਰੱਬ ਨੇ ਕੰਨਾਂ ਦੀ ਮੈਲ ਤੋਂ ਰਾਖਸ਼ ਰਚ ਕੇ ਆਪੇ ਬਖੇੜਾ ਖੜਾ ਕੀਤਾ। ਏਥੇ ਬ੍ਰਹਮਾਂ ਵਿਸ਼ਨੂੰ ਆਦਿ ਦੀ ਭੀ ਚੰਗੀ ਭੁਗਤ ਸਵਾਰੀ ਹੈ ਜੋ ਆਪੇ ਦੈਤ ਰਚਕੇ ਫਿਰ ਮਾਰ ਨਾ ਸਕਿਆ। ਅੰਤ ਨੂੰ ਦੇਵੀ ਦੀ ਸ਼ਰਨ ਲੈਕੇ ਦੈਤਾਂ ਤੋਂ ਛੁਟਕਾਰਾ ਪਾਇਆ। ਅਗੇ ਸਾਫ ਦਸਿਆ ਹੈ ਕਿ ਏਹ ਸਭ ਮਾਰਕੰਡੇ ਪੁਰਾਣ ਦੀ ਕਥਾ ਦਾ ਉਲਥਾ ਹੈ।

ਹੁਣ ਪਾਠਕ ਜਨ ਸੋਚਨ ਕਿ ਚੰਡੀ ਚਰਿਤ੍ਰ ਕੀ ਚੀਜ ਹੈ। ਸਾਫ ਹੀ ਪ੍ਰਗਟ ਹੈ ਕਿ ਇਹ ਇਕ ਯੁੱਧ ਦੀ ਕਥਾ ਹੈ। ਸਾਨੂੰ ਏਥੇ ਕਿਸੇ ਨੂੰ ਝੂਠੇ ਸਚੇ ਕਰਨ ਦੀ ਲੋੜ ਨਹੀਂ ਪਰ "ਇਤ ਸ੍ਰੀ ਮਾਰ-ਕੰਡਯ ਪੁਰਾਣੇ ਸ੍ਰੀ ਚੰਡੀ ਚਰਿਤ੍ਰ ਉਕਤ ਬਿਲਾਸੇ ਮਧ ਕੈਟਭ ਬਧਹਿ ਪ੍ਰਿਥਮ ਧਿਆਇ" ਆਦਿਕ ਲੇਖ ਨੂੰ ਪੜ੍ਹਕੇ 'ਚੰਡੀ ਦੀ

ਵਾਰ' ਨੂੰ ਗੁਰੁਬਾਣੀ ਦਸਣ ਵਾਲੇ ਜਰੂਰ ਸ਼ਰਮ ਕਰਨਗੇ। ਫਿਰ ਲਿਖਿਆ ਹੈ "ਬਹੁਰ ਭਇਓ ਮਹਖਾਸੁਰ" ਭਾਵ ਮਹਖਾਸੁਰ ਹੋਯਾ ਜਿਸਨੇ ਜੁਧ ਕੀਤਾ;ਤੇ ਫੇਰ ਸੁੰਭ ਨਿਸੁੰਭ ਦੈਤਾਂ ਦਾ ਬਲ ਵਧ ਗਿਆ ਤੇ ਦੇਵਤੇ ਦੇਵੀ ਤੋਂ ਸਹੈਤਾ ਲੈਣ ਖਾਤਰ ਸ਼ਿਵ ਪਾਸ ਗਏ, ਜਿਸਤੋਂ ਦੇਵੀ ਸ਼ਿਵਜੀ ਦੀ ਘਰਵਾਲੀ ਪਾਰਬਤੀ ਜਾਪਦੀ ਹੈ, ਕਿਉਂਕਿ ਅੰਤ ਪਰ ਕਵੀ ਨੇ ਲਿਖਿਆ ਹੈ:-

ਦੇਹ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ। ਇਸ ਪ੍ਰਸੰਗ ਵਿਚ ਸੁੰਭ ਨਿਸੁੰਭ ਨੇ ਰਣ ਜਿਤਕੇ ਇੰਦ੍ਰ ਭਜਾ ਦਿਤਾ, ਇੰਦ੍ਰ ਰਾਜਾ ਕਈ ਵਿਦ੍ਵਾਨਾਂ ਨੇ ਹਮਾਲੇ ਪਰਬਤ ਦੇ ਇਰਦ ਗਿਰਦ ਰਾਜਧਾਨੀ ਵਾਲੇ ਇਕ ਪੁਰਾ-ਤਨ ਰਾਜੇ ਨੂੰ ਦਸਿਆ ਹੈ,ਤੇ ਦੇਵੀ ਉਸਦੀ ਕਵਾਰੀ ਸਪੁਤਰੀ ਦਸੀ ਹੈ। ਫਿਰ ਛੰਤ ੭੪ ਵਿਚ ਲਿਖਾ ਹੈ, "ਭਾਲ ਕੋ ਫੋਰਕੈ ਕਾਲੀ ਭਈ" ਭਾਵ ਚੰਡੀ ਨੇ ਮਥੇ ਵਿਚੋਂ ਕਾਲੀ ਦੇਵੀ ਨਿਕਾਲੀ, ਇਸ ਪ੍ਰਕਾਰ ਜੁਧ ਵਿਚ ਉਸ ਵਿਚੋਂ ਇਕ ਹੋਰ ਲੜਕੀ (ਔਰਤ ਜਾਮੇ) ਦਾ ਪੈਦਾ ਹੋਣਾ ਕੁਆਰੀ ਸਾਬਤ ਨਹੀਂ ਕਰਦਾ, ਫਿਰ ੭੮ ਅੰਕ ਵਿਚ ਇੰਦ੍ਰ ਉਸ ਨੂੰ "ਇੰਦ ਕਹਿਓ ਅਬ ਢੀਲ ਬਨੇ ਨਹਿ ਮਾਤ" ਮਾਤਾ ਜੀ ਕਰਕੇ ਪੁਕਾਰਦਾ ਹੈ। ਫਿਰ ਚੰਡੀ ਦਾ ਇਕ ਪਹਾੜ ਸਮੇਰ ਪਰ ਚੜ੍ਹਨਾ ਲਿਖਾ ਹੈ, "ਐਸਿ ਸ੍ਰਿੰਗ ਸਮੇਰ ਕੋ ਸੋਭਤ ਚੰਡ ਪ੍ਰਚੰਡ" ਫਿਰ ਉਥੇ ਇਕ ਦੈਤ ਆਯਾ ਜੋ ਚੰਡੀ ਦਾ ਰੂਪ ਦੇਖਕੇ ਮੋਹਤ ਹੋਗਿਆ ਯਥਾ:-

"ਕਿਸੀ ਕਾਜ ਕੋ ਦੈਤ ਆਇਓ ਹੈ ਤਹਿ ਠਾਇ।
ਨਿਰਖ ਰੂਪ ਬਰ ਚੰਡਕੋ ਗਿਰਿਓ ਮੂਰਛਾ ਖਾਇ।"

ਉਸਨੇ ਚੰਡੀ ਅਗੇ ਹਥ ਜੋੜਕੇ ਬੇਨਤੀ ਕਰੀ। ਯਥਾ:-

"ਉਠ ਸੰਭਾਰ ਕਰ ਜੋਰਕੈ ਕਹੀ ਚੰਡ ਸੋਂ ਬਾਤ॥
ਨ੍ਰਿਪਤਿ ਸੁੰਭ ਕੋ ਭ੍ਰਾਤ ਹੌਂ ਕਹਯੋ ਬਚਨ ਸੁਕਚਾਤ ॥੮੨॥
ਤੀਨ ਲੋਕ ਜਿਨ ਬਸਿ ਕੀਏ ਅਤਿ ਬਲ ਭੁਜਾ ਅਖੰਡ।
ਐਸੋ ਭੂਪਤਿ ਸੁੰਭ ਹੈ ਤਾਹਿ ਬਰੋ ਬਰਿ ਚੰਡ। * * *

ਭਾਵ ਹੇ ਚੰਡੀ (ਦੇਵੀ)! ਤੂੰ ਰਾਜੇ ਸੁੰਭ ਨਾਲ ਬਿਆਹ ਕਰ-ਵਾ ਲੈ। ਅਗੋਂ ਦੇਵੀ ਨੇ ਉਤਰ ਦਿਤਾ।

ਯਥਾ:—"ਸੁਨਿ ਰਾਕਸ ਕੀ ਬਾਤ ਕੋ ਦੇਵੀ ਉਤਰ ਦੀਨ॥
ਜੁਧ ਕਰੈ ਬਿਨ ਨਹਿ ਬਰੈ ਸੁਨਹੁ ਦੈਤ ਮਤ ਹੀਨ॥"

ਦੇਵੀ ਨੇ ਕਿਹਾ ਮੈਂ ਸੁੰਭ ਨਾਲ ਜੁਧ ਕਰਕੇ ਸੂੰਬਰ ਬਿਆਹ ਕਰਾਵਾਂਗੀ, ਐਵੇਂ ਨਹੀਂ। ਫਿਰ ਅਗੇ ਰਾਜੇ ਸੁੰਭ ਪਾਸ ਉਸ ਸੂਹੀਏ ਦੈਂਤ ਨੇ ਦੇਵੀ ਦੀ ਸੂਰਤ ਦੀ ਤਾਰੀਫ ਭੀ ਦੱਸੀ ਹੈ।

ਯਥਾ—'ਹਰ ਸੋ ਮੁਖ ਹੈ, ਹਰਿਤੀ ਦੁਖ ਹੈ, ਅਲਕੈ ਹਰ ਹਾਰ ਪ੍ਰਭਾ ਹਰਨੀ ਹੈ। ਲੋਚਨ ਹੈ ਹਰਿ ਸੇ, ਸਰਸੇ ਹਰਿ ਸੇ, ਭਰੁਟੇ ਹਰਿਸੀ ਬਰਨੀ ਹੈ। ਆਦਿ ਪੁਨਾ:—

ਕਬਿਤ:—"ਮੀਨ ਮੁਰਝਾਨੇ, ਕੰਜ ਖੰਜਨ ਖਿਸਾਨੇ, ਅਲਿ ਫਿਰਤ ਦਿਵਾਨੇ, ਬਨ ਡੋਲੈ ਜਿਤ ਤਿੱਤਹੀ। ਕੀਰ ਅਓ ਕਪੋਤ, ਬਿੰਬ ਕੋਕਲਾ ਕਲਾਪੀ ਬਨ ਲੂਟੈ ਫੂਟੈ ਫਿਰੈ ਮਨ ਚੈਨ ਹੂ ਨਾ ਕਿੱਤਹੀ। ਦਾਰਮ ਦਰਕ ਗਇਓ, ਪੇਖ ਦਰਸਨ ਕਿ ਪਾਂਤ, ਰੂਪ ਹੀ ਕੀ ਕ੍ਰਾਂਤ ਜਰਾ ਫੈਲ ਰਹੀ ਸਿੱਤ ਹੀ। ਐਸੀ ਗੁਨ ਸਾਗਰ ਉਜਾਗਰ ਸੁਨਾਗਰ ਹੈ, ਲੀਨੋ ਮਨ ਮੋਹੇ ਹਰ ਨੈਨ ਕੋਰ ਚਿੱਤ ਹੀ।

ਬਸ! ਇਸਦੇ ਅਰਥ ਦੇਵੀ ਦੇ 'ਭਗਉਤੀ—ਭਗਤ' ਹੀ ਕਰਨ ਜੋ ਇਸਨੂੰ ਗੁਰਬਾਣੀ ਆਖ ੨ ਕੇ, "**ਪ੍ਰਿਥਮ ਭਗ-ਉਤੀ** ਸਿਮਰ ਕੈ" ਨੂੰ ਜਫਾ ਮਾਰਨਾ ਚਾਹੁੰਦੇ ਹਨ। ਖਬਰੇ! **ਭਗਉਤੀ ਭਗਤ** ਉਪਰਲੀ ਕਵਿਤਾ ਪੜ੍ਹਦੇ ਹੋਏ ਤੇ ਸਾਫ ਚੰਡੀ—ਯਸ਼ ਦੇ ਕਵੀ ਦਾ ਸਮਾਪਤੀ ਲੇਖ:—

(ਇਤ ਸ੍ਰੀ ਮਾਰ ਕੰਡੇ ਪੁਰਾਣੇ ਸ੍ਰੀ ਚੰਡੀ ਚਰਿੱਤ੍ਰ, ਉਕਤ ਬਿਲਾਸ ਧੂਮਰ ਨੈਨ ਬਧਹਿ ਨਾਮ ਤ੍ਰਿਤੀਆ ਧਿਆਇ,) ਪੜ੍ਹ ਸੁਣਕੇ ਫਿਰ ਭੀ **ਮਾਰਕੰਡੇ** ਪੁਰਾਨ ਦਾ ਉਲਥਾ ਨਾ ਮੰਨਦੇ ਹੋਏ ਗੁਰਬਾਣੀ ੨ ਕਿਓਂ ਕੂਕੀ ਜਾਂਦੇ ਹਨ।

ਇਹ ਪ੍ਰਸੰਗ ੨੩੩ ਅੰਕਾਂ ਵਿਚ ਪੂਰਨ ਹੁੰਦਾ ਹੈ ਅਖੀਰ

ਭਾਵ ਲਿਖਿਆ ਹੈ:- ਕਉਤਕ ਹੇਤ ਕਰੀ ਕਵਿ ਨੇ ਸਤਿਸਯਾ ਕੀ ਕਥਾ ਇਹ ਪੂਰੀ ਭਈ ਹੈ। ਜਾਹਿ ਨਮਿਤ ਪੜ੍ਹੈ ਸੁਨਿ ਹੈ ਨਰ, ਸੋ ਨਿਸਚੈ ਕਰ ਤਾਹਿ ਦਈ ਹੈ।

ਦੋਹਰਾ

ਗ੍ਰੰਥ ਸਤਿੱਸਯਾ ਕੋ ਕਰਿਓ ਜਾਂ ਸਮ ਅਵਰ ਨ ਕੋਇ।
ਜਹਿ ਨਮਿਤ ਕਵ ਨੇ ਕਹਿਓ ਸੋ ਦੇਹਿ ਚੰਡਕਾ ਸੋਇ॥੨੩੩॥

ਹੁਣ ਜੇ ਕੋਈ ਖਾਲਸਾ ਭਾਈ ਅਖਾਂ ਮੀਚਕੇ ਇਸਨੂੰ ਗੁਰਬਾਣੀ ਹੀ ਕਹੀ ਜਾਵੇ, ਤਾਂ ਫਿਰ ਐਸੀ ਹਠ ਧਰਮੀ ਦਾ ਕਹਿਨਾ ਹੀ ਕੀ ਹੈ ?

ਇਸਤੋਂ ਅਗੇ ਚੰਡੀ ਚਰਿਤ੍ਰ ਦੂਜਾ ਅਰੰਭ ਹੈ। ਯਥਾ:-
ਮਹਿਖ ਦਈਤ ਸੂਰਯੰ। ਬਢਯੋ ਸੁ ਲੋਹ ਪੂਰਯੰ।
ਸਦੈਵ ਰਾਜ ਜੀਤਯੰ। ਤ੍ਰਿਲੋਕ ਰਾਜ ਕੀਤਯੰ।

ਏਹ ਮਹਿਖੇ ਤੇ ਸੁੰਭ ਨਿਸੁੰਭ ਦਾ ਜੁੱਧ ਹੈ ਫਿਰ ਧੂਮ੍ਰ ਨੈਨ ਨਾਮੀ ਦੈਤ ਦੇ ਜੁਧ ਦਾ ਜ਼ਿਕਰ ਹੈ-ਫਿਰ ੬੪ ਅੰਕ ਪਰ ਧੂਮ੍ਰ ਨੈਨ ਦੈਤ ਦੋਹਾਂ ਦੇ ਮਾਰਨ ਪਿਛੋਂ ਲਿਖਿਆ ਹੈ। ਦੋਹਰਾ:-

ਇਹ ਬਿਧ ਦੈਤ ਸੰਘਾਰ ਕਰ ਧਵਲਾ ਚਲੀ ਅਵਾਸ।
ਜੋ ਇਹ ਕਥਾ ਪੜੈ ਸੁਨੈ ਰਿੱਧਿ ਸਿੱਧਿ ਗ੍ਰਿਹਤਾਸ।

ਬਸ ! ਇਨਾਂ ਫਲਾਂ ਦੇ ਹੀ ਲਾਲਚ ਨੇ ਭ੍ਰਮ ਗਿਆਨੀਆਂ ਨੂੰ ਭਗਉਤੀ-ਭਗਤ ਬਨਾਇਆ ਹੈ। ਇਸਤੋਂ ਪਿਛੋਂ ਚੰਡ ਮੁੰਡ ਦੈਤ ਦਾ ਜੁਧ ਲਿਖਿਆ ਹੈ। ਅੰਕ ੨੨੨ ਵਿਚ ਫਿਰ ਲਿਖਿਆ ਹੈ ਕਿ "ਸੰਤ ਸਹਾਇ ਸਦਾ ਜਗ ਮਾਇ" ਫਿਰ ਦੇਵੀ ਦੀ ਉਸਤਤ ਐਸੀ ਕਰੀ ਹੈ ਮਾਨੋ ਅਕਾਲ ਪੁਰਖ ਹੁੰਦਾ ਹੀ ਕੁਛ ਨਹੀਂ। ਭਾਵ ਜੋ ਕੁਛ ਹੈ ਦੇਵੀ ਹੀ ਮੰਨੀ ਹੈ।

ਫਿਰ ਅੰਕ ੨੫੬ ਵਿਚ ਇਹ ਦਰਜ ਹੈ:-
ਸਬੈ ਸੰਤ ਉਬਾਰੀਯੰ ਬਯੂਹ ਦਾਤਾ।
ਨਮੋ ਤਾਰਣੀ ਕਾਰਣੀ ਲੋਕ ਮਾਤਾ।
ਨਮਸਤਯੰ ਨਮਸਤਯੰ ਨਮਸਤਯੰ ਭਵਾਨੀ।

ਸਦਾ ਰਾਖ ਲੈ ਮੁਹਿ ਕ੍ਰਿਪਾ ਕੈ ਕ੍ਰਿਪਾਲੀ।

ਇਹੋ ਉਸਤਤਿ ਹੈ ਜੋ ਕਈਆਂ ਨੂੰ ਮੋਹਿਤ ਕਰਕੇ ਸ਼ਕਤੀ ਆਦਿ ਅਰਥ ਕਰਨ ਲਈ ਭਰਮੌਂਦੀ ਹੈ। ਉਹ ਸੰਸੇ ਵਿਚ ਪੈ ਜਾਂਦੇ ਹਨ, ਮਤਾਂ ਕਿਤੇ ਕੋਈ ਸ਼ਕਤੀ ਹੀ ਹੋਵੇ। ਪ੍ਰੰਤੂ ਜੋ ਖਾਲਸਾ ਵੀਰ ਸਤਿਗੁਰਾਂ ਦਾ ਇਹ ਸ਼ਬਦ ਪੜ੍ਹਦੇ ਹਨ ਕਿ "ਇਕ ਬਿਨ ਦੂਸਰ ਸੋਂ ਨ ਚਿਨਾਰ" ਉਹ ਕਦ ਸ਼ਕਤੀਆਂ ਦੇ ਭਰਮਾਂ ਵਿਚ ਫਸਦੇ ਹਨ। ਇਹ ਸ਼ਕਤੀ ਜਾਲ ਤਾਂ ਕੇਵਲ ਭ੍ਰਮ ਗਿਆਨੀਆਂ ਲਈ ਹਊਆ ਹੈ ਤੇ ਪਖੰਡੀ ਪੰਡਤਾਂ ਲਈ ਰੁਜਗਾਰ ਹਿੱਤ ਠੱਗੀ ਦਾ ਮੈਹਕਮਾ ਹੈ। ਇਹ ਪ੍ਰਸੰਗ ੨੬੨ ਅੰਕ ਪਰ ਪੂਰਨ ਹੁੰਦਾ ਹੈ ਇਥੇ ਭੀ ਇਹੋ ਲਿਖਿਆ ਹੈ। ਯਥਾ:—

ਜੇ ਜੇ ਤੁਮਰੇ ਧਿਆਨ ਕੋ ਨਿਤ ਉਠ ਧਿਐਹੈ ਸੰਤ।
ਅੰਤ ਲਹੈਗੇ ਮੁਕਤ ਫਲ ਪਾਵੈਂਗੇ ਭਗਵੰਤ।

ਇਹ ਸਵੇਰੇ ਉਠਕੇ ਸੰਤਾਂ ਦਾ ਧਿਆਵਨਾ (ਸਿਮਰਨਾ) ਦੇਵੀ ਹੀ ਦਸੀ ਹੈ। ਅਕਾਲ ਪੁਰਖ ਦਾ ਦਰਵਾਜਾ ਬੰਦ ਹੈ। ਤਦੇ. ਤਾਂ "ਪ੍ਰਿਥਮ ਭਗਉਤੀ ਸਿਮਰਕੈ" ਕਹਿਣ ਵਾਲੇ ਭੁਲੜ ਖਾਲਸਾ ਵੀਰ "ਸਤਿਨਾਮੁ" ਸੁਣਦੇ ਨਹੀ, ਸ਼ਾਇਦ ਤਿਨ੍ਹਾਂ ਨੂੰ ਅਕਾਲ ਪੁਰਖ ਪਾਸ ਭਗਉਤੀ (ਦੇਵੀ) ਜਾਣ ਨਹੀਂ ਦਿੰਦੀ। ਉਪ੍ਰੰਤ ਵਾਰ ਸ੍ਰੀ ਭਗਉਤੀ ਜੀ ਕੀ ਹੈ। ਜਿਸ ਪਰ ਪਹਿਲੇ ਸ੍ਰੀ ਭਗਉਤੀ ਜੀ ਸਹਾਇ ਲਿਖਿਆ ਹੈ, ਅਤੇ ਇਥੇ ਹੀ "ਪ੍ਰਿਥਮ ਭਗਉਤੀ ਸਿਮਰਕੈ ਗੁਰੁ ਨਾਨਕ ਲਈ ਧਿਆਇ" ਦਰਜ ਹੈ । ਜਿਸ ਪਿਛੇ ਭਗਉਤੀ ਭਗਤ ਸਰਦਾਲੂ ਬਨੇ ਹੋਏ ਹਨ, ਕਿ ਇਸਦੇ ਅਰਥ ਕਿਵੇਂ ਤ੍ਰੋੜ ਮਰੋੜਕੇ ਅਕਾਲ ਪੁਰਖ ਦੇ ਹੀ ਸਿਧ ਕਰ ਦੇਈਏ। ਬਾਕੀ ਬਾਂਵੀਂ ਬੇਸ਼ਕ ਉਪਰ ਦੇ ਲਖ ਵਿਚ ਭੀ ਭਗਉਤੀ ਦੇ ਅਰਥ ਦੇਵੀ ਕਰ ਦੇਵੇ ਕਿਉਂਕਿ "ਗੁਰੁ ਨਾਨਕ ਲਈਂ ਧਿਆਇ" ਨਾਲ ਦੇਵੀ ਅਰਥ ਕਰਕੇ ਸਭ ਪਾਸੇ ਚੌੜ ਚੁਪੱਟ ਹੁੰਦੀ ਹੈ, ਤਦ ਇਸਨੂੰ ਕਦੇ "ਸਿਮਰਕੈ" ਨਾਲ ਸੰਬੰਧ ਕਰਕੇ, ਕਦੇ "ਲਈ" ਅਰਥ ਨਾਲ ਪ੍ਰਗਟ ਕਰਕੇ, ਭਰਲੇ ਕਰਦੇ ਹਨ।

ਪਰ ਭਗਉਤੀ ਸ਼ਬਦ 'ਪ੍ਰਮਾਤਮਾ' ਦਾ ਵਾਚਕ ਸ਼ਬਦ ਕਿਸੇਤਰਾਂ ਭੀ ਸਿਧ ਨਹੀਂ ਹੁੰਦਾ। ਇਸ ਕਰਕੇ ਦਲੀਲਾਂ ਦਿੰਦੇ ਹਨ ਕਿ ਅਛਾ! ਜਿਵੇਂ ਈਸਾਈ ਮਤ ਵਾਲਿਆਂ ਨੇ ਗਾਡ (GOD) ਪਹਿਲੇ ਇਕ ਮੂਰਤ ਦੇ ਅਰਥਾਂ ਨੂੰ ਅਜ ਕਲ ਖ਼ੁਦਾ ਦੇ ਅਰਥਾਂ ਵਿਚ ਮੰਨ ਲਿਆ ਹੈ ਇਵੇਂ ਕਿਵੇਂ ਭਗਉਤੀ (ਦੇਵੀ) ਨੂੰ ਪ੍ਰਮਾਤਮਾ ਦੇ ਅਰਥਾਂ ਵਿਚ ਕਲਪਤ ਕਰੋ, ਪਰ ਐਸੇ ਭਰਾਵਾਂ ਨੂੰ ਲੂਣ ਦੀਆਂ ਥਪਣ ਲਈ ਪ੍ਰਮਾਣ ਕੋਈ ਭੀ ਆਗਜ਼ਾ ਨਹੀਂ ਕਰਦਾ। ਉਹ ਕਦ ਇਹ ਡਰਾਵੇ ਭੀ ਦਿੰਦੇ ਹਨ ਕਿ ਗੁਰੂ ਮਹਾਰਾਜ ਦਾ ਹੁਕਮ ਮੰਨੋ, ਭਾਵੇਂ ਉਹ ਤੁਛ ਵਸਤੂ ਬਿੱਲੀ ਕੁਤੇ ਨੂੰ ਭੀ ਰੱਬ ਮਨੌਣ ਤਾਂ ਭੀ ਮੰਨੋ। ਪਰ ਜਦ "**ਏਕ** ਛੋਡ ਦੂਜੇ ਲਗੇ ਡੂਬੇ ਸੇ ਵਣਜਾਰਿਆ" ਗੁਰਵਾਕ, ਅਗੋਂ **ਗੁਰਮਤਿ** ਦੀ ਚਪੇੜਾਂ ਮਾਰਦੇ ਹਨ ਫਿਰ ਸ਼ਰਮਿੰਦੇ ਹੋਕੇ ਚੁੱਪ ਕਰ ਜਾਂਦੇ ਹਨ। ਅਸਲੋਂ ਇਹ ਗੁਰਮਤਿ ਵਿਰੁਧ ਝਗੜੇ ਕੇਵਲ ਢਿਲੜਪੁਣੇ ਦੀ ਕਾਠੀ ਪਈ ਹੋਈ ਹੀ ਕਰੌਂਦੀ ਹੈ। ਗੁਰਬਾਣੀ ਵਿਚਾਰੇ ਬਿਨਾਂ ਅਗੇ ਆਈ ਚੀਜ ਪਰ ਨਿਸਚਾ ਕਰਕੇ ਭੰਬਲ ਭੂਸੇ ਖਾਣੇ ਇਸੇ ਦਾ ਨਾਮ ਅੰਧ ਚੌੜ ਹੈ। ਇਸਤੋਂ ਅਗੇ ਪਉੜੀ ਹੈ ਜਿਸਦਾ ਅੰਕ ੨ ਹੈ **ਪ੍ਰਿਥਮੈਂ ਖੰਡਾ ਸਾਜਕੇ** ਇਸਦੇ ਅਰਥ ਭੀ ਖੰਡਾ-ਸ਼ਕਤੀ ਕਰਦੇ ਹਨ ਜੋ ਪ੍ਰਸੰਗ ਅਨੁਸਾਰ ਗਲਤ ਹਨ, ਇਥੇ ਭੀ ਬਿਸ਼ਨੂ ਆਦਿ ਨੂੰ ਰੱਬ ਮੰਨਕੇ ਸ਼ਕਤੀ ਵਾਲਾ ਇਸ਼ਾਰਾ ਹੈ, ਜੇ ਇਥੇ ਰਬ ਭੀ ਮੰਨ ਲਈਏ ਤਾਂ **ਭਗਉਤੀ** ਭਗਤਾਂ ਦਾ ਸਿਧਾਂਤ ਤਦ ਭੀ ਸਿੱਧ ਨਹੀਂ ਹੋ ਸਕਦਾ॥

ਇਸਤੋਂ ਅਗੇ ਫਿਰ ਮਹਿਖੇ ਦੈਤ ਦਾ ਜਿਕਰ ਹੈ, ਸਮਝੋ ਪਿਛਲੇ ਜੁਧਾਂ ਦਾ ਹੀ ਜਸ ਇਨ੍ਹਾਂ ਪੌੜੀਆਂ ਵਿਚ ਕੀਤਾ ਹੋਇਆ ਹੈ। ਯਥਾ:-

ਪਉੜੀ:-ਇਕ ਦਿਹਾੜੇ ਨਾਵਣ ਚਲੀ ਦੁਰਗਸਾਹ,
ਇੰਦ੍ਰ ਕਥਾ ਸੁਣਾਈ ਅਪਨੇ ਹਾਲ ਦੀ।
ਛੀਨ ਲਈ ਠਕਰਾਈ ਸਾਥੇ ਦਾਨਵੀ,
ਲੋਕੀ ਤਹੀ ਫਿਰਾਈ ਦੋਹੀ ਆਪਣੀ।

ਤੇਰੀ ਸ਼ਾਮ ਤਕਾਈ ਦੇਵੀ ਦੁਰਗਸਾਹ।

ਹੁਣ "**ਭਗਉਤੀ ਭਗਤ**" ਸੋਚਣ ਕਿ ਇਸ ਵਿਚ ਕੇਹੜੀ ਗੁਰੁਬਾਣੀ ਹੈ ? ਫਿਰ ਦੇਵੀ ਨੇ ਜੰਗ ਕੀਤਾ ਤੇ ੨੧ ਅੰਕ ਪਰ ਜਿਤ ਕਰਾਕੇ ਲਿਖ ਦਿਤਾ "ਹੋਈ ਅਲੋਪ ਭਵਾਨੀ ਦੇਵਾਂ ਨੂੰ ਰਾਜ ਦੇ" ਇਥੇ ਹੁਣ ਉਡ ਜਾਨ ਵਾਲੀ ਦਸੀ ਹੈ। ਭਲਾ ਫਿਰ ਲੁਕ ਕਿਉਂ ਜਾਂਦੀ ਹੈ, ਜਗਤ ਵਿਚ ਰਹਿੰਦੀ ਨੂੰ ਸੰਗ ਕਿਉਂ ਲਗਦੀ ਸੀ ? ਭਲਾ ਜੇ ਕਹੋ ਬਦੇਹ ਸੀ ਤਾਂ "ਅਠ ਭੁਜਾਂ" ਕਿਸ ਚੀਜ ਦੀਆਂ ਸਨ ? ਜੇ ਕਿਤੇ ਲੁਕ ਜਾਂਦੀ ਯਾ ਪਰਦਾ ਕਰਕੇ ਮਹਿਲੀਂ ਜਾ ਬਸਦੀ, ਤਾਂ ਕਿਸ ਗਲੋਂ ਡਰਕੇ ਲੁਕਦੀ ਜਾਂ ਪਰਦਾ ਕਰਦੀ ਸੀ ਭਲਾ ਇਹ ਗੱਪਾਂ ਨਹੀਂ ਤਾਂ ਹੋਰ ਕੀ ਹੈ ?

ਫਿਰ ਇਸੇ ਵਾਰ ਦੀ ਪਉੜੀ ਪ੩ ਵਿਚ ਸਾਫ ਲਿਖਾ ਹੈ। ਯਥਾ:--

"ਲਈ ਭਗਉਤੀ ਦੁਰਗਸਾਹ ਵਰ ਜਾਗਨ ਭਾਰੀ।
ਲਾਈ ਰਾਜੇ ਸੁੰਭ ਨੂੰ ਰਤ ਪੀਐ ਪਿਆਰੀ।"

ਫੇਰ ਭੀ ਭੁਲੜ ਵੀਰ ਅੱਖਾਂ ਮੀਚਕੇ ਕਿਸ ਪ੍ਰਮਾਣ ਨਾਲ **ਭਗਉਤੀ** ਦੇ ਅਰਥ ਪ੍ਰਮਾਤਮਾਂ ਕਰਦੇ ਹਨ ? ਇਥੇ ਅਰਥ ਸਾਫ ਤਲਵਾਰ ਹੈ ਜੋ ਇਕ ਜੜ ਵਸਤੂ ਹੈ। ਅਖੀਰ ਕਵੀ ਨੇ ਪਚਵੰਜਵੀਂ ਪੌੜੀ ਵਿਚ ਲਿਖਿਆ ਹੈ

"ਦੁਰਗਾ ਪਾਠ ਬਣਾਇਆ ਸਭੇ ਪੌੜੀਆਂ।
ਫੇਰ ਨ ਜੂਨੀ ਆਇਆ ਜਿਨ ਏਹ ਗਾਇਆ"

ਜੇਹੜੇ ਵੀਰ ਕੈਹ ਦਿੰਦੇ ਹਨ ਕਿ ਇਨਾਂ ਪਾਸ 'ਪ੍ਰਿਥਮ ਭਗਉਤੀ ਸਿਮਰਕੈ' ਨੂੰ ਦੇਵੀ ਸਾਬਤ ਕਰਨ ਦਾ ਹੋਰ ਕੋਈ ਮਿਸਾਲਾ ਨਹੀਂ ਹੈ ਜੇ ਹੈ ਤਾਂ ਪ੍ਰਗਟ ਕਰਨ ! ਉਹ ਵੀਰ ਕਿਰਪਾ ਕਰਕੇ ਇਥੇ "ਦੁਰਗਾ-ਪਾਠ ਬਣਾਇਆ ਸਭੇ ਪੌੜੀਆਂ" ਦੇ ਅਰਥ ਕਰਨ ਫਿਰ ਸੋਚਨ **'ਸਭੇ' ਪਦ ਕਿਨਾ ੨ ਪੌੜੀਆਂ ਲਈ ਹੈ ?** ਅਛਾ ਹੈ ਜੋ ਖਦ ਬਖੁਦ ਸੋਚਕੇ ਚੁਪ ਕੀਤੇ ਮੰਨ ਜਾਣ ਕਿ

"ਪ੍ਰਿਥਮ ਭਗਉਤੀ ਸਿਮਰਕੈ" ਦੇ ਵਿਚ ਭਗਉਤੀ ਪਦ ਦੇ ਅਰਥ ਹਰ ਹਾਲਤ ਵਿਚ ਦੇਵੀ ਜਾਂ ਤਲ-ਵਾਰ ਦੇ ਹਨ॥

ਚੰਡੀ ਚਰਿਤ੍ਰ ਦੇ ਪ੍ਰਸੰਗ ਵਿਚ ਸਾਫ ਦਸਿਆ ਗਿਆ ਹੈ ਕਿ ਜਦ ਦੇਵ੍ਹੀ ਇਕ ਪਹਾੜ ਪਰ ਜਾ ਬੈਠੀ। ਟਲ, ਸੰਖ, ਬਜਾਏ ਤੇ ਦੇਵੀ ਦੀ ਸੁੰਦਰ ਸ਼ਕਲ ਨਾਲ ਦੈਂਤ ਮੋਹੇ ਗਏ ਤ ਦੈਂਤਾਂ ਦੇ ਸੂਹੀਆਂ ਦੇ ਰਾਹੀਂ ਰਾਜੇ ਸੁੰਭ ਨਿਸੁੰਭ ਆਦਿ ਸੂਰਮੇ ਦੈਂਤਾਂ ਨੂੰ ਸੁੰਦਰਤਾ ਦੀ ਖਬਰ ਹੋਈ, ਜੰਗ ਸਿਰਫ ਦੇਵੀ (ਸੁੰਦਰ ਇਸਤ੍ਰੀ) ਨਾਲ ਬਿਆਹ ਕਰਨ ਦੀ ਇੱਛਾ ਨਾਲ ਛਿੜਿਆ ਸੀ। ਕਿਉਂਕਿ ਦੇਵ੍ਹੀ ਨੇ ਕਿਹਾ ਸੀ ਕਿ ਮੈਨੂੰ ਜੋ ਜੰਗ ਕਰਕੇ ਜਿਤੂ ਉਸ ਨਾਲ ਬਿਆਹ ਕਰਾਊਂਗੀ ਜੋ ਉਸਦਾ ਇਹ ਇਕ ਛਲ ਸੀ ਕਿ ਸਭ ਨੂੰ ਸੋਹਣੀ ਸੂਰਤ ਪਰ ਭਰਮਾਕੇ ਤੇ ਕਾਮ ਵਸ ਕਰਕੇ ਮਾਰ ਲਵਾਂਗੀ। ਕਈ ਗ੍ਰੰਥਾਂ ਵਿਚ ਇਹ ਦੇਵੀ ਕੰਵਾਰੀ (ਕੁਆਰੀ) ਲੜਕੀ ਦਸੀ ਜਾਂਦੀ ਹੈ। ਸੋ ਦੇਵੀ ਦੀ ਇਸ ਚਾਲ ਨਾਲ ਦੈਂਤ ਪੈਹਲੇ ਕਾਮ ਅਧੀਨ ਹੋਏ, ਜਿਸ ਕਰਕੇ ਉਨ੍ਹਾਂ ਦੀ ਸੂਰਮਤਾ ਵਿਚ ਫਰਕ ਪੈ ਗਿਆ ਫਿਰ ਸੂਰਤ ਪਰ ਮੋਹਿਤ ਹੋਕੇ ਆਪਸ ਵਿਚੀਂ ਲੜੇ ਇਕ ਦੂਜਾ ਚਾਹੁੰਦਾ ਸੀ ਜੇ ਅਮਕਾ ਮਰੇ ਤਾਂ ਮੈਂ ਬਿਆਹ ਲਵਾਂ, ਜਿਸ ਕਾਰਨ ਬਹੁਤ ਸੇ ਆਪਸ ਵਿਚੋਂ ਲੜ ਮਰੇ ਤੇ ਬਾਕੀ ਕਾਮ-ਅਧੀਨ ਹੋਏ ਹੋਏ ਛਲ ਬਲ ਦੇ ਦਾਓ ਹੇਠ ਲਿਆਕੇ ਦੇਵੀ ਨੇ ਝਟਕਾ ਸਿਟੇ। ਇਸ ਪ੍ਰਕਾਰ ਯੁਧ ਜਿੱਤਿਆ, ਇਸੇ ਨੂੰ ਚੰਡੀ ਦਾ ਚਰਿਤ੍ਰ ਕਿਹਾ ਜਾਂਦਾ ਹੈ॥

ਦਸਮ ਗ੍ਰੰਥ ਵਿਚ ਲਿਖੇ ਗਏ ੪੦੪ ਚਰਿੱਤ੍ਰਾਂ ਵਿਚ ਭੀ ਸਭ ਥੋਂ ਪੈਹਲਾਂ ਚਰਿਤ੍ਰ ਚੰਡੀ ਦਾ ਹੀ ਲਿਖਿਆ ਹੈ।

ਯਥਾ-ਪੰਨਾ ੭੩੦(ਨਿਕਾ ਟੈਪ)

"ਪ੍ਰਿਥਮ ਧਿਆਇ ਸ੍ਰੀ ਭਗਵਤੀ ਵਰਨੌਂ
ਤ੍ਰਿਯਾ ਪ੍ਰਸੰਗੇ ਇਤਿ ਸ੍ਰੀ ਚੰਡੀ ਚਰਿੱਤ੍ਰ"

ਓਥੇ ਭੀ ਛਲ ਬਲ ਦਾ ਜਿਕਰ ਹੈ।

ਪਿਛੇ ਭੂਮਕਾ ਵਿਚ ਪਰਗਟ ਕੀਤਾ ਜਾ ਚੁਕਾ ਹੈ ਕਿ ਇਹ ਦੇਵੀ ਪੂਜਨ ਦੇ ਪਰਸੰਗ ਖਾਲਸਾ ਇਤਹਾਸਾਂ ਵਿਚ ਮਗਰੋਂ ਪਾਏ ਗਏ ਹਨ ਜੋ ਬ੍ਰਾਹਮਣਾਂ ਦੀ ਖਾਸ ਚਲਾਕੀ ਦਾ ਕਾਰਨ ਹੈਨ ॥

ਦੇਵੀ ਦੇ ਪ੍ਰਚਾਰ ਦਾ ਆਰੰਭ

ਦੇਵੀ ਦੇ ਪ੍ਰਚਾਰ ਦਾ ਆਰੰਭ ਚੰਡੀ ਦੀ ਵਾਰ ਹੈ।

ਯਥਾਃ–

"ਸ੍ਰੀ ਭਗੌਤੀ ਜੀ ਸਹਾਇ"

ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦।

"ਪ੍ਰਿਥਮ ਭਗੌਤੀ ਸਿਮਰਕੈ **ਗੁਰੂ ਨਾਨਕ ਲਈ ਧਿਆਇ*****ਤਥਾ ਖੰਡਾ ਪ੍ਰਿਥਮੈਂ ਸਾਜਕੈ ਜਿਨ ਸਭ ਸੰਸਾਰ ਉਪਾਇਆ। ਬ੍ਰਹਮਾ, ਬਿਸ਼ਨ, ਮਹੇਸ਼ ਸਾਜ ਕੁਦਰਤੀ ਦਾ ਖੇਲ ਰਚਾਇ ਬਣਾਇਆ ***

ਉਪਰਲੀ ਕਵਿਤਾ ਦਾ ਅਰਥ ਸਾਫ ਹੈ ਕਿ ਚੰਡੀ ਦੀ ਵਾਰ ਭਾਵ ਚੰਡੀ (ਦੇਵੀ)ਦਾ ਯਸ ਹੈ,ਕੋਸ਼ਾਂ ਅਨੁਸਾਰ ਭਗਉਤੀ ਪਦ ਦੇ ਦੋ ਅਰਥ ਹਨ ਭਗਉਤੀ ਅਰਥਾਤ ਦੇਵੀ, ਦੂਜੇ ਤਲਵਾਰ ਪਰ ਐਥੇ ਪ੍ਰਕਰਣ ਅਨੁਸਾਰ ਸਾਫ ਅਰਥ ਦੇਵੀ ਹੀ ਮੰਨਣੇ ਪੈਣਗੇ ਕਿਉਂਕਿ ਅਗੇ ਜਾਕੇ ਭਗਉਤੀ ਭਾਵ ਦੇਵੀ ਦੀ ਵਾਰ ਦੀ ਰਚਨਾ ਹੈ ॥

ਇਸ ਕਰਕੇ "ਸ੍ਰੀ ਭਗੌਤੀ ਜੀ ਸਹਾਇ" ਦੇ ਅਰਥ "ਸ੍ਰੀ ਦੇਵੀ ਜੀ ਸਹਾਈ ਹੋਵੇ" ਹੀ ਕਹਾਂਗੇ। ਫੇਰ ਲਿਖਾ ਹੈ ਕਿ "ਵਾਰ ਸ੍ਰੀ ਭਗੌਤੀ ਜੀ ਕੀ" ਜਿਸਦਾ ਭਾਵ ਏਹੋ ਹੈ ਕਿ ਵਾਰ ਕਿਆ ਦੇਵੀ

ਕਾ ਯਸ਼ ਹੈ, ਅਗੇ ਦੇਵੀ ਦਾ ਪ੍ਰਸੰਗ ਅਰੰਭ ਹੁੰਦਾ ਹੈ ਜੋ ਕਾਇਦੇ ਮੂਜਬ ਠੀਕ ਹੈ, ਇਹ ਵਾਰ ਤਲਵਾਰ ਦੀ ਉਪਮਾ ਦੀ ਨਹੀ ਹੈ ਕਿੰਤੂ ਦੇਵੀ ਦੀ ਉਸਤਤਿ ਹੈ । ਇਸ ਪਰ ਸ੍ਰੀ ਮੁ: ਪਾ: ੧੦ ਜੋ ਲਿਖਿਆ ਹੈ ਇਹ ਸਖਤ ਭੁਲ ਹੈ ਜਾਂ ਬ੍ਰਹਮਣੀ ਚਾਲ ਹੈ। ਕਿਉਂਕਿ ਇਹ ਕੇਵਲ ਮਾਰਕੰਡਜ-ਪੁਰਾਣ ਦੇ ਉਲਥੇ ਦਾ ਸਮੁਚਾ ਭਾਵ ਹੈ। ਤੇ ਪਹਿਲੇ ਕਵੀਸਰ ਜੀ ਦਾ ਆਪਣੀ ਵਲੋਂ ਮੰਗਲਾਚਰਨ ਹੈ। ਇਸ ਪਰ ਸ੍ਰੀ ਮੁਖਵਾਕ ਲਿਖਣਾ ਵਡੀ ਡੂੰਘੀ ਚਾਲ ਹੈ ਤਾਂ ਕਿ ਸ੍ਰੀ ਮੁਖਵਾਕ ਲਿਖਨ ਨਾਲ ਇਸ ਕਵਿਤਾ ਦਾ ਵਧੀਕ ਮਾਨ ਹੋਵੇ ਤੇ ਗੁਰ ਸਿਖ ਭਗਉਤੀ ਭਗਤ ਬਣਨ।

ਲਓ! ਅਸੀ ਇਸ **ਅਸਲ ਭੇਦ** ਨੂੰ ਆਪ ਅਗੇ ਖੋਲਕੇ ਪ੍ਰਗਟ ਹੀ ਕਰਦਿੰਦੇ ਹਾਂ ਕਿ ਦਸਮਪਾਤਸ਼ਾਹ ਦੇ ਸਮੇਂਵਿਖੇ ਤੇ ਉਨਾਂ ਦੇ ਜੋਤੀ ਜੋਤ ਸਮਾਉਣ ਦੇ ਕੁਝ ਚਿਰ ਪਿਛੋਂ ਤਕ, ਬਾਬੇ ਬੰਦੇ ਦੇ ਵੇਲੇ ਤੋੜੀ ਭੀ, ਇਸ ਚੰਡੀ ਦੀ ਵਾਰ ਦਾ ਕੁਝ ਖੁਰਾਖੋਜ ਨਹੀ ਸੀ। ਏਹ ਸਾਡੀ ਖੋਜ ਜਬਾਨੋਂ ਜਬਾਨੀ ਹੀ ਨਹੀਂ ਹੈ ਬਲਕਿ ਇਸਦੇ ਸਬੂਤ ਲਈ ਸਾਡੇ ਪਾਸ ਕਾਫੀ ਮਿਸਾਲਾ ਹੈ। ਕਿਉਂ ਜੋ ਅਜੇ ਤੋੜੀ ਬਹੁਤ ਸਾਰੇ ਪ੍ਰਾਚੀਨ ਲਿਖਤੀ ਦਸਮ ਗ੍ਰੰਥ ਮੌਜੂਦ ਹਨ, ਜਿਨਾਂ ਵਿਚ ਏਹ **ਪ੍ਰਿਥਮ ਭਗੌਤੀ ਸਿਮਰਕੇ ਵਾਲੀ ਪੌੜੀ ਤਾਂ ਕੀ ਚੰਡੀ ਵਾਰ ਹੀ ਨਹੀਂ ਹੈ,** ਅਜੇਹੀਆਂ ਬੀੜਾਂ ਪੰਥ ਵਿਖੇ **ਖਾਸ ਬੀੜ** ਦੇ ਨਾਉਂ ਨਾਲ ਪ੍ਰਸਿਧ ਹਨ। ਸ੍ਰੀ ਅਮ੍ਰਿਤਸਰ ਵਿਚ ਐਸੀ ਇਕ ਬਾਬਾ ਅਟਲ ਸਾਹਿਬ ਵਿਖੇ ਦਸਮ ਗ੍ਰੰਥ ਦੀ ਪੁਰਾਤਨ ਬੀੜ ਮੌਜੂਦ ਹੈ ਜਿਸ ਵਿਚ ਇਹ ਚੰਡੀ ਦੀ ਵਾਰ ਹੀ ਨਹੀਂ ਹੈ ਇਸੇ ਨਾਲ ਦੀ ਇਕ ਬੀੜ ਰਿਆਸਤ ਸੰਗਰੂਰ ਵਿਖੇ ਹੈ ਜਿਸ ਨੂੰ ਸ਼ਕ ਹੋਵੇ ਦੇਖ ਸਕਦਾ ਹੈ॥

ਇਸ ਥਾਉਂ ਏਹ ਦੱਸਨਾ ਭੀ ਜਰੂਰੀ ਹੈ ਕਿ ਦਸਮ ਪਾਤ-ਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਦੇ ਪਿਛੋਂ ਜਦੋਂ ਸਿੰਘਾਂ ਨੇ ਸੰਮਤ

੧੭੯੦ ਬਿਕ੍ਰਮੀ ਵਿਖੇ ਦਸਮ ਪਾਤਸ਼ਾਹ ਜੀ ਦੇ ਸਮੇਂ ਦੀ ਰਚਨਾ ਨੂੰ ਕਠੀ ਕਰਕੇ ਇਕ ਜਿਲਦ ਬਣਾਈ ਜੋ "ਖਾਸ ਬੀੜ" ਦੇ ਨਾਉਂ ਨਾਲ ਪ੍ਰਸਿਧ ਹੋਈ। ਉਸ ਵੇਲੇ ਏਹ ਭਗਉਤੀ ਦੀ ਵਾਰ ਕਿਥੇ ਲੁਕੀ ਰਹੀ ?

ਹੁਣ ਤੁਸੀਂ ਹੀ ਖਿਆਲ ਫੁਰਮਾਓ ਕਿ ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਯਾ ਬਾਬੇ ਬੰਦੇ ਦੇ ਸਮੇਂ ਤੋੜੀ ਇਸ "ਵਾਰ ਸ੍ਰੀ ਭਗਉਤੀ ਜੀ" ਨਾਲ ਅਰਦਾਸੇ ਸੋਧੇ ਜਾਂਦੇ ਹੁੰਦੇ ਯਾ ਨਿਹੰਗ ਸਿੰਘ ਇਸ ਵਾਰ ਨੂੰ ਨਿੱਤ ਨੇਮ ਦੀ ਭਾਂਤਿ ਪੜ੍ਹਦੇ ਹੁੰਦੇ ਤਾਂ ਅਜੇਹੀ ਪ੍ਰਸਿਧ ਵਾਰ 'ਦਸਮ-ਗ੍ਰੰਥ' ਵਿਚ ਲਿਖੇ ਜਾਣ ਤੋਂ ਕਿਸ ਪਰਕਾਰ ਰੈਹ ਸਕਦੀ ਸੀ ?

ਇਹ ਬਾਤ ਸੁਤੇ ਪ੍ਰਸਿਧ ਹੈ ਕਿ ਨੌਵੇਂ ਪਾਤਸ਼ਾਹੀਆਂ ਤਕ ਯਾ ਦਸਮ ਪਾਤਸ਼ਾਹ ਜੀ ਦੇ ਦਰਬਾਰ ਵਿਚ ਕਦੇ ਭੀ ਇਸ 'ਚੰਡੀ ਦੀ ਪਉੜੀ' ਨਾਲ ਅਰਦਾਸੇ ਨਹੀਂ ਸੋਧੇ ਗਏ ॥

ਦਸਮ ਪਾਤਸ਼ਾਹ ਜੀ ਦਾ ਬਚਨ ਸਾਫ ਹੈ ਯਥਾ:-

ਜੇ ਜੇ ਭਏ ਪਹਿਲ ਅਵਤਾਰਾ ।
ਆਪ ਆਪ ਤਿਨ ਜਾਪ ਉਚਾਰਾ ।
ਜੇ ਜੇ ਗੌਂਸ ਅੰਬੀਆ ਭਏ ।
ਮੈ ਮੈ ਕਰਤ ਜਗਤ ਤੇ ਗਏ ।
ਸਭ ਤੇ ਆਪਨਾ ਨਾਮ ਜਪਾਯੋ ।
'**ਸਤਿਨਾਮੁ**' ਕਾਹੂ ਨ ਦ੍ਰਿੜਾਯੋ ।

(ਬਚਿੱਤ੍ਰ ਨਾਟਕ)

ਇਸੀ ਕਾਰਨ ਦਸਮੇਂ ਪਾਤਸ਼ਾਹ ਨੇ ਮੁਖਵਾਕ ਬਾਣੀ "ਜਾਪੁ, ਅਕਾਲ ਉਸਤਤਿ" ਆਦਿ ਵਿਖੇ ਆਪਣਾ ਨਾਉਂ ਤਕ ਨਹੀਂ ਆਉਣ ਦਿਤਾ, ਫੇਰ ਏਹ ਕਦ ਹੋ ਸਕਦਾ ਸੀ ਕਿ ਉਹ ਭਗਉਤੀ ਦਾ ਨਾਉਂ ਲੈਕੇ ਨਾਮਾਵਲੀ ਅਰਦਾਸੇ ਸੋਧਦੇ ? ਬਸ ! ਏਨਾਂ ਤੋਂ ਤੇ ਹੋਰ ਗੁਰੂ ਪ੍ਰਮਾਣਾਂ ਤੋਂ ਸਾਫ ਸਿਧ ਹੈ ਕਿ ਇਹ ਵਾਰ "ਦੇਵੀ ਦਾਸੀ" ਦੀ ਕਿਰਪਾ ਦਾ ਫਲ ਹੈ, ਸੋ ਦਸਮ ਗ੍ਰੰਥ ਵਿਖੋਂ ਚੋਰ ਵਿਚ

ਪਿਛੋਂ ਦਰਜ ਕੀਤੀ ਗਈ ।

ਇਸੀ ਤਰਾਂ ਬਹੁਤ ਸਾਰੇ ਉਦਾਸੀਆਂ ਆਦਿ ਨੇ ਭੀ ਖੁਦ ਕਵਿਤਾ ਰਚਕੇ ਜਨਮਸਾਖੀਆਂ ਆਦਿ ਵਿਚ ਹੇਠਾਂ ਨਾਨਕ ਨਾਮ ਲਿਖਕੇ ਸਤਿਗੁਰਾਂ ਦੇ ਗਲੇ ਮੜ੍ਹ ਦਿਤੀਆਂ ਹਨ ਜੋ ਮਨਮਤਾਂ ਨਾਲ ਭਰਪੂਰ ਹਨ, ਯਾਂਤੇ ਏਹ ਸ੍ਰੀ ਭਗਉਤੀ ਜੀਕੀ ਵਾਰ ਉਲਥਾਕਾਰ ਕਵੀ ਦੀ ਰਚਨਾ ਸਮਝਣੀ ਚਾਹੀਏ ॥

ਇਸਤੋਂ ਅਗੇ ਭਗਉਤੀ ਵਾਰ ਦਾ ਮੰਗਲਾਚਰਨ ਹੈ, ਜੋ ਕਾਇਦੇ ਮੂਜਬ ਗ੍ਰੰਥ ਕਰਤਾ ਕਰਿਆ ਕਰਦੇ ਹਨ । 'ਪ੍ਰਿਥਮ ਭਗਉਤੀ ਸਿਮਰਕੇ ਗੁਰੂ ਨਾਨਕ ਲਈ ਧਿਆਇ'' ਦਾ ਭਾਵ ਸਾਫ ਇਹ ਹੈ ਕਿ ਪਹਿਲੇ ਦੇਵੀ ਨੂੰ ਸਿਮਰਕੇ ਫਿਰ ਗੁਰੂ ਨਾਨਕ ਜੀ ਨੂੰ ਧਿਆਵੋ । ਜਾਂ ਪਹਿਲੇ ਗੁਰੂ ਜੀ ਨੇ ਦੇਵੀ ਧਿਆਈ ਅਰਥ ਹੋਊਗਾ । ਅਰਥਾਤ ਜੇਕਰ ਲਈ ਦੀ (ਈ) ਨੂੰ ਬਿੰਦੀ ਲਾਕੇ ਪੜ੍ਹੀਏ ਤਾਂ ਲਈਂ ਧਿਆਵੋ ਅਰਥਹੋਊ ਤੇ ਬਿਨਾਂ ਬਿੰਦੀਤੋਂ ਇਸਦਾ ਅਰਥ 'ਪਹਿਲੇ ਸ੍ਰੀ ਗੁਰੂ ਨਾਨਕ ਜੀ ਨੇ ਦੇਵੀ ਧਿਆਈ ਹੋਵੇਗਾ

ਪਯਾਰੇ ਸਜਣੋ ! ਪਹਿਲੇ ਦਸਿਆ ਗਿਆ ਹੈ ਕਿ "ਭਗਉਤੀ" ਸਬਦ ਦੇ ਅਰਥ ਕੋਸ਼ ਅਨੁਸਾਰ ਦੇਵੀ ਯਾ ਤਲ-ਵਾਰ ਹੋ ਸਕਦੇ ਹਨ, ਜਿਸਦਾ ਸਬੂਤ ਇਸੇ ਭਗਉਤੀ ਦੀ ਵਾਰ ਤੋਂ ਭੀ ਪਾਇਆ ਜਾਂਦਾ ਹੈ ਕਿਉਂਕਿ ਇਸ ਵਿਚ ਦੇਵੀ ਤੇ ਦੈਤਾਂ ਦਾ ਜੁਧ ਕਰਕੇ ਅੰਤਮ ਜਿਤ ਦੇਵੀ ਨੂੰ ਹੀ ਪਰਾਪਤ ਹੋਈ ਲਿਖੀ ਹੈ ਇਸ ਕਰਕੇ ਅਸੀ ਇਸ ਵਾਰ ਨੂੰ ਹਰ ਹਾਲਤ ਵਿਚ ਦੇਵੀ ਦਾ ਯਸ਼ ਹੀ ਕਹਿ ਸਕਦੇ ਹਾਂ । ਜੇ ਇਸੇ ਵਾਰ ਦੀ ਤੁਕ **ਲਈ ਭਗਉਤੀ ਦੁਰਗਸ਼ਾਹਿ** ਵੱਲ ਧਿਆਨ ਕਰੀਏ ਤਾਂ ਸਾਫ ਅਰਥ ਤਲਵਾਰ ਬਨਦੇ ਹਨ ॥

ਭਾਵੇਂ ਕੁਛ ਭੀ ਹੋਵੇ ਭਗਉਤੀ ਦੇ ਅਰਥ ਕਿਸੇ ਸੂਰਤ ਵਿਚ ਭੀ ਅਕਾਲਪੁਰਖ ਨਹੀਂ ਬਣ ਸਕਦੇ । ਜਦ ਦਸੋਂ ਗੁਰੂ ਨਿਰੋਲ ਅਕਾਲ ਪੁਰਖ ਦੇ ਉਪਾਸ਼ਕ ਹਨ, ਜਿਨਾਂ ਨੇ ਖਾਲਸਾ ਪੰਥ ਨੂੰ ਸਾਜਕੇ ਅਕਾਲ ਪੁਰਖ ਦੇ ਲੜ ਲਾਇਆ ਹੈ (ਨਾ ਕਿ ਕਿਸੇ ਦੇਵੀ ਦੇਵਤੇ ਦੇ) ਫਿਰ ਭਗਉਤੀ ਨੇ

ਮਲੋ ਜੋਰੀ ਗਲ ਮੜ੍ਹ ਲੈਣਾ ਭਾਰੀ ਅਗਿਆਨਤਾ ਹੈ ਇਸ ਕੁੜਿੱਕੀ ਵਿਚ ਭਰਮ ਗਜਾਲੀ ਸਭ ਫਸੇ ਪਏ ਹਨ, ਵਿਚਾਰਿਆਂ ਨੂੰ ਭਰਮ ਦੇ ਧਕਿਆਂ ਅਥਵਾ ਆਪਨੀ ਮਾਨ ਪ੍ਰਤਿਸ਼ਟਾ ਦੀ ਮਾਰ ਭਗਉਤੀ ਦੇ ਅਰਥ ਕਦੇ "ਸ਼ਕਤੀ, ਕਦੇ ਤਲਵਾਰ ਕਦੇ ਦੇਵੀ" ਕਰਾ ਦੇਂਦੀ ਹੈ ਕਰਨ ਭੀ ਕੀ ! ਸਚ ਬੋਲਨੋਂ ਡਰਦੇ ਹਨ, ਕਿਉਂਕਿ "ਜੇ ਕਉ ਬੋਲੈ ਸਚ ਤਾਂ ਕੂੜਾ ਜਲ ਜਾਵਈ" ਦੀ ਔਖ ਝਲਨੀ ਪੈਂਦੀ ਹੈ। ਪਰ ਐਨੇ ਤਰਲੇ ਕਰਕੇ ਭੀ ਭਗਉਤੀ ਪਦ ਦੇ ਅਰਥ ਅਕਾਲ ਪੁਰਖ ਨਹੀਂ ਕਰ ਸਕਦੇ ਕਰਨ ਭੀ ਕਿਕੂਣ ? ਕਿਉਂਕਿ ਸਤਿਗੁਰਾਂ ਦੀ ਬਾਣੀ ਵਿਚ ਕਿਤੇ ਭੀ ਭਗਉਤੀ ਸਬਦ ਅਕਾਲ ਵਾਚਕ ਨਹੀਂ ਔਂਦਾ। ਸਤਿਗੁਰਾਂ ਦੇ ਮੰਗਲਾਚਰਨ "ਮੂਲਮੰਤ੍ਰ" ਆਪਨੇ ਅਕਾਲ ਪੁਰਖ ਅਗੇ ਉਪਮਾਂ ਵਿਚ ਪੜ੍ਹੀਏ ਜੋ ਸੂਰਜ ਵਤ ਦ੍ਵੈਤ ਦਾ ਅੰਧੇਰਾ ਦੂਰ ਕਰਦੇ ਹੋਏ ਪਰਕਾਸ਼ ਰਹੇ ਹਨ। ਯਥਾ:–

(੧) ੧ ੴ ਸਤਿਨਾਮੁ, ਕਰਤਾ, ਪੁਰਖੁ, ਨਿਰਭਉ, ਨਿਰਵੈਰੁ, ਅਕਾਲ, ਮੂਰਤਿ, ਅਜੂਨੀ, ਸੈਭੰ, ਗੁਰ, ਪ੍ਰਸਾਦਿ, ।

ਉਕਤ ਮੂਲ ਮੰਤਰ ਮੰਗਲਾ ਚਰਨ ਦੀ ਸ਼ਕਲ ਵਿਚ ਹਰ ਇਕ ਬਾਣੀ ਦੇ ਅਰੰਭ ਵਿਚ ਸਤਿਗੁਰਾਂ ਨੇ ਰਖਿਆ ਹੈ, ਕਈ ਥਾਂਈਂ ਇਸਦਾ ਸੰਖੇਪ ਕਰਕੇ ਭੀ ਲਿਖਿਆ ਹੈ ॥ ਯਥਾ:–

(੨) ੧ ੴ ਸਤਿਨਾਮੁ, ਕਰਤਾ, ਪੁਰਖੁ, ਗੁਰ, ਪ੍ਰਸਾਦਿ ॥

(੩) ੧ ੴ ਸਤਿਗੁਰ ਪ੍ਰਸਾਦਿ ॥ ਆਦਿ–

ਇਸ ਪਰਕਾਰ ਦੇ ਮੰਗਲਾਚਰਨਾਂ ਤੋਂ ਬਿਨਾ ਕੋਈ ਭੀ ਬਾਣੀ ਨਹੀਂ ਹੈ, ਤੇ ਮੂਲ ਮੰਤ੍ਰ ਦੇ ਕਿਸੇ ਭੀ ਵਸ਼ੇਸ਼ਨ ਨਾਲ 'ਭਗਉਤੀ' ਵਾਹਿਗੁਰੂ ਦਾ ਲਖਾਇਕ ਹੋਕੇ ਟਾਕਰਾ ਨਹੀਂ ਕਰਦੀ

ਦਸਮ ਪਾਤਸ਼ਾਹ ਜੀ ਨੇ ੧ ੴ ਸਤਿਗੁਰ ਪ੍ਰਸਾਦਿ ਨੂੰ ਵਰਤਦੇ ਹੋਯਾਂ ਇਸਤੋਂ ਬਿਨਾ ਖਾਸ ਲੇਖ ਤੇ ਚਿਠੀ ਪੱਤ੍ਰ ਪਰ ਦਸਖਤਾਂ ਆਦਿ ਸਮੇਂ

"੧ ੴ ਵਾਹਗੁਰ ਜੀ ਕੀ ਫਤਹ" ਵਰਤਿਆ ਹੈ ਔਰ ਖਾਸ ਕਰਕੇ ਦਸਖਤਾਂ ਆਦਿ ਪਰ "ਸ੍ਰੀ ਅਕਾਲ ਸਹਾਇ" ਜਾਂ "ਤ੍ਵ ਪ੍ਰਸਾਦਿ" ਆਦਿ ੨ ਸੰਕੇਤੀ ਪਦ ਵਰਤੇ ਹਨ, **ਪਰ ਭਗਉਤੀ ਪਦ ਕਿਤੇ ਭੀ ਮੰਗਲਾ ਚਰਨ ਆਦਿ ਵਿਚ ਨਹੀਂ ਵਰਤਿਆ ।** ਹਾਂ ਸ਼ਸਤਰ ਆਦਿ ਮਹਿਮਾਂ ਦੀ ਲਿਖਤਾਂ ਵਿਚ ਜੇ **ਭਗਉਤੀ** ਪਦ ਤਲਵਾਰ ਦਾ ਲਖਾਇਕ ਵਰਤਿਆ ਤਾਂ ਸ਼ਸਤ੍ਰਾਂ ਦੀ ਉਚਤਾ ਦੱਸਨੀ ਜੰਗੀ ਸਾਮਾਨ ਹਨ । ਇਸਦਾ ਜ਼ਿਕਰ ਅਗੇ ਚਲਕੇ ਕੀਤਾ ਜਾਊਗਾ, ਪ੍ਰੰਤੂ ਪ੍ਰਿਥਮ ਭਗਉਤੀ ਸਿਮਰ ਕੈ ਬੋਲਾ ਗੁਰਮਤ ਅਨੁਸਾਰ ਕਿਸੇ ਹਾਲਤ ਵਿਚ ਭੀ ਸਤਿਗੁਰਾਂ ਦੇ ਖਾਲਸਾ ਮਿਸ਼ਨ ਨਾਲ ਨਹੀਂ ਮਿਲਦਾ, ਕਈ ਹਠੀ ਅਤੇ ਨੀਤੀ ਪੁੰਜ ਵਿਦਵਾਨ ਪੋਚਾ ਪਾਚੀ ਪਾਕੇ ਇਸੇ ਭਗਉਤੀ ਨੂੰ ਅਕਾਲ ਪੁਰਖ ਦਾ ਵਾਚਕ ਪਦ ਸਾਬਤ ਕਰਨ ਦਾ ਬਿਅਰਥ ਯਤਨ ਕਰਦੇਹਨ, ਪ੍ਰੰਤੂ ਭਗਉਤੀ ਦੇ ਅਰਥ ਉਨਾਂਪਾਸੋਂ ਭੀ ਕਿਸੇ ਸੂਰਤ ਵਿਚ ਰੱਬ ਨਹੀ ਹੋ ਸਕਦੇ, ਓਹ ਸਜਣ ਕੋਸ਼ਸ਼ ਇਸ ਕਰਕੇ ਕਰਦੇ ਹਨ ਕਿ ਜੇ ਅਸੀ ਭਗਉਤੀ ਦੇ ਅਰਥ ਦੇਵੀ (ਜਾਂ ਦੁਰਗਾ) ਕਰ ਦਿਤੇ ਤਾਂ ਬੜੀ ਮੁਸ਼ਕਲ ਹੋਊ ਤੇ ਖਾਲਸਾ ਪੰਥ ਨੂੰ ਦੇਵੀ ਉਪਾਸ਼ਕ ਹੋਣ ਦਾ ਕਲੰਕ ਲਗੂ ਤੇ ਸਭ ਕੁਝ ਕੀਤੀ ਕਰਾਈ ਰੁੜ ਜਾਊ, ਅਸਲੀਅਤੀ ਇਹ ਹੈ ਜੋ ਪਿਛੇ ਦਸੇ ਵਤ ਕਿ ਕਿਸੇ ਭੁਲ ਦੇ ਕਾਰਨ 'ਭਗਉਤੀ' ਦਾ ਅਰਦਾਸਾ ਖਾਲਸੇ ਵਿਚ ਗਲਤ ਪ੍ਰਚਾਰ ਹੋਗਿਆ ਹੈ ਜਿਸ ਕਰਕੇ ਡੁਬਣ ਲਗੇ ਨੂੰ ਤਿਨਕੇ ਦੇ ਸਹਾਰੇ ਦੀ ਕਹਾਵਤ ਅਨੁਸਾਰ ਭੋਲੇ ਵੀਰਾਂ ਨੂੰ ਅਪਣੀ ਵਿਦਤਾ ਦ੍ਵਾਰੇ **ਭਗਉਤੀ** ਪਦ ਦੇ ਅਰਥ ਦੇਵੀ ਦੇ ਥਾਉਂ ਤਲਵਾਰ

ਆਦ ਸਾਬਤ ਕਰਕੇ ਉਕਤ ਕਲੰਕੋਂ ਬਚੌਣ ਦੀ ਕੋਸ਼ਸ਼ ਕਰਦੇ ਹਨ ਓਹ ਵਿਦਵਾਨ ਸੋਚਦੇ ਨਹੀ '**ਬਾਬਾ ਮਰਿਆ ਤੇ ਪੋਤਾ ਜੰਮਿਆਂ ਟੱਬਰ ਐਡੋ ਜੇਡਾ**' ਸੋ ਜੇ ਉਨਾਂ ਨੇ ਭਗ-ਉਤੀ ਦੇ ਅਰਥ ਦੇਵੀ ਦੇ ਥਾਉਂ ਤਲਵਾਰ ਸਾਬਤ ਕਰ ਦਿਤੇ ਤਾਂ ਕੀ ਖਾਲਸਾ ਜੜ ਪੂਜਜ ਨਾ ਬਨਿਆ ? ਅਸੀ ਉਨਾਂ ਭਰਾਵਾਂ ਨੂੰ **ਬਿਨ ਕਰਤਾਰ ਨ ਕਿਰਤਮ ਮਾਨੋ ਦਾ ਸਿਰੋਪਾਉ** ਦੇਕੇ ਪੁਛਣਾਂ ਚਾਹੁੰਦੇਹਾਂ ਕਿ ਕੀ ਤਲਵਾਰ ਕ੍ਰਿਤਮ ਹੈ ਜਾਂ ਅਕ੍ਰਿਤਮ? ਸਾਡੇ ਭੁਲੜ ਪੰਡਤ ਤੇ ਆਪੇ ਬਣੇ ਲੀਡਰ ਸੋਚਦੇ ਨਹੀ ਕਿ ਇਸ ਪ੍ਰਚਾਰ ਨੇ ਅਜ ਤ੍ਹਾਂਈਂ ਪੰਥ ਵਿਚ ਕਿੰਨਾਕੁ ਨੁਕਸਾਨ ਪੁਚਾਦਿਤਾ ਹੈ, ਔਰ ਇਹ ਵੀਰ ਮਲੋ ਮਲੀ ਆਪਣੀ ਹੈਂਕੜ ਨਾਲ ਭਗਉਤੀ ਪਦ ਨੂੰ ਥਾਂ ਦੀ ਥਾਂ ਪਲੋਸਕੇ ਢਕੀ ਜਾਂਦੇ ਹਨ, ਹੁਣ ਪਾਠਕ ਜਨ ਵਿਚਾਰਨ ਜੋ ਮਨਮਤਿ ਦੇ ਪ੍ਰਚਾਰ ਨੂੰ ਦਬਾਕੇ ਅਗੇ ਲਈ ਵੱਢੇ ਦੀ ਪੀਕ ਵਤ ਵਧਾਈ ਜਾਣਾ ਕਿਥੋ ਦੀ ਨੀਤੀ ਤੇ ਪੰਡਤਾਈ ਹੈ?

(ੳ) ਕਈ ਭਾਈ ਕਿਹਾ ਕਰਦੇ ਹਨ ਕਿ **ਭਗਉਤੀ** ਪਦ ਦੇ ਕੋਸ਼ੀ ਅਰਥ ਤਲਵਾਰ ਯਾ ਦੇਵੀ ਠੀਕ ਹਨ, ਪਰੰਤੂ ਏਥੇ ਦੇਵੀ ਦੀ ਵਾਰ ਤੋਂ ਪਹਿਲੇ ਭਗਉਤੀ ਦੇ ਅਰਥ ਗੁਰੂ ਜੀ ਨੇ ਵਾਹੁਗੁਰ ਸੰਕੇਤਕੀਤੇ ਹਨ ਜਿਵੇਂ ਗੁਰਬਾਣੀਵਿਚ ਰਾਮ,ਭਗਵਾਨ ਕ੍ਰਿਸ਼ਨਆਦਿਕ ਵਾਹੁਗੁਰਸੰਕੇਤੀ ਅਰਥ ਹਨ,ਉਨਾਂਨੂੰ ਇਸਭੁਲੇਖੇ ਵਿਚੋਂ ਨਿਕਲਣ ਲਈ ਇਹੋ ਵੀਚਾਰ ਕਰਨੀ ਚਾਹੀਦੀ ਹੈ ਕਿ ਜਦ ਇਸ ਭਗਉਤੀ (ਦੇਵੀ) ਦੀ ਵਾਰ ਵਿਚ ਸਾਫ ਲਿਖਿਆ ਹੈ ਕਿ "ਲਈ ਭਗਉਤੀ ਦੁਰਗਸ਼ਾਹ ਵਰਜਾਗਨ ਭਾਰੀ" ਜਿਸ ਤੋਂ ਸਾਫ ਤਲਵਾਰ ਦੇ ਅਰਥ ਨਿਕਲਦੇ ਹਨ, ਫਿਰ ਕਿਸ ਗੁਰੂ ਪ੍ਰਮਾਣ ਦ੍ਵਾਰਾ ਏਥੇ ਭਗਉਤੀ ਦੇ ਅਰਥ ਵਾਹੁਗੁਰ ਸੰਕੇਤੀਮੰਨੀਏ ਦੂਜੇ ਪਾਸੇ ਜਦ ਇਹ ਵਾਰ ਹੀ ਭਗਉਤੀ (ਦੇਵੀ) ਦੀ ਉਸਤਤਿ ਹੈ, ਅਰ ਸਾਫ ਲਿਖਿਆ ਹੈ, "ਵਾਰ ਸ੍ਰੀ ਭਗਉਤੀ ਜੀਕੀ" ਜਿਸਦੇ ਅਰਥ ਸਿਧੇ ਹਨ "ਜੱਸ ਸ੍ਰੀ ਦੇਵੀ ਜੀ ਦਾ" ਏਥੇ ਇਸਦੇ ਅਰਥ ਤਲਵਾਰ ਭੀ ਕਦਾਚਿਤ ਨਹੀ ਹੋ ਸਕਦੇ,ਕਿਉਂਕਿ ਅਗੇ ਤਲਵਾਰ

ਦੀ ਮਹਿਮਾ ਨਹੀ ਲਿਖੀ ਬਲਕਿ ਦੇਵੀ ਦੀ ਉਸਤਤਿ ਦਾ ਪ੍ਰਸੰਗ ਹੈ ਸੋ ਬਿਨਾ ਪ੍ਰਮਾਣ ਮਨ ਦੇ ਢਕੋਂਸਲੇ ਕੌਣ ਮੰਨੂੰ ?

ਬਾਕੀ ਜੋ "ਪ੍ਰਿਥਮ ਭਗਉਤੀ ਸਿਮਰਕੈ" ਹੈ ਇਸ ਵਿਚ ਭਗਉਤੀ ਪਦ ਦੇ ਅਰਥ ਨਿਰਸੰਸੇ ਦੇਵੀ ਹਨ ਤਲਵਾਰ ਉੱਕੇ ਹੀ ਨਹੀ ਹੋ ਸਕਦੇ ਕਿਉਂਕਿ ਜੜ ਵਸਤੂ ਲਈ "ਸਿਮਰਕੈ" ਪਦ ਨਹੀ ਆ ਸਕਦਾ। ਸਿਮਰਨ ਤੋਂ ਅਗੇ ਫਿਰ ਧਿਆਇ ਪਦ ਅਰਥਾਂ ਨੂੰ ਹੋਰ ਸਾਫ ਕਰ ਦਿੰਦਾ ਹੈ ਕਿ ਦੇਵੀ ਨੂੰ ਸਿਮਰੋ, ਜੋ ਗੁਰੂਨਾਨਕ ਨੇ ਧਿਆਈ ਅਥਵਾ ਪਹਿਲਾਂ ਦੇਵੀ ਨੂੰ ਸਿਮਰਕੇ ਗੁਰੂ ਨਾਨਕ ਦੇਵ ਨੂ ਧਿਆਵੋ। ਸੋ ਇਸ ਪ੍ਰਕਾਰ ਕੌਣ ਮੂਰਖ ਹੈ ਜੋ ਅਖੀਂ ਦੇਖਕੇ ਮਖੀ ਨਿਗਲੀ ਜਾਵੇ। ਬਾਕੀ ਜੋ ਰਾਮ, ਕ੍ਰਿਸ਼ਨ ਆਦਿ ਪਦਾਂ ਦੇ ਅਰਥ ਗੁਰਬਾਣੀ ਵਿਚਲੇ ਵਾਹਿਗੁਰ ਸੰਕੇਤ ਮੰਨੇ ਜਾਂਦੇ ਹਨ ਸੋ ਇਹ ਪਦ ਪਹਿਲੇ ਤੋਂ ਹੀ ਦੁਨੀਆਂ ਦੇ ਵਿਦਵਾਨਾਂ ਨੇ ਸਿਫਤੀਅਨੁਸਾਰ ਰਖੇ ਹੋਏ ਹਨ। ਪਰੰਤੂ ਇਹ ਨਾਮ ਕ੍ਰਿਤਮ ਹੋਣ ਕਰਕੇ ਗੁਣ ਵਾਚਕ ਹੀ ਨਾਮ ਹਨ, ਗੁਰਮਤਿ ਦ੍ਵਾਰਾ ਸੰਪੂਰਨ ਨਾਮ ਸਤਿਨਾਮੁ (ਵਾਹਿਗੁਰ) ਹੀ ਹੈ। ਰਾਮ ਤੇ ਕ੍ਰਿਸ਼ਨ ਆਦਿ ਪ੍ਰਚਲਤ ਨਾਮਾਂ ਪਰ ਰਾਜਾ ਰਾਮਚੰਦ (ਚੰਦ੍ਰ ਬੰਸੀ ਕੁਲ ਵਾਲਾ) ਨਾਮ ਧਰਿਆ ਗਇਆ ਏਵੇਂ ਕੇਵੇਂ ਕ੍ਰਿਸ਼ਨ ਪਰ ਕ੍ਰਿਸ਼ਨ ਮੁਰਾਰੀ ਆਦਿ ਨਾਮ ਰਖ ਲਏ, ਜਿਵੇਂ ਸ਼ਿਵ ਤੋਂ ਸ਼ਿਵਜੀ, ਬ੍ਰਹਮ ਤੋਂ ਬ੍ਰਹਮਾ ਆਦਿ ਨਾਮ ਪ੍ਰਚਲਤ ਹੋ ਗਏ। ਸੋ ਇਹ ਵਤੀਰਾ ਅਜਕਲ ਭੀ ਹੈ, ਯਥਾ— ਵਾਹਿਗੁਰ ਸਿੰਘ, ਖੁਦਾ ਸਿੰਘ, ਸਤਿਨਾਮ ਸਿੰਘ, ਗੋਬਿੰਦ ਸਿੰਘ, ਨਾਨਕ ਸਿੰਘ ਆਦਿ ਕੀ ਇਸਤੋਂ ਕਦੇ ਇਹ ਸਿਧ ਹੋ ਸਕਦਾ ਹੈ ਕਿ ਨਾਨਕ ਅਥਵਾ ਸਤਿਨਾਮੁ ਨਾਮ ਰਖਣ ਤੋਂ ਪਹਿਲਾਂ ਏਹ ਪਦ ਸੀ ਹੀ ਨਹੀਂ, ਅਥਵਾ ਅਸਲ ਨਾਮ ਵਾਲੇ ਗੁਣ ਏਹਨਾਂ ਵਿਚ ਘਟ ਸਕਦੇ ਹਨ, ਯਾਂ ਏਹ ਅਸਲ ਨਾਮਾਂ ਵਾਲੇ ਹੀ ਹਨ ? ਸੋ ਐਸਾ ਕਦਾਚਿੱਤ ਨਹੀਂ ਹੋ ਸਕਦਾ, ਇਸ਼ੀ ਪ੍ਰਕਾਰ ਹਿੰਦੂਆਂ ਵਿਚ ਰਾਮਚੰਦ, ਕ੍ਰਿਸ਼ਨ, ਗੋਪਾਲ, ਕ੍ਰਿਪਾ ਸਾਗਰ, ਗਿਰਧਾਰੀ, ਲਖਮੀ ਨਾਰਾਇਨ, ਰਾਧਾ ਕ੍ਰਿਸ਼ਨ ਆਦਿ ਨਾਮ ਹੁਣ ਭੀ ਹਨ, ਕੀ ਏਹ ਨਾਮ ਵਾਹਿਗੁਰ ਸੰਕੇਤ ਰੱਖੇ ਕਹੇ ਜਾ ਸਕਦੇ ਹਨ ? ਕਦਾਚਿਤ

ਨਹੀਂ। ਕਿਉਂਕਿ ਏਹਨਾਂ ਪਦਾਂ ਦਾ ਅਸਲ ਅਰਥ ਹੋਰ ਹੈ ਸਤਿਗੁਰੂ ਨੇ ਇਸ ਭੇਦਨੂੰ ਖੋਲਨ ਲਈ ਗੁਰਬਾਣੀਵਿਚ ਹੀ ਐਸੇ ਪਦਾਂ ਦਾ ਟੀਕਾ ਕਰਕੇ ਦਸ ਦਿਤਾ ਹੋਇਆ ਹੈ ॥ ਯਥਾ:—

(੧) ਅਚੁਤ ਪਾਰਬ੍ਰਹਮ ਪ੍ਰਮੇਸੁਰ ਅੰਤਰਜਾਮੀ॥ ਮਧੁਸੂਦਨ ਦਾਮੋਦਰ ਸੁਆਮੀ ॥ ਰਿਖੀ ਕੇਸ ਗੋਵਰਧਨਧਾਰੀ ਮੁਰਲੀਮਨੋਹਰ ਹਰਿ ਰੰਗਾ ॥ ੧ ॥

ਮੋਹਨ ਮਾਧਵ ਕ੍ਰਿਸਨ ਮੁਰਾਰੇ ॥ ਜਗਦੀਸੁਰ ਹਰਿ ਜੀਉ ਅਸੁਰ ਸੰਘਾਰੇ ॥ ਜਗ ਜੀਵਨ ਅਬਿਨਾਸੀ ਠਾਕੁਰ ਘਟ ਘਟ ਵਾਸੀ ਹੈ ਸੰਗਾ ॥ ੨ ॥

ਧਰਣੀਧਰ ਈਸ ਨਰ ਸਿੰਘ ਨਾਰਾਇਣ ॥ ਦਾੜਾ ਅਗ੍ਰੇ ਪ੍ਰਿਥਮਿ ਧਰਾਇਣ ॥ ਬਾਵਨ ਰੂਪੁ ਕੀਆ ਤੁਧੁ ਕਰਤੇ ਸਭਹੀ ਸੇਤੀ ਹੈ ਚੰਗਾ ॥ ੩ ॥

ਸ੍ਰੀ ਰਾਮਚੰਦ ਜਿਸ ਰੂਪੁ ਨ ਰੇਖਿਆ ॥ ਬਨਵਾਲੀ ਚਕ੍ਰ ਪਾਣਿ ਦਰਸਿ ਅਨੂਪਿਆ ॥ ਸਹਿਸ ਨੇਤ੍ਰ ਮੂਰਤਿ ਹੈ ਸਹਸਾ ਇਕ ਦਾਤਾ ਸਭ ਹੈ ਮੰਗਾ ॥ ੪ ॥

ਭਗਤਿ ਵਛਲੁ ਅਨਾਥਹ ਨਾਥੇ ॥ ਗੋਪੀ ਨਾਥੁ ਸਗਲ ਹੈ ਸਾਥੇ ॥ ਬਾਸੁ ਦੇਵ ਨਿਰੰਜਨ ਦਾਤੇ ਬਰਨਿ ਨ ਸਾਕਉ ਗੁਣ ਅੰਗਾ ॥ ੫ ॥

(੨) ਮੁਕੰਦ ਮਨੋਹਰ ਲਖਮੀ ਨਾਰਾਇਣ ॥ ਦ੍ਰੋਪਤੀ ਲਜਾ ਨਿਵਾਰਿ ਉਧਾਰਣ ॥ ਕਮਲਾਕੰਤ ਕਰਹਿ ਕੰਤੂਹਲ ਅਨਦ ਬਿਨੋਦੀ ਨਿਹ ਸੰਗਾ ॥ ੬ ॥

ਅਮੋਘ ਦਰਸਨ ਅਜੂਨੀ ਸੰਭਉ ॥ ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ ॥ ਅਬਿਨਾਸੀ ਅਬਿਗਤ ਅਗੋਚਰ ਸਭੁ ਕਿਛੁ ਤੁਝਹੀ ਹੈ ਲਗਾ ॥ ੭ ॥

ਸ੍ਰੀ ਰੰਗ ਬੈਕੁੰਠ ਕੇ ਵਾਸੀ ॥ ਮਛੁ ਕਛੁ ਕੂਰਮੁ ਆਗਿਆ ਅਉਤਰਾਸੀ ॥ ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ ॥ ੮ ॥

ਨਿਰਾਹਾਰੀ ਨਿਰਵੈਰੁ ਸਮਾਇਆ ॥ ਧਾਰਿ ਖੇਲੁ ਚਤੁਰ-ਭੁਜੁ ਕਹਾਇਆ॥ ਸਾਵਲ ਸੁੰਦਰ ਰੂਪ ਬਣਾਵਹਿ ਬੇਣੁ ਸੁਨਤ ਸਭ ਮੋਹੈਗਾ ॥ ੯ ॥

ਬਨਮਾਲਾ ਬਿਭੂਖਨ ਕਮਲ ਨੈਨ ॥ ਸੁੰਦਰ ਕੁੰਡਲ ਮੁਕਟ ਬੈਨ ॥ ਸੰਖ ਚਕ੍ਰ ਗਦਾ ਹੈ ਧਾਰੀ ਮਹਾ ਸਾਰਥੀ ਸਤਸੰਗਾ ॥ ੧੦ ॥

ਪੀਤ ਪੀਤੰਬਰ ਤ੍ਰਿਭਵਣ ਧਣੀ ॥ ਜਗੰਨਾਥੁ ਗੋਪਾਲ ਮੁਖਿ ਭਣੀ ॥ ਸਾਰਿੰਗ ਧਰ ਭਗਵਾਨ ਬੀਠੁਲਾ ਮੈ ਗਣਤ ਨ ਆਵੈ ਸਰਬੰਗਾ ॥ ੧੧ ॥

ਨਿਹਕੰਟਕੁ ਨਿਹ ਕੇਵਲੁ ਕਹੀਐ ॥ ਧਨੰਜੈ ਜਲਿ ਥਲਿ ਹੈ ਮਹੀਐ ॥ ਮਿਰਤ ਲੋਕ ਪਇਆਲ ਸਮੀਪਤ ਅਸਥਿਰ ਥਾਨੁ ਜਿਸੁ ਹੈ ਅਭਗਾ ॥ ੧੨ ॥

ਪਤਿਤ ਪਾਵਨ ਦੁਖ ਭੈ ਭੰਜਨੁ ॥ ਅਹੰਕਾਰ ਨਿਵਾਰਣੁ ਹੈ ਭਵ ਖੰਡਨ ॥ ਭਗਤੀ ਤੋਖਿਤ ਦੀਨ ਕ੍ਰਿਪਾਲਾ ਗੁਣੇ ਨ ਕਿਤ ਹੀ ਹੈ ਭਿਗਾ ॥ ੧੩ ॥

ਨਿਰੰਕਾਰੁ ਅਛਲ ਅਡੋਲੋ ॥ ਜੋਤਿ ਸਰੂਪੀ ਸਭੁ ਜਗ ਮਉਲੋ ॥ ਸੋ ਮਿਲੈ ਜਿਸੁ ਆਪਿ ਮਿਲਾਏ ਆਪਹੁ ਕੋਇ ਨ ਪਾਵੈਗਾ ॥ ੧੪ ॥

ਕਿਰਤਮ ਨਾਮ ਕਥੇ ਤੇਰੇ ਜਿਹਬਾ ॥
"ਸਤਿਨਾਮੁ" ਤੇਰਾ ਪਰਾ ਪੂਰਬਲਾ ॥ ***

(ਮਾਰੂ ਮਹਲਾ ੫)

ਪੁਨਾ :—

ਕਾਰਨ ਕਰਨ ਕਰੀਮ ॥ ਸਰਬ ਪ੍ਰਤਿਪਾਲ ਰਹੀਮ ॥ ਅਲਹ ਅਲਖ ਅਪਾਰ ॥ ਖੁਦ-ਖੁਦਾਇ ਵਡ ਬੇਸੁਮਾਰ ॥ ੧ ॥

ਓਨਮੋ ਭਗਵੰਤ ਗੁਸਾਈ ॥ ਖਾਲਕੁ ਰਵਿ ਰਹਿਆ ਸਰਬ ਠਾਈ ॥ ੧ ॥ ਰਹਾਉ ॥

ਜਗੰਨਾਥ ਜਗ ਜੀਵਨ ਮਾਧੋ ॥ ਭਉ ਭੰਜਨ ਰਿਦ ਮਾਹਿ ਅਰਾਧੋ ॥ ਰਿਖੀ ਕੇਸ ਗੋਪਾਲ ਗੁੋਵਿੰਦ ॥ ਪੂਰਨ ਸਰਬਤ੍ਰ ਮੁਕੰਦ ॥ ੨ ॥

ਮਿਹਰਵਾਨ ਮਉਲਾ ਤੂਹੀ ਏਕ ॥ ਪੀਰ ਪੈਕਾਂਬਰ ਸੇਖ ॥ ਦਿਲਾ ਕਾ ਮਾਲਕੁ ਕਰੇ ਹਾਕੁ॥ ਕੁਰਾਨ ਕਤੇਬ ਤੇ ਪਾਕੁ ॥ ੩ ॥ ਨਾਰਾਇਣ ਨਰ ਹਰ ਦਇਆਲ ॥ ਰਮਤ ਰਾਮ ਘਟ ਘਟ ਆਧਾਰ ॥ ਬਾਸਦੇਵ ਬਸਤ ਸਭ ਠਾਇ ॥ ਲੀਲਾ ਕਿਛੁ ਲਖੀ ਨ ਜਾਇ ॥ ੪ ॥

ਮਿਹਰ ਦਇਆ ਕਰਿ ਕਰਨੈ ਹਾਰ ॥ ਭਗਤਿ ਬੰਦਗੀ ਦੇਹਿ ਸਿਰਜਨਹਾਰ ॥ ਕਹੁ ਨਾਨਕ ਗੁਰਿ ਖੋਏ ਭਰਮ ॥ ਏਕੋ ਅਲਹੁ ਪਾਰਬ੍ਰਹਮ ॥ ੫ ॥ ੩੪ ॥ ੪੫ ॥

(ਰਾਮਕਲੀ ਮਃ ੫)

ਸੋ ਜਿਤਨੇ ਭੀ ਗੁਰਬਾਣੀ ਵਿਚ ਸਿਫਤੀ ਨਾਮ ਹਨ ਸਭੋ ਅਕਾਲ ਸੰਬੋਧ ਹਨ ਜਿਥੇ ਰਾਮ ਚੰਦ ਯਾ ਕ੍ਰਿਸ਼ਨ ਆਦਮੀ ਦਾ ਨਾਮ ਹੈ ਓਥੇ ਮੁਰਾਰੀ, ਚੰਦ੍ਰਬੰਸੀ, ਯਾ ਰਾਜਾ ਅਥਵਾ ਅਵਤਾਰ ਸਬੰਧੀ ਸਾਫ ਪ੍ਰਗਟ ਕਰ ਦਿਤਾ ਹੈ ਜੈਸਾ ਕਿਃ—

(ੳ) "ਨਾਨਕ ਨਿਰਭਉ ਨਿਰੰਕਾਰੁ ਹੋਰ ਕੇਤੇ ਰਾਮ ਰਵਾਲ" (ਵਾਰ ਆਸਾ) ਪੁਨਾਃ—

(ਅ) "ਰਾਮ ਗਇਓ ਰਾਵਨੁ ਗਇਓ ਜਾਕਉ ਬਹੁ ਪਰਵਾਰ" (ਸਲੋਕਮਃ ੯)

(ੲ) "ਰੋਵੈ ਰਾਮ ਨਕਾਲਾ ਭਇਆ ॥ ਸੀਤਾ ਲਖਮਣ ਵਿਛੜ ਗਇਆ ॥" (ਰਾਮਕਲੀ ਵਾਰ)

(ਸ) "ਰਾਮ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ ॥
ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝ ਅਪਾਰ॥
(ਸਲੋਕ ਵਾਰਾਂ ਤੋਂ ਵਧੀਕ)

(ਹ) "ਮਨ ਮਹਿ ਝੂਰੈ ਰਾਮ ਚੰਦ ਸੀਤਾ ਲਛਮਨ ਜੋਗੁ ।"

(ਕ) ਜੁਗਹਿ ਜੁਗਹਿ ਕੇ ਰਾਜੇ ਕੀਏ ਗਾਵਹਿ ਕਰ ਅਵਤਾਰੀ।

(ਖ) ਕ੍ਰਿਸ਼ਨ ਸਦਾ ਅਵਤਾਰੀ ਰੂਧਾ ਕਿਤ ਲਗ ਤਰੈ ਸੰਸਾਰਾ।

ਗੁਰੂ ਸਾਹਿਬ ਨੇ ਐਸੇ ਪਦਾਂ ਦਾ ਗੁਰਬਾਨੀ ਵਿੱਚ ਟੀਕਾ ਕਰਕੇ ਸਪਸ਼ਟ ਕਰ ਦਿੱਤਾ ਹੈ।

"ਰਾਮ ਕਹਿਨ ਮਹਿ ਭੇਦ ਹੈ ਤਾਂ ਮਹਿ ਏਕ ਬਿਚਾਰ ॥ ਸੋਈ ਰਾਮ ਸਭੈ ਕਹਹਿ ਸੋਈ ਕਉਤਕਹਾਰ ॥ ਕਬੀਰ ਰਾਮੈ ਰਾਮ ਕਹੁ ਕਹਬੇ ਮਾਹਿ ਬਿਬੇਕ ॥ ਏਕ ਅਨੇਕਹਿ ਮਿਲ ਗਇਆ ਏਕ ਸਮਾਨਾ ਏਕ ॥

ਇਸਤੋਂ ਪਹਿਲੇ ਭੀ ਇਸ ਪ੍ਰਕਾਰ ਦੇ ਪ੍ਰਮਾਣ ਦਿਤੇ ਗਏ ਹਨ ਜੈਸਾ ਕਿ-ਵਾਸਦੇਵ-ਵਸਤ ਸਭ ਠਾਇ ॥

ਰਮਤਰਾਮ ਸਭ ਰਹਿਓ ਸਮਾਇ" ॥

(ਗੋਂਡ ਮ: ੫)

ਹੋਰ ਦੇਖੀਦੇ ! "ਪ੍ਰਹਲਾਦ ਕਾ ਰਾਖਾ ਹੋਇਆ ਰਘੁਰਾਇ"

(ਗਉੜੀ ਮ: ੩)

"ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋਪਾਲ, ਨਹੀ ਛੋਡਉਰੇ ਬਾਬਾ ਰਾਮ ਨਾਮ"॥ (ਬਸੰਤ ਕਬੀਰ)

ਵੀਚਾਰੋ ! ਪ੍ਰਹਿਲਾਦ ਭਗਤ ਦੀ ਰਖਿਆ ਕਰਨ ਸਮੇ ਰਾਮਚੰਦ ਯਾ ਕ੍ਰਿਸ਼ਨ ਆਦਿ ਜਨਮੇ ਭੀ ਨਹੀ ਸਨ ਜਿਸਤੋਂ ਸਿਧ ਹੈ ਕਿ **ਰਘੁਰਾਇ** ਤੇ ਰਾਮ ਆਦਿ ਪਦ ਪਹਿਲੇ ਤੋਂ ਹੀ ਵਾਹਗੁਰ ਦੇ ਸਿਫਤੀ ਨਾਮ ਪ੍ਰਚਲਤ ਸਨ, ਏਸੇ ਕਿਸੇ *'ਮੁਰਾਰੀ'ਦੇਅਰਥ ਜੜ੍ਹ ਚੇਤਨ ਵਿਚਵਿਆਪਕ ਦੇ ਹਨ ਪ੍ਰੰਤੂ **ਖਿੱਚ ਕਰਨ ਵਾਲੇ 'ਮੁਰਾਰੀ' ਕ੍ਰਿਸ਼ਨ** ਦੇ ਨਾਮ ਨਾਲ ਲਾਕੇ ਮੁਰ (ਦੈਂਤ) ਦਾ ਆਰੀ(ਦੁਸ਼ਮਨ) ਅਰਥ ਬਣਾ ਦਿੰਦੇ ਹਨ ॥

ਇਸੀਪ੍ਰਕਾਰ "ਸ਼ਿਵ" ਕਲਯਾਨ ਕਰਤਾ ਦਾ ਨਾਮ ਹੈ, "ਵਿਸ਼ਨ" ਬ੍ਰਿਧੀ ਕਰਨ ਵਾਲੇ ਦਾ ਨਾਮ ਹੈ, ਇਸੀ ਪ੍ਰਕਾਰ

---

*ਉਕਤ ਗੁਰਬਾਨੀਦੇ ਪ੍ਰਮਾਣਾਂ, ਅਨੁਸਾਰ ਭਾਈ ਗੁਰਦਾਸਜੀ ਦੀ ਪਹਿਲੀ ਵਾਰ ਦੀ ਅਖੀਰਲੀ ਪੌੜੀ ਵਿੱਚ ਜੋ ਵਾਹਗੁਰ ਸ਼ਬਦ ਦਾ ਜੋੜ ਕੀਤਾ ਹੈ ਓਹ ਬਿਲਕੁਲ ਗਲਤ ਹੈ, ਜੋ ਕਿ ਕਿਸੇ ਚਲਾਕ ਹਿੰਦੂ ਦਾ ਸਿਖਾਂਨੂੰ ਟਪਲੇ ਵਿਚ ਪੌਣ ਦਾ ਯਤਨ ਹੈ।

"ਧਰਮ ਰਾਜ" ਧਰਮ ਮੂਲਕ ਦਾ ਨਾਮ ਹੈ, ਪ੍ਰੰਤੂ "ਭਗਉਤੀ" ਪਦ ਦੇ ਅਰਥ ਸਵਾਇ ਦੇਵੀ ਯਾ ਤਲਵਾਰ ਤਥਾ ਭਗਤ ਤੋਂ ਬਿਨਾਂ ਕਿਸੇ ਗੁਰਪ੍ਰਮਾਣ ਦੁਆਰਾ ਵਾਹਿਗੁਰ ਸੰਕੇਤ ਨਹੀ ਹੋ ਸਕਦੇ ਨਾਹੀ ਗੁਰੂ ਸਾਹਿਬਾਂ ਨੇ ਜਿਹੜੇ ਕੀਤੇ ਰਾਗ ਉਪਰਲੀ ਨਾਮ ਵਿਆਖਿਆ ਵਿਚ ਭਗਉਤੀ ਪਦ ਦਾ ਕਿਤੇ ਮੁਸ਼ਕ ਤਕ ਭੀ ਨਹੀ। ਭਗਉਤੀ ਪਦ ਨੂੰ ਅਕਾਲ ਵਾਚਯ ਪਦ ਸਾਬਤ ਕਰਨ ਲਈ ਗੁਰਬਾਨੀ ਵਿਚ ਇਕ ਭੀ ਪ੍ਰਮਾਣ ਨਹੀ ਮਿਲਦਾ, ਸਾਥ ਹੀ ਇਸਤ੍ਰੀ ਲਿੰਗ ਪਦ ਅਕਾਲ ਪੁਰਖ ਪ੍ਰਥਾਇ ਵਰਤੇ ਹੀ ਨਹੀਂ ਗਏ। ਜੈਸਾ ਕਿ "ਏਕਾ ਪੁਰਖ ਸਬਾਈ ਨਾਰ" ਗੁਰੂਵਾਕ ਤੋਂ ਗੁਰੂ ਨਾਨਕ ਮਤਿ ਸਿਧ ਹੁੰਦਾ ਹੈ।

(ਅ)—ਜੋ ਭਾਈ ਇਸ ਭਗਉਤੀ ਦੀ ਵਾਰ ਨੂੰ ਗੁਰਬਾਣੀ ਸਾਬਤ ਕਰਨ ਦੀ ਕੋਸ਼ਸ਼ ਕਰਦੇ ਹਨ, ਉਹ ਵੀਰ ਕ੍ਰਿਪਾ ਕਰਕੇ ਮਾਰ ਕੰਡੇ ਰਿਖੀ ਦਾ ਬਣਾਇਆ ਹੋਇਆ ਪੁਰਾਣ ਪੜ੍ਹਨ ਅਥਵਾ ਸੁਣਨ, ਜੇਕਰ ਕੋਈ ਏਹ ਜੁਗਤੀ ਅੜਾਵੇ ਕਿ ਪੁਰਾਨ ਵਿਚ ਤਾਂ ਭਗਉਤੀ ਦਾ ਪ੍ਰਸੰਗ ਇਸੀ ਪ੍ਰਕਾਰ ਜ਼ਰੂਰ ਲਿਖਿਆ ਹੈ ਪ੍ਰੰਤੂ ਸਤਿਗੁਰਾਂ ਦੇ ਸਮੇਂ ਅਥਵਾ ਹਜ਼ੂਰੀ ਵਿਚ ਉਲਥਾ ਹੋਣ ਕਰਕੇ ਗੁਰਬਾਣੀ ਬਣ ਗਈ। ਉਹ ਭਾਈ ਇਸ ਅਣੋਖੇ ਮੰਤਵ ਦੁਆਰਾ ਇਹ ਭੀ ਸੋਚ ਲੈਣ ਕਿ ਫਿਰ ਦਸਮ ਗ੍ਰੰਥ ਸਾਰਾ ਹੀ ਗੁਰੂਬਾਣੀ ਮੰਨਣਾ ਪਊ। ਜਿਸ ਵਿਚ ੪੦੪ ਚਰਿਤ੍ਰ, ਅਸਫੋਟਕ ਤੇ ਅਵਤਾਰਾਂ ਦੀ ਕਥਾ ਤੇ ਰਸਕ ਗ੍ਰੰਥ ਦੀਆਂ ਕਹਾਣੀਆਂ ਸ਼ਾਮਲ ਹਨ। ਸੋ ਇਸ ਮੰਤਕ ਨਾਲ "ਚੰਡੀ ਦੀ ਵਾਰ" ਗੁਰਬਾਣੀ ਸਿਧ ਨਹੀਂ ਹੋ ਸਕਦੀ। ਜੈਸਾ ਕਿ ਅਸੀਂ ਪਿਛੇ ਸਾਫ ਤੌਰ ਸੇ ਬਹੁਤ ਕੁਛ ਦਸ ਆਏ ਹਾਂ।

ਨੋਟ—"ਜਿਨ੍ਹਾਂ ਹਠ ਨਹੀਂ ਕਰਨਾ ਓਹ ਅੱਗੇ ਲਿਖੇ ਛੰਦਾਂ ਨੂੰ ਪੜ੍ਹਕੇ ਆਪਣੇ ਚਿਤਾਂ ਵਿਚ ਆਪੇ ਫੈਸਲਾ ਕਰਨ ਕਿ ਉਹ ਆਪਣੇ ਕੁੜਾਵੇ ਹਠ ਦੁਆਰਾ ਕਿਸਤਰਾਂ ਗੁਰਬਾਣੀ ਮਨ ਸਕਦੇ ਹਨ।

ਯਥਾ ॥ ਸਵੈਯਾ ॥

ਆਸਨ ਔਰ ਅਲਿੰਗਨ ਚੁੰਬਨ,
ਆਜੁ ਭਲੇ ਤੁਮਰੇ ਕਸਿ ਲੈਹੋਂ।
ਰੀਬ ਹੈਂ ਜੌਨ ਉਪਾਇ ਗੁਮਾਨੀ,
ਤੈਂ ਤਾਹਿ ਉਪਾਇ ਸੋ ਤੋਹਿ ਰਿਝੈ ਹੋਂ।
ਪੋਸਤ ਭਾਂਗ ਸ਼ਰਾਬ ਅਫੀਮ,
ਖਵਾਇ ਤੁਮੈ ਅਬ ਆਪ ਚੜ੍ਹੈ ਹੋਂ।
ਕੋਟਿ ਉਪਾਵ ਕਰੋ ਕਿਉਂ ਨ ਮੀਤ ਪੈ,
ਕੇਲ ਕਰੇ ਬਿਨ ਜਾਨ ਨ ਦੈ ਹੋਂ।

ਪੁਨਾ— ਪੋਸਤ ਭਾਂਗ ਅਫੀਮ ਖੁਲਾਇ।
ਆਸਨ ਤਾਂ ਤਰ ਦੀਯੋ ਬਨਾਇ।
ਚੁੰਬਨ ਰਾਇ ਅਲਿੰਗਨ ਲਏ।
ਲਿੰਗ ਦੇਤ ਤਿਹ ਭਗ ਮੋ ਭਏ॥
ਭਗ ਮੋ ਲਿੰਗ ਦੀਆ ਰਾਜਾ ਜਬ।
ਰੁਚ ਉਪਜੀ ਤਰੁਣੀ ਕੇ ਜੀਯ ਤਬ।
ਲਪਟਿ ਲਪਟਿ ਆਸਨ ਤਰ ਗਈ।
ਚੁੰਬਨ ਕਰਤ ਭੂਪ ਕੋ ਭਈ॥

ਪੁਨਾ—

ਅਖੀਆਂ ਦੁਹਾਂ ਦੇ ਵਿਚ ਸੁਰਮੇ ਕੂੰ ਪਾਇ ਪਿਆਰੀ,
ਛਾਤੀਆਂ ਦੁਹਾਂ ਦੇ ਵਿਚ ਚੰਦਨ ਲਗਾਵਣਾ।
ਬਿੰਦੀ ਬਿੰਦੀ ਬੇਸਰ ਬਣਾਇ ਬਾਜੂ ਬੰਦਾਂ ਤਾਂਈਂ,
ਸੀਸ ਉਤੇ ਭੌਰਾ ਸੀਸ ਫੂਲ ਭੀ ਛਕਾਵਣਾ।
ਭੰਗ ਕੂੰ ਚੜ੍ਹਾਇਕੇ 'ਅਫੀਮ ਘਣੀ ਖਾਇਕੇ,
ਖੁਸ਼ਾਲ ਹੈ ਕੇ ਖੇਲ ਸਾਰੀ ਰਾਤ ਦਾ ਮਚਾਵਣਾ।
ਛਪਿ ਨਹੀਂ ਜਾਵਣਾ ਰਿਝਾਵਣਾਂ ਯਾਰਾਂ ਨੂੰ ਵੰਤਿ,
'ਯਾਰੜੀ' ਜਰੂਰ ਸਾਥੋ ਆਵਣਾ ਹੀ ਆਵਣਾ।

ਸੂਚਨਾ—ਉਪਰਲੀ ਕਵਿਤਾ ਦੇ ਅਰਥ ਕਰਕੇ। ਇਸਨੂੰ ਗੁਰਬਾਣੀ ਮੰਨਣ ਵਾਲੇ ਸ਼ਰਮਿੰਦੇ ਹੋਣ॥

(ਙ)-ਅਪਨੀ ਮਰਜੀ ਨਾਲ ਗੁਰਬਾਣੀਦੇ ਅਰਥ ਕਰਨਵਾਲਾ ਖੋਜੀ ਸਿਖ ਨਹੀਂ ਕਿਹਾ ਜਾ ਸਕਦਾ, ਅਰਥ ਉਹ ਸਹੀ ਹਨ ਜੋ

"੧ ੴ ਸਤਿਨਾਮੁ" ਭਾਵ ਸਾਰੇ ਮੂਲ ਮੰਤ੍ਰ ਨਾਲ ਟਾਕਰਾ ਖਾਣ, ਸੋ ਗੁਰੁਮਤਿ ਅਨੁਸਾਰ ਅਰਦਾਸ ਵਿਚ ਸਤਿਨਾਮੁ ਪਦ ਵਰਤਨਾ ਸਹੀ ਹੈ। ਤੇ ਭਗਉਤੀ ਪਦ ਵਰਤਨਾ ਮਨਮਤ ਹੈ, ਉਕਤ ਸਿਧਾਂਤ ਸਤਿਗੁਰੂਦਾ ਹੈ,ਜੈਸਕਿ 'ਸਤਿਨਾਮੁ ਤੇਰਾ ਪਰਾ ਪੂਰਬਲਾ' ਆਦ ਗੁਰਵਾਕਾਂ ਤੋਂ ਸਪਸ਼ਟ ਹੈ।

(ਸ)-ਜੋ ਭਰਾ ਕਹਿੰਦੇ ਹਨ ਕਿ ਭਗਉਤੀ ਪਦ ਅਕਾਲ ਪੁਰਖ ਦਾ ਵਾਚਕ ਤਾਂ ਨਹੀਂ ਕੇਵਲ ਲਾਖਛਣਕ ਹੈ, ਇਸਤੇ ਸਿਮਰਨ ਸਮੇਂ ਭਗਉਤੀ ਸ਼ਬਦ ਨੂੰ ਵਾਹੁਗੁਰ ਕਰਕੇ ਮੰਨੋ, ਤੇ ਵੈਸੇ ਦੇਵੀ ਸਮਝੋ। ਜੇ ਇਸਪ੍ਰਕਾਰ ਦੇ ਜਕੜਾਂ ਨੂੰ ਮੰਨੀਏ ਤਾਂ ਪਥਰ, ਪਾਣੀ, ਅਗਨ ਆਦਿ ਜੜ੍ਹ ਵਸਤਾਂ ਭੀ ਰੱਬ ਹੋ ਸਕਦੀਆਂ ਹਨ। ਕਿਉਂਕਿ ਏਹ ਭੀ ਲਾਖਛਣਕ ਹਨ। ਯਥਾ:-

ਪਥਰ-ਕਰੜਾ ਠੋਸ, ਮਜ਼ਬੂਤ ਅਭਿੱਜ ਹੈ ਤੇ ਪਾਣੀ-ਠੰਡਾ (ਸ਼ਾਂਤ) ਨਿਰਮਲ, ਹਰ ਮਨ ਪਿਆਰਾ, ਉਪਕਾਰੀ ਹੈ ਅਤੇ ਅਗਨ-ਪ੍ਰਕਾਸ਼ ਸਰੂਪ, ਦਮਨ ਕਰਤੀ, ਸਫਾਈ ਪੁੰਜ, ਟੈਹਲਨ, ਆਦਿ ਆਦਿ ਬਹੁਤ ਸੇ ਗੁਣਾਂ ਵਾਲੀ ਹੈ ਉਕਤ ਗੁਣ ਅਕਾਲ ਪੁਰਖ ਪਰ ਭੀ ਘਟਦੇ ਹਨ। ਫਿਰ ਲਾਖਛਣਕ ਕਿਸ ੨ ਚੀਜ ਨੂੰ ਮੰਨਾਂਗੇ ? ਕਿਉਂਕਿ ਹਰ ਇਕ ਚੀਜ ਦਾ ਕੋਈ ਨਾ ਕੋਈ ਅੰਗ ਕਿਸੇ ਹਾਲਤ ਵਿਚ ਵਾਹੁ-ਗੁਰ ਸਿਫਤ ਨਾਲ ਜਰੂਰ ਮਿਲ ਜਾਂਦਾ ਹੈ। ਇਸ ਕਰਕੇ ਕਿਆ ਚੰਗਾ ਹੋਵੇ ਜੇ ਇਕੋ ਵਾਰੀ ਕਹਿ ਦੇਈਏ ਕਿ ਸਭ ਕੁਝ ਰੱਬ ਹੀ ਰੱਬ ਹੈ। ਤਿਸ ਬਿਨਾਂ ਹੋਰ ਕੁਝ ਨਹੀਂ, ਲਾਖਛਣਕ ਆਦਿ ਸਭ ਕੁਝ ਵਿਚੇ ਹੀ ਆ ਗਇਆ, ਇਸ ਪ੍ਰਕਾਰ ਸਤਿਨਾਮੁ ਤੇ ਭਗਉਤੀ ਦਾ ਨਿਰਨਾ ਭੀ ਵਿਚੇ ਆ ਜਾਊ, ਯਾਂਤੇ ਲਾਖਛਣਕ ਕਹਿਕੇ ਪਿਛਾ ਛੁਟਣਾ ਔਖਾ ਹੈ।

(ਹ)—ਕਈ ਅਗਿਆਨੀ ਏਹ ਡਰਾਵਾ ਦੇ ਦਿੰਦੇ ਹਨ, ਕਿ ਭਗਉਤੀ ਪਰ ਅਟੈਕਨ ਕਰਨਾ ਸਿਖੀ ਨਿਸਚੇ ਤੋਂ ਪਤਤ ਹੋਣਾ ਹੈ, ਕਿਉਂਕਿ ਭਗਉਤੀ ਵਾਰ ਗੁਰੁਬਾਣੀ ਹੈ, ਸੋ ਉਹ ਸਜਨ ਨਿਸਚੇ ਰਖਣ ਕਿ ਇਨਾਂ ਭ੍ਰਮ ਡਰਾਵਿਆਂ ਨਾਲ ਖਾਲਸਾ ਜੀ ਦਾ ਨਿਸਚਾ ਗੁਰਬਾਣੀ ਸਿਧਾਂਤ ਨੂੰ ਛਡਕੇ ਕੁਰਾਹੇ ਨਹੀਂ ਪੈ ਸਕਦਾ। ਉਹ ਗੁਰੁਬਾਣੀ ਸਾਬਤ ਕਰਨ ਲਈ ਸਿਰਫ ਏਹੋ ਜੁਗਤੀ ਦਿੰਦੇ ਹਨ, ਕਿ ਵਾਰ ਪਰ ਪਾਤਸ਼ਾਹੀ ੧੦ ਲਿਖਿਆ ਹੈ, ਸੋ ਏਹ ਭੀ ਅੰਧ-ਨਿਸਚਾ ਹੈ, ਕਿਉਂਕਿ ਕਿਸੇ ਲਿਖਾਰੀ ਦਾ ਪਾਤਸ਼ਾਹੀ ੧੦ ਲਿਖਕੇ ਖਾਲਸਾ ਜੀ ਨੂੰ ਗੁਰੁਬਾਣੀ ਦੇ ਆਸ਼ੇ ਤੋਂ ਉਲਟ ਕਰਨ ਲਈ ਐਸਾ ਯਤਨ ਸਫਲਾ ਨਹੀਂ ਹੋ ਸਕਦਾ। ਇਸ਼ੀ ਪ੍ਰਕਾਰ ਪਾਤਸ਼ਾਹੀ ੧੦ ਤਾਂ ਲਿਖਾਰੀਆਂ ਨੇ ਚਰਿਤ੍ਰਾਂ ਆਦ ਪਰ ਭੀ ਲਿਖਿਆ ਹੋਇਆ ਹੈ। ਇਸੀ ਕਰਕੇ "ਗੁਰੁਬਾਣੀ ਸਿਧਾਂਤ ਕਸਵੱਟੀ" ਨਾਮੇ ਪੁਸਤਕ ਸਾਨੂੰ ਛੇਤੀ ਹੀ ਤਿਆਰ ਕਰਨਾ ਪਊ। ਤਾਂਕਿ ਗੁਰਮਤਿ ਅਗਜਾਤ ਪੰਡਤਾਂ ਦਾ ਹੰਕਾਰ ਸੁਤੇ ਹੀ ਦੂਰ ਹੋ ਜਾਵੇ॥

(ਕ)—ਕਈਕ ਤੇਗ ਤੋੜੇ (ਕਕਾਰ ਹੀਣ) ਨਿਰਮਲੇ ਪੰਡਤਾਂ ਦੇ ਚਾਟੜੇ ਖਾਲਸਾ ਸਰੂਪ ਧਾਰਕੇ ਏਹ ਕੈਹ ਦਿੰਦੇ ਹਨ ਕਿ "ਪ੍ਰਿਥਮ ਭਗਉਤੀ ਸਿਮਰਕੇ" ਵਾਲੀ ਪਹਿਲੀ ਪਉੜੀ ਤਾਂ ਗੁਰੁ-ਬਾਣੀ ਹੈ, ਤੇ ਬਾਕੀ ਸਭ ਦੇਵੀ ਦੇ ਯੱਸ ਦੀ ਕਵਿਤਾ ਹੈ। ਅਤੇ ਕਈਕ "ਪ੍ਰਿਥਮੇ ਖੰਡਾ ਸਾਜਕੇ" ਵਾਲੇ ਇਕ ਦੋ ਹੋਰ ਛੰਤ ਸ਼ਾਮਲ ਕਰਕੇ ਇਸਨੂੰ ਭੀ ਗੁਰੁਬਾਣੀ, ਤੇ ਬਾਕੀ ਨੂੰ ਚੰਡੀ ਯੱਸ਼ ਦੀ ਕਵਿਤਾ ਕੈਂਹਦੇ ਹਨ। ਭਲਾ ਜੇ ਏਹ ਯੁਗਤੀ ਥੋੜੇ ਚਿਰ ਲਈ ਮੰਨ ਭੀ ਲਈਏ ਤਾਂ ਏਹ ਪਉੜੀ "ਗੁਰੂ ਤੇਗ ਬਹਾਦਰ ਸਿਮਰੀਐ ਘਰ ਨਉਨਿਧ ਆਵੈ ਧਾਇ" ਤਕ ਪੂਰਨ ਹੈ। ਸੋ ਇਸਤੋਂ ਅਗੋਂ "ਦਸਮੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਭ ਥਾਂਈ ਹੋਇ ਸਹਾਇ" ਇਸ ਪ੍ਰਕਾਰ ਉਨ੍ਹਾਂ ਦੀ ਮੰਨੀ ਹੋਈ ਗੁਰੁਬਾਣੀ ਕਿਸ ਨੇ ਵਧਾ ਦਿਤੀ ਜੋ ਪਉੜੀ ਦੀ ਪੰਗਤੀ ਦੇ ਨਾਲ ਮਾਤ੍ਰਾਂ ਅਨੁਸਾਰ ਜ਼ੁਰਮੀ ਸਾਬਤ ਕੀਤੀ ਹੈ। ਇਸ ਪ੍ਰਕਾਰ ਗੁਰੁਬਾਣੀ, ਵਧੇਕ ਥ

ਹਕ ਕਿਸ ਨੇ ਤੇ ਕਦ ਪ੍ਰਾਪਤ ਕੀਤਾ ਹੈ ? ਜੇ ਕਹੋ ਖਾਲਸਾ ਪੰਥ ਨੇ, ਫੇਰ ਸੋਚ ਲਵੋ ਇਸ ਪ੍ਰਚਾਰ ਦਾ ਫਲ ਕੀ ਹੋਵੇਗਾ ?

ਸੋ ਇਸ ਅਰਦਾਸੇ ਸਬੰਧੀ ਪਉੜੀ ਨੂੰ ਗੁਰਬਾਣੀ ਮੰਨਣਾ ਹੀ ਵਿਚਾਰ ਹੀਣਤਾ ਹੈ ਅਤੇ "ਜੇ ਜੇ ਭਏ ਪਹਿਲ ਅਵਤਾਰਾ ॥ ਆਪ ਆਪ ਤਿਨ ਜਾਪ ਉਚਾਰਾ॥"

ਪੁਨਾ—ਸਭ ਤੇ ਅਪਨਾ ਨਾਮ ਜਪਾਯੋ। 'ਸਤਿਨਾਮੁ' ਕਾਹੂ ਨ ਦ੍ਰਿੜਾਯੋ। ਗੁਰਵਾਕਾਂ ਤੋਂ ਪੂਰਨ ਉਲਟ ਹੈ ॥

(ਖ)-ਕਈ ਕਿਹਾ ਕਰਦੇ ਹਨ, ਕਿ ਪਉੜੀ ਤੇ ਅਗੇ "ਪ੍ਰਿਥਮੇ ਖੰਡਾ ਸਾਜਕੇ ਜਿਨ ਸਭ ਸੰਸਾਰ ਉਪਾਇਆ" ਆਦਿ ਲਿਖਿਆ ਹੈ ਤੇ "ਤੈਹੀ ਦੁਰਗਾ ਸਾਜਕੈ ਦੈਤਾ ਦਾ ਨਾਸ ਕਰਾਇਆ" ਪ੍ਰਮਾਣ ਦੇਕੇ ਸਿਧ ਕਰਦੇ ਹਨ ਕਿ ਤੈਹੀ ਪਦ ਭਗਉਤੀ ਵਲ ਇਸ਼ਾਰਾ ਤੇ ਉਸਦੀ ਵਜਾਖਜਾ ਹੈ ਇਸ ਕਰਕੇ ਭਗਉਤੀ ਦੇ ਅਰਥ ਵਾਹੁਗੁਰ ਹਨ। ਭਲਾ ਉਹ ਭਾਈ ਏਹ ਦਸਨ ਕਿ ਭਗਉਤੀ ਦੀ ਵਾਰ ਦੇ ਕੀ ਅਰਥ ਕਰਨਗੇ, ਜੋ ਸਭ ਤੋਂ ਉਪਰ ਲਿਖੀ ਹੈ। ਕਿਉਂਕਿ ਏਹ ਵਾਰ ਅਕਾਲ ਪੁਰਖ ਦੀ ਨਹੀਂ, ਫਿਰ ਖੁਦ ਕਹਿਨਗੇ ਕਿ ਇਸਦੇ ਅਰਥ ਦੇਵੀ ਹਨ, ਉਨ੍ਹਾਂ ਪਾਸੋਂ ਅਸੀ ਪੁਛਦੇ ਹਾਂ ਭਲਾ ਇਸ ਭਗਉਤੀ ਵਾਰ ਵਲ ਇਸ਼ਾਰਾ ਕਿਉਂ ਨਹੀਂ ? ਅਗੋਂ ਏਹ ਹੁੱਜਤ ਡਾਹ ਦਿੰਦੇ ਹਨ ਕਿ "ਸਿਮਰਕੈ" ਪਦ ਭਗਉਤੀ ਨਾਲ ਸ਼ਾਮਲ ਕਰਨ ਕਰਕੇ ਭਗਉਤੀ ਪਦ ਦੇ ਅਰਥ ਵਾਹੁਗੁਰ ਹੋ ਜਾਂਦੇ ਹਨ। ਜੇ ਉਨਾਂ ਵੀਰਾਂ ਨੂੰ ਏਹ ਕਹੀਏ ਕਿ ਇਸ ਦੇ ਅਰਥ ਦੇਵੀ ਸਿਮਰਕੈ ਕਿਉਂ ਨਹੀਂ ਬਣੇ ? ਤਾਂ ਆਪਣੇ ਪੱਖ ਦਾ ਹਠ ਕਰਦੇ ਹੋਏ ਕਹਿੰਦੇ ਹਨ ਕਿ ਸਿਖਾਂ ਵਿੱਚ ਦੇਵੀ ਸਿਮਰਨ ਨਹੀਂ ਹੋ ਸਕਦਾ। ਭਲਾ ਫਿਰ ਤਰਲੇ ਕਿਉਂ ਕਰਦੇ ਹਨ ? ਸਿਧੇ ਇਸ ਮਨਮਤ ਦਾ ਤਿਆਗ ਕਜੋਂ ਨਹੀਂ ਕਰਦੇ ॥

ਜੇ ਉਨਾਂ ਦਾ ਸਿਮਰਨ ਪਰ ਹੀ ਜੋਰ ਹੈ ਤਾਂ ਸਿਮਰਨ ਪਦ ਭਗਉਤੀ (ਦੇਵੀ) ਨਾਲ ਕਈ ਥਾਂ ਔਂਦਾ ਹੈ। ਯਥਾ:—

"ਗੁਰ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ"

(ਭਾ: ਗੁ:)।

ਪੁਨਾ:–

ਜਿਨੈ ਜਉਨ ਅਰਥੰ ਧਿਆਓ ਭਵਾਨੀ (ਭਗਉਤੀ)

ਮਨੋ ਕਾਮਨਾ ਸਿਧ ਤਾਕੀ ਬਖਾਨੀ।

(ਸਰਬ ਲੋਹ ਗ੍ਰੰਥ ਛੰਤ ੭੧੧)

ਭਲਾ ਹੁਣ ਏਹ ਪਦ ਅਰਾਧਨ, ਧਿਆਇ, ਤੇ ਸਿਮਰਨ ਭਗਉਤੀ ਨੂੰ ਸਿਮਰਨ ਦੀ ਜੁਗਤੀ ਅਨੁਸਾਰ ਕਿਵੇਂ ਵਾਹਿਗੁਰ ਬਣਾ ਦੇਣਗੇ ? ਕਦਾਚਿਤ ਨਹੀਂ ! ਕੀ ਚੰਗਾ ਹੋਵੇ ਐਸੇ ਸਜਨ ਸਿਧਾ ਨਕ ਫੜਕੇ ਕਹਿ ਦੇਣ ਕਿ ਭਗਉਤੀ (ਦੇਵੀ) ਸਿਖਾਂ ਦਾ ਸਿਮਰਨ ਨਹੀਂ। "ਸਤਿਨਾਮੁ" ਸਹੀ ਹੈ। ਭਗਉਤੀ ਨੂੰ ਅਰ-ਦਾਸੇ ਵਿਚ ਠਪਕੇ ਰਖਣ ਨਾਲ ਕੋਈ ਫੈਦਾ ਨਹੀਂ। ਬਸ ! ਇਸੇ ਦਾ ਨਾਮ ਹੀ ਸਚਾਈ ਤੇ ਗੁਰਮੁਖਤਾ ਹੈ ॥

(ਗ)–ਜੋ ਭਾਈ ਏਹ ਜੁਗਤੀ ਪੇਸ਼ ਕਰਦੇ ਹਨ ਕਿ ਭਗਉਤੀ ਦੀ ਵਾਰ ਮਾਰਕੰਡੇ ਪੁਰਾਨ ਦਾ ਉਲਥਾ ਤਾਂ ਜਰੂਰ ਹੈ ਪਰ ਸਤਿਗੁਰ ਜੀ ਨੇ ਮੁਖਾਰ ਬਿੰਦ ਤੋਂ ਉਚਾਰੀ ਹੈ,ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਭਗਤਾਂ ਦੀਆਂ ਸਾਖੀਆਂ ਹਨ ਉਸੀ ਪ੍ਰਕਾਰ ਭਗਉਤੀ ਦੀ ਵਾਰ ਸਾਖੀ ਰੂਪ ਮੰਨੋ। ਐਸੇ ਸਜਨਾਂ ਨੂੰ ਏਹ ਭੀ ਸਮਝ ਨਹੀਂ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਦੀ ਬਾਣੀ ਉਲਥਾ ਸਰੂਪ ਨਹੀਂ, ਬਲਕਿ ਗੁਰਬਾਣੀ ਸਰੂਪ ਪ੍ਰਮਾਣ ਹਨ, ਜੋ ਗੁਰੂ ਸਿਧਾਂਤ ਅੰਦ੍ਰ ਬੰਧਨ ਕੀਤੇ ਹੋਏ ਹਨ,ਪਰ ਭਗਉਤੀ ਕਥਾ ਵਿਚ ਸਾਫ ਲਿਖਿਆ ਹੈ, "ਇਤਿ ਸ੍ਰੀ ਮਾਰ ਕੰਡੇ ਪੁਰਾਣੇ ਸ੍ਰੀ ਚੰਡੀ ਚਰਿਤ੍ਰ ਉਕਤ ਬਿਲਾਸ" ਜਿਸਤੋਂ ਸਾਫ ਉਲੱਥਾ ਕਰਨਾ ਸਿਧ ਹੁੰਦਾ ਹੈ ॥

ਗੁਰਬਾਣੀ ਦਾ ਅੱਖਰ ਅੱਖਰ ਸ੍ਰੀ ਮੁਖਵਾਕ ਹੈ। ਪ੍ਰੰਤੂ ਭਗ-ਉਤੀਦੀ ਵਾਰ ਦੇ ਅੰਤ ਪਰ ਸਾਫ ਲਿਖਿਆ ਹੈ–ਸੁੰਭ ਨਿਸੁੰਭ ਪਠਾ-ਇਆ ਜਮ ਦੇ ਧਾਮ ਨੋ॥ ਇੰਦ੍ਰ ਸੱਦ ਬੁਲਾਇਆ ਰਾਜ ਅਭਖੇਖਨੋ। ਸਿਰ ਪਰ ਛਤ੍ਰ ਫਰਾਇਆ ਰਾਜੇ ਇੰਦ੍ਰ ਦੇ ॥ ਚਉਦਹਿ ਲੋਕੀ

ਭਾਂਇਆ ਯੱਸ਼ ਜਗ ਮਾਤ ਦਾ॥ ਦੁਰਗਾ ਪਾਠ ਬਨਾਇਆ ਸਭੇ ਪਉੜੀਆਂ॥ ਫੇਰ ਨਾ ਜੂਨੀ ਆਇਆ ਜਿਨ ਇਹ ਗਾਇਆ॥੫੫॥ ਉਹ ਸਜਨ ਅਜੀਬ ਹਨ ਜੋ ਉਕਤ ਪਉੜੀ ਪੜ੍ਹਕੇ ਫੇਰ ਭੀ ਸੁੱਤੇ ਪਏ ਕਹਿੰਦੇ ਹਨ ਕਿ ਏਹ ਤਾਂ ਨਿਰੀ ਗੁਰਬਾਣੀ ਹੀ ਹੈ।

(ਙ)-ਕਈ ਭਾਈ ਏਹ ਇਤਰਾਜ ਕਰ ਦਿੰਦੇ ਹਨ, ਭਲਾ ਜੇ ਏਹ ਸਾਰੀ ਵਾਰ ਗੁਰਬਾਨੀ ਨਹੀਂ ਤਾਂ ਭਗਉਤੀ ਦੇ ਥਾਂ ਸਤਿਨਾਮੁ ਬੋਲਨ ਨਾਲ ਗੁਰਬਾਣੀ ਬਣ ਜਾਊ ? ਅਥਵਾ ਜੇ ਛਡਨੀ ਹੈ ਤਾਂ ਸਾਰੀ ਛਡੋ, ਨਹੀਂ ਤਾਂ ਜੋ ਏਹ ਵਾਰ ਮਨੌਂਦੀ ਹੈ ਮੰਨੀ ਚਲੋ। ਭਾਵੇਂ ਗੁਰੂ ਕਿਸੇ ਦੀ ਉਪਾਸ਼ਨਾ ਕਰਾਵੇ, ਉਸਦੇ ਮੰਨਣ ਵਿਚ ਸਿਖ ਦੀ ਕਲਯਾਨ ਹੈ। ਬਸ! ਉਪਰਲੇ ਖਿਆਲਾਂ ਦਾ ਨਾਮ ਹੀ ਜਫਾਮਾਰੂ ਅੰਨਾਂ ਨਿਸਚਾ ਹੈ, ਜਿਸ ਬਕਤੇ ਨੂੰ ਅਪਨੀ ਮੂੰਹੋਂ ਕੀਤੀ ਗਲ ਪਰ ਹੀ ਨਿਸਚਾ ਨਹੀਂ ਉਸ ਨਾਲ ਵਿਚਾਰ ਕਾਹਦੀ, ਇਸੀ ਅਕਲ ਦਾ ਨਾਮ ਤਾਂ "ਇਲਤ ਕਾ ਨਾਉਂ ਚੌਧਰੀ ਮੂਰਖ ਪੰਡਿਤ ਨਾਉ" ਪਣਾ ਹੈ ਕਿਉਂਕਿ ਵਿਚਾਰ ਸਮੇਂ ਤਾਂ ਤਿੰਨ ਕਾਣੇ ਭੀ ਪਲਿਓਂ ਨਾ ਨਿਕਲੇ ਵੈਸੇ ਜੋਰ ਦੇਣਾ ਕਿ ਭਗਉਤੀ ਨੂੰ ਜਰੂਰ ਮੰਨੋ। ਜਦ ਅਸੀਂ ਸਾਫ ਸਿਧ ਕਰ ਚੁਕੇ ਹਾਂ ਕਿ ਏਹ ਗੁਰਬਾਣੀ ਨਹੀਂ, ਤੇ ਨਾ ਹੀ ਅਸੀਂ ਇਕ ਅਕਾਲ ਤੋਂ ਬਿਨਾ ਕਿਸੇ ਕਿਰਤਮ ਚੀਜ ਨੂੰ ਮੰਨਦੇ ਹਾਂ, ਜੈਸਾ ਕਿ ਸਤਿਗੁਰਾਂ ਦਾ ਹੁਕਮ ਹੈ "ਬਿਨ ਕਰਤਾਰ ਨ ਕਿਰਤਮ ਮਾਨੋ" ਤਾਹੀਂਤੇ ਸਿਖਾਂ ਵਿਚ ਗੁਰਬਾਣੀ ਅਨੁਸਾਰ ਸਤਿਨਾਮੁ ਦਾ ਅਰਦਾਸਾ ਕਰਨਾ ਠੀਕ ਹੈ। ਹਾਂ! ਸਾਰੀ ਪਉੜੀ ਛਡਨੀ ਨਾ ਛਡਨੀ ਗੁਰੂ ਪੰਥ ਦੇ ਅਪਨੇ ਅਖਤਿਆਰ ਹੈ।

(ਚ)-ਕਈ ਸਜਨ! "ਪ੍ਰਿਥਮ ਭਗਉਤੀ ਸਿਮਰਕੈ" ਵਿਚ ਭਗਉਤੀ ਦੇ ਅਰਥ ਭਗਤ ਕਰ ਦਿੰਦੇ ਹਨ, ਤੇ ਪ੍ਰਮਾਣ ਏਹ ਦਿੰਦੇ ਹਨ ਕਿ "ਸੋ ਭਗਉਤੀ ਜੋ ਭਗਵੰਤੈ ਜਾਣੈ" ਚੂੰਕਿ ਸਤਿਗੁਰੂ ਜੀ ਅਕਾਲ ਪੁਰਖ ਦੇ ਭਗਤ ਹਨ ਇਸ ਕਰਕੇ ਏਹ ਪਉੜੀ ਭਗਤਾਂ ਦੀ ਪੰਗਤੀ ਸਿਧ ਹੋਈ। ਨਾ ਤਲਵਾਰ ਹੈ ਤੇ ਨਾ ਹੀ ਭਗਵਤੀ (ਦੇਵੀ) ਹੈ ਬਲਕਿ ਸਤਿਗੁਰੂ (ਭਗਤ) ਹਨ। ਇਸ ਜੁਗਤੀ ਨਾਲ "ਪ੍ਰਿਥਮ ਭਗਉਤੀ ਸਿਮਰਕੈ ਗੁਰੁ ਨਾਨਕ ਲਈ

ਧਿਆਇ" ਦੇ ਅਰਥ ਕਰਦੇ ਹਨ ਕਿ ਪਹਿਲੇ ਹੋ ਗੁਜ਼ਰੇ ਭਗਉਤੀ (ਭਗਤ) ਜੈਸਾ ਕਿ ਭਗਤ ਪ੍ਰਹਲਾਦ, ਭਗਤ ਜਨਕ ਆਦਿ ਨੂੰ ਚੇਤੇ ਕਰਕੇ ਮੈਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੂੰ ਧਿਆਂਵਦਾ ਹਾਂ। ਜਿਸਤੋਂ ਸਿਧ ਹੁੰਦਾ ਹੈ ਕਿ ਉਕਤ ਭਗਤ ਸਤਿ-ਗੁਰਾਂ ਤੋਂ ਪਹਿਲੋਂ ਸਿਮਰਨ ਜੋਗ ਹਨ, ਪਰੰਤੂ ਮੁਖ ਤੋਂ ਏਹ ਪੜ੍ਹਨਾ "ਸਤਿਗੁਰ ਨਾਨਕ ਦੇਵ ਗੁਰਾਂ ਗੁਰੁ ਹੋਇਆ।" ਤੇ ਅਰਦਾਸੇ ਵਿਚ ਜੁਗਤੀ ਏਹ ਦੇਣੀ ਕਿ ਪਹਿਲੇ ਭਗਤਾਂ ਨੂੰ ਸਿਮਰੋ। ਕੀ ਅਛਾ ਹੋਵੇ ਐਸੇ ਵੀਰ ਭਰਮ ਤੇ ਹੱਠ ਨੂੰ ਛਡਕੇ ਅਕਾਲੀ ਰਸਤੇ ਪੈ ਜਾਣ। ਸੋ ਉਕਤ ਅਜੁਗਤੀਆਂ ਸਬੰਧੀ ਭਰਮ ਗਿਆਨੀਆਂ ਨੂੰ ਅਸੀਂ ਚੰਗੀ ਤਰ੍ਹਾਂ ਸੰਬੋਧ ਕਰਕੇ ਬੇਨਤੀ ਕਰਦੇ ਹਾਂ, ਕਿ "ਅਜ ਨਪੁਤੀ ਕਲ ਨਪੁਤੀ" (ਪੰਜਾਬੀ ਕਹਾਵਤ ਵਤ) ਇਹ ਥਾਪੜ ਥੂਪੜ ਕਿੰਨਾਕੁ ਚਿਰ ਸੁਲਾ ਰਖੇਗੀ ਆਖਰ ਜਰੂਰ ਜਾਗਨਾ ਹੈ 'ਜਿਸ ਦਿਨ ਯੂਰਪ ਆਦਿ ਦੇਸਾਂ ਦੇ ਵਿਦਵਾਨ ਅੰਮ੍ਰਿਤਪਾਨ ਕਰਕੇ ਖਾਲਸਾ ਪੰਥ ਵਿਚ ਸ਼ਾਮਲ ਹੋਵਨ ਲਗੇ, ਜੜ ਪੂਜਾ ਜਾਂ ਤਲਵਾਰ ਇਸ਼ਟ ਮੰਨਣ ਦਾ ਪੋਲ ਉਸੀ ਦਿਨ ਖੁਲ੍ਹਾਕੇ ਖਾਲਸਾ ਪੰਥੀਆਂ ਨੂੰ ਸ਼ਰਮਿੰਦਗੀ ਉਠਾਣੀ ਪਊ ਕਿਉਂਕਿ ਉਪਦੇਸ਼ ਉਨਾਂ ਨੂੰ ਇਹ ਹੋਊ ਕਿ

ਖਾਲਸਾ ਪੰਥ ੧ ੴ ਵਾਹਗੁਰ ਦਾ ਉਪਾਸ਼ਕ ਹੈ ਹੋਰ ਦੇਵੀ, ਦੇਵ, ਮੜੀ, ਮਟ, ਗੋਰ ਜੜ੍ਹ ਆਦਿ ਵਸਤਾਂ ਦਾ ਉਪਾਸ਼ਕ ਨਹੀਂ, ਜੈਸਾ ਕਿ ਸਤਿਗੁਰਾਂ ਦਾ ਹੁਕਮ ਹੈ। ਯਥਾ:-

(੧)- ਜਾਗਤ ਜੋਤ ਜਪੈ ਨਿਸ ਬਾਸਰ,
ਏਕ ਬਿਨਾ ਮਨ ਨੈਕ ਨ ਆਨੈ।
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।
ਤੀਰਥ, ਦਾਨ, ਦਯਾ, ਤਪ, ਸੰਯਮ,
ਏਕ ਬਿਨਾ ਨਹਿ ਏਕ ਪਛਾਨੈ।

ਪੂਰਨ ਜੋਤਿ ਜਗੈ ਘਟ ਮੈਂ,
ਤਬ ਖਾਲਸਾ ਤਾਹਿ ਨਿਖਾਲਸ ਜਾਨੈ।

—ੴਪੁਨਾ—

(੨)— ਰਾਜ ਤੇ ਕੀਟ ਕੀਟ ਤੇ ਸੁਰਪਤਿ,
ਕਰ ਦੋਖ ਜਠਰ ਕਉ ਭਰਤੇ।
ਕ੍ਰਿਪਾ ਨਿਧਿ ਛੋਡ ਆਨ ਕਉ ਪੂਜਹਿ,
ਆਤਮ ਘਾਤੀ ਹਰਤੇ।
ਅਨਿਕ ਬਾਰ ਭ੍ਰਮਹਿ ਬਹੁ ਜੋਨੀ,
ਟੇਕ ਨ ਕਾਹੂੰ ਧਰਤੇ।
ਤਿਆਗ ਸੁਆਮੀ ਆਨ ਕਉ ਚਿਤਵਤ,
ਮੂੜ ਮੁਗਧ ਖਲ ਖਰ ਤੇ।
(ਮਲਾਰ ਮਹਲਾ ੫)

(੩) ਇਕ ਪਛਾਣੂ ਜੀਆ ਕਾ, ਇਕੋ ਰਖਣ ਹਾਰ। ਇਕਸ ਕਾ ਮਨ ਆਸਰਾ, ਇਕੋ ਪ੍ਰਾਨ ਅਧਾਰ॥

(੪) ਇਕੋ ਭਾਈ ਮਿਤ ਇਕ ਇਕੋ ਮਾਤ ਪਿਤਾ। ਇਕਸ ਕੀ ਮਨ ਟੇਕ ਹੈ ਜਿਨ ਜੀਉ ਪਿੰਡ ਦਿਤਾ॥

(੫) ਜੀਅ ਜੰਤ ਸਭ ਜਿਨ ਕੀਏ ਆਠ ਪਹਿਰ ਤਿਸ ਜਾਪ। ਇਕਸ ਸੇਤੀ ਰਤਿਆ ਨਾ ਹੋਵੀ ਸੋਗ ਸੰਤਾਪ॥

(੬) ਪਾਰਬ੍ਰਹਮ ਪ੍ਰਭੁ ਏਕ ਹੈ ਦੂਜਾ ਨਾਹੀ ਕੋਇ। ਜੀਉ ਪਿੰਡ ਸਭ ਤਿਸਕਾ ਜੋ ਤਿਸ ਭਾਵੈ ਸੋ ਹੋਇ॥

(੭) ਹਉ ਗੁਰੁ ਮਿਲ ਇਕ ਪਛਾਣਦਾ। ਦੁਯਾ ਕਾਗਲ ਚਿਤ ਨ ਜਾਣਦਾ॥ (ਸ੍ਰੀ ਰਾਗ ਮਹਲਾ ੫)

(੮) ਇਕਸ ਵਿਣ ਹੋਰ ਦੂਜਾ ਨਾਹੀ, ਬਾਬਾ ਨਾਨਕ ਇਹੁ ਮਤਿ ਸਾਰੀ ਜੀਉ॥

(੯) ਪ੍ਰਭੂ ਤਿਆਗ ਲਾਗਤ ਅਨਲੋਭਾ। ਦਾਸ ਸਲਾਮ ਕਰਤ ਕਤ ਸੋਭਾ॥੧॥ (ਗਉੜੀ ਮ: ੫)

(੧੦) ਇਕ ਦੇਖਿਆ ਇਕ ਮੰਨਿਆ, ਇਕੋ ਸੁਣਿਆ ਸ੍ਰਵਣ ਸਰੋਤ। ਆਦਿ। (ਗਉੜੀ ਮ: ੧)

ਹੁਣ ਉਕਤ ਗੁਰਵਾਕਾਂ ਦਾ ਸਿਧਾਂਤ ਅਗੇ ਰਖਕੇ ਵੀਚਾਰੋ ਕਿ ਜਦੋਂ **ਭਗਉਤੀ ਪਜਾਰੇ** ਅਰਦਾਸੇ ਸਮੇ, ਜਿਸਨੂੰ ਖਾਲਸਾ ਜੀ ਅਰਦਾਸਾ, ਮੁਸਲਮਾਨ ਦੁਆ, ਹਿੰਦੂ ਪ੍ਰਾਰਥਨਾ ਤੇ ਈਸਾਈ ਪ੍ਰੇ (Prey) ਆਦਿ ਕਹਿੰਦੇ ਹਨ, ਦੇਵੀ ਜਾਂ ਤਲਵਾਰ ਅਗੇ ਕਰਨਗੇ ਫਿਰ ਆਪੇ ਸੋਚੋ ਖਾਲਸਾ ਪ੍ਰਚਾਰ ਦਾ ਕੀ ਅਸਰ ਤੇ ਕਿੰਨੀ ਕੀਮਤ ਉਨਾਂ ਵਿਦਵਾਨਾਂ ਦੇ ਚਿਤਾਂ ਅੰਦਰ ਘਰ ਕਰੂਗੀ ? ਇਸ ਕਰਕੇ ਜਰੂਰੀ ਹੈ ਕਿ ਸਭ ਥੋਂ ਪਹਿਲੇ ਖਾਲਸਾ ਜੀ ਨੂੰ ਖਾਲਸਾ ਰਖਣਦਾ ਉਪਾਉ ਕਰੀਏ। ਸਚ ਦਾ ਖੂੰਨ ਕਰਨਾ ਹੀ ਇਸਦਾ ਨਾਮ ਹੁੰਦਾ ਹੈ ਜੋ ਜ਼ਮੀਰ ਹੋਰ ਕਹੇ ਤੇ ਉਲਟੇ ਕਰੀਏ ਹੋਰ। ਭਲਾ ਓਹ ਡਾਕਟਰ ਕਾਹਦਾ ਹੈ, ਜੋ ਅਸਲ ਰੋਗ ਨੂੰ ਛਪਾਕੇ ਮਲੋਜੋਰੀ ਬੀਮਾਰ ਨੂੰ ਅਰੋਗ ਕਹੀ ਜਾਵੇ, ਜਾਂ ਜਾਣ ਬੁਝਕੇ ਬਿਨਾਂ ਮਰਜ਼ ਦੁਆਈ ਦੇਵੇ। ਅਸਚਰਜ ਤਾਂ ਇਹ ਹੈ, ਜੋ ਸਜਣ ਜਾਣ ਬੁਝਕੇ ਭਗਉਤੀ ਨੂੰ ਅਕਾਲਪੁਰਖ ਸਾਬਤ ਕਰਨ ਲਗ ਜਾਂਦੇ ਹਨ, ਔਰ ਖਾਸ ਕਰਕੇ ਭਰਮ ਗਜਾਨੀ ਤਾਂ ਇਸਨੂੰ ਗੁਰੁਬਾਣੀ ਹੀ ਮੰਨੀ ਬੈਠੇ ਹਨ, ਓਨਾਂ ਵੀਰਾਂ ਨੂੰ ਕਿਸ ਦਰਜੇ ਦੀ ਪਦਵੀ ਦੇਈਏ ? ਸਾਡੇ ਖਿਆਲ ਵਿਚ ਤਾਂ ਓਨ੍ਹਾਂ ਨੂੰ ਜੇ ਹਿੰਦੂ ਮਤਿ ਦੇ **ਗੁੱਝੇ ਪ੍ਰਚਾਰਕ** ਆਖਿਆ ਜਾਵੇ ਅਥਵਾ **ਦੇਵੀ ਜੀਕੇ ਖਾਸ ਮਿਤ੍ਰ ਕਹਿਆ** ਜਾਏ ਤਾਂ ਕੋਈ ਡਰ ਨਹੀਂ। ਅਫਸੋਸ! ਅਫਸੋਸ!!

ਜੇ ਭਰਮ ਗਿਆਨੀਆਂ ਪਾਸੋਂ ਸ੍ਰੀ ਭਗਉਤੀ ਜੀ ਕੀ ਵਾਰ ਜਾਂ ਸ੍ਰੀ ਭਗਉਤੀ ਜੀ ਸਹਾਇ, ਦੇ ਅਰਥ ਪੁਛੀਏ ਤਾਂ ਪ੍ਰਿਛੇ ਦਸੇਵਤ ਦੇਵੀ(ਦੁਰਗਾ) ਕਰਦੇ ਹਨ, ਪਰੰਤੂ ਜਦ ਪ੍ਰਿਥਮ ਭਗਉਤੀ ਸਿਮਰਕੈ ਦੇ ਅਰਥ ਪੁਛੀਏ ਤਾਂ ਫਿਰ ਇਸੇ ਨੂੰ ਅਕਾਲਪੁਰਖ ਵਾਚਕ ਦਸ ਦੇਂਦੇ ਹਨ ਸਾਨੂੰ ਤਾਂ ਇਸ ਮੰਤਕ ਨੂੰ ਸੁਣਕੇ ਹਾਸਾ ਆਉਂਦਾ ਹੈ। ਐਸੇ ਸਜਣਾਂ ਨੂੰ ਅਸੀ ਸਾਫ ਕਹਾਂਗੇ ਕਿ ਵਿਲੱਖਣ ਵੀਰਾਂ ਦੀ ਕਾਣ ਵਿਚ ਆਕੇ ਮਨਘੜਤ ਅਰਥ ਕਰਨੇ ਸਿਰਫ ਆਪਣਾ ਕੁੜਾਵਾ ਪੱਖ ਕਰਨ ਤੋਂ ਬਿਨਾ ਹੋਰ ਕੁਝ ਭੀ ਇਨਾਂ ਨੂੰ ਪ੍ਰਾਪਤਿ ਨਹੀਂ ਹੋ ਸਕਦਾ॥

ਪਜਾਰੇ ਗੁਰਮੁਖ ਭ੍ਰਾਵੋ ! ਜਰਾਕੁ ਵੀਚਾਰ ਕਰਕੇ ਦੇਖੋ "ਲੋਗਨ ਕੀ ਵਡਿਆਈਆ ਬੈਸੰਤਰ ਪਾਗੋ॥ਜਿਉ ਮਿਲੈ ਪਿਆਰਾ ਆਪਣਾ ਸੇ ਬੋਲ ਕਰਾਗੋ" ਇਸ ਗੁਰਵਾਕ ਨੂੰ ਵੀਚਾਰੋ ਜੋ ਆਪਨੂੰ ਅਕਾਲੀਬਾਣੀ ਕੀ ਹੁਕਮਕਰ ਦੀਹੈ|ਇਸਤੋਂ ਬਿਨਾਂ ਅਕਾਲ ਸੰਬੋਧ ਬੋਲਿਆਂ ਵਿਚ ਲਿਖੇ ਪਦ ਸਤਿਗੁਰਾਂ ਨੇ ਕੀ ੨ ਬਰਤੇ ਹਨ

ਯਥਾ—

"ਹੇ ਅਚੁਤ ਹੇ ਪਾਰਬ੍ਰਹਮ ਅਬਨਾਸੀ ਅਘਨਾਸ।
ਹੇ ਪੂਰਨ ਹੇ ਸਰਬਮੈ ਦੁਖਭੰਜਨ ਗੁਣ ਤਾਸ।
ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ।
ਹੇ ਗੋਬਿੰਦ ਹੇ ਗੁਣ ਨਿਧਾਨ ਜਾਕੇ ਸਦਾ ਬਬੇਕ।
ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਣਹਾਰ।
ਹੇ ਸੰਤਾ ਕੇ ਸਦਾ ਸੰਗ ਨਿਧਾਰਾ ਆਧਾਰ।
ਹੇ ਠਾਕਰ ਹੌ ਦਾਸਰੋ ਮੈ ਨਿਰਗੁਣ ਗੁਣ ਨਹੀ ਕੋਇ।
ਨਾਨਕ ਦੀਜੈ ਨਾਮ ਦਾਨ ਰਾਖੋ ਹੀਐ ਪਰੋਇ"।

(ਬਾਵਨ ਅਖਰੀ ਵਿਚੋਂ)

ਇਸੀ ਪ੍ਰਕਾਰ ਦੇ ਜਿਤਨੇ ਭੀ ਸਿਫਤੀ ਨਾਮਾਂ ਦੇ ਗੁਰ-ਵਾਕ ਪੜੀਏ ਓਨ੍ਹਾਂ ਵਿਚ ਕਿਤੇ ਭੀ ਨਹੀ ਆਇਆ, ਕਿ ਹੇ ਭਗ-ਉਤੀ, ਹੇ ਦੁਰਗਾ ! ਜਾਂ ਹੇ ਦੇਵੀ ! ਆਦਿ। ਫਿਰ ਪਤਾ ਨਹੀਂ ਲਗਦਾ 'ਭਗਉਤੀ' ਨੂੰ ਅਕਾਲ ਪੁਰਖ ਵਾਚਕ ਸਬਦ ਕਿਥੋਂ ਘੜ ਲਿਭਾ, ਇਸੀ ਪ੍ਰਕਾਰ ਅਗੇ ਲਿਖੇ ਇਕ ਦੋ ਨਮੂਨੇ ਮਾਤਰ ਦਸਮ ਪਾਤਸ਼ਾਹ ਜੀ ਦੇ ਅਕਾਲ ਸੰਬੋਧ ਨਾਮੇ ਸ਼ਬਦਾਂ ਨੂੰ ਭੀ ਪੜ੍ਹ ਦੇਖੋ ਤਾਂ ਕਿ ਆਪਨੂੰ ਇਸ਼ਟ ਦੇਵ ਦੀ ਚੰਗੀ ਤਰਾਂ ਸੂਝ ਪੈ ਜਾਵੇ:—ਪ੍ਰਣਵੋਂ ਆਦਿ ਏਕੰਕਾਰਾ। ਜਲ ਥਲ ਮਹੀਅਲ ਕੀਓ ਪਸਾਰਾ। ਆਦ ਪੁਰਖ ਅਬਿਗਤਿ ਅਬਿਨਾਸੀ। ਲੋਕ ਚਤੁਰ ਦਸ ਜੋਤ ਪ੍ਰਕਾਸ਼ੀ॥

ਪੁਨਃ—ਅਲਖ ਰੂਪ ਅਛੈ ਅਨਭੇਖਾ। ਰਾਗ ਰੰਗ ਜਹਿ ਰੂਪ ਨ ਰੇਖਾ * * * ਏਹ ਤੁਕਾਂ ਅਕਾਲ ਉਸਤਤਿ ਵਿਚੋਂ-

ਹਨ। ਇਸੀ ਪ੍ਰਕਾਰ ਸਾਰੀ ਬਾਣੀ ਪੜ੍ਹੋ ਤਾਂ ਅਨੇਕਾਂ ਹੀ ਕਰਮ ਨਾਮ ਮਿਲਦੇ ਹਨ॥ ਜੈਸਾ ਕਿ—

ਬਿਸ੍ਵਪਾਲ, ਜਗਤਕਾਲ, ਦੀਨਦਿਆਲ, ਕ੍ਰਿਪਾਸਿੰਧ, ਮਹਾਂਕਾਲ, ਅਕਾਲ, ਨਿਰੰਕਾਰ, ਈਸ਼ਰ, ਕਰਤਾਰ ਆਦਿ ਐਸੇ ਨਾਮ ਤਾਂ ਸਤਿਗੁਰਾਂ ਨੇ ਬਰਤੇ ਹਨ, ਪ੍ਰੰਤੂ ਭਗਉਤੀ ਪਦ ਕਿਤੇ ਭੀ ਨਹੀਂ, ਔਰ ਹੋਵੇ ਭੀ ਕਿਓਂ ? ਜਦ ਕਿ ਭਗਉਤੀ ਸਤਿਗੁਰਾਂ ਦਾ ਇਸ਼ਟ ਦੇਵ ਹੀ ਨਹੀਂ, ਸਤਿਗੁਰਾਂ ਦਾ ਇਸ਼ਟ ਦੇਵ **"ਆਦਿ ਅੰਤ ਏਕੈ ਅਵਿਤਾਰਾ। ਸੋਈ ਗੁਰੂ ਸਮਝਿਯੋ ਹਮਾਰਾ"** ਅਤੇ ਸਤਿਗੁਰਾਂ ਦੀ ਦ੍ਰਿੜਤਾ ਅਕਾਲ ਪੁਰਖ ਪਰ ਇਹ ਹੈ—

ਤੁਮਹਿ ਛਾਡ ਕੋਈ ਅਵਰ ਨਾ ਧਿਆਊਂ।
ਜੋ ਬਰ ਚਾਹੂੰ ਸੁ ਤੁਮ ਤੇ ਪਾਊਂ"।

ਇਸੀ ਪਰਕਾਰ ਸਤਿਗੁਰਾਂ ਨੇ ਅਕਾਲ ਪੁਰਖ ਨੂੰ ਉਸ ਦੀਆਂ ਸਿਫਤਾਂ ਨਾਲ ਮਿਲਦੇ ਨਾਮਾਂ ਸਹਿਤ ਜਾਪ ਸਾਹਿਬ ਵਿਚ ਹਜਾਰਾਂ ਕਰਮ ਨਾਮ ਲਿਖਕੇ ਸੰਬੋਧ ਕੀਤਾ ਹੈ। ਯਥਾ—

ਨਮਸਤ੍ਵੰ ਅਕਾਲੇ, ਨਮਸਤ੍ਵੰ ਕ੍ਰਿਪਾਲੇ, ਨਮਸਤ੍ਵੰ ਅਰੂਪੇ, ਨਮਸਤ੍ਵੰ ਅਨੂਪੇ, ਆਦਿ ਪੜ੍ਹੀ ਚਲੋ ਅਖੀਰ ਤਕ ਜੋ ਹਜ਼ਾਰਾਂ ਨਾਮਾਂ ਵਿਚੋਂ ਇਕ ਥਾਂ ਭੀ **"ਨਮਸਤੂ ਭਗਉਤੀ"** ਨਹੀਂ ਆਇਆ॥ ਹੋਰ ਭੀ ਬੇਅੰਤ ਸਬੂਤ ਹਨ ਕਿ ਭਗੌਤੀ ਪਦ ਸਤਿਗੁਰਾਂ ਦਾ ਸੰਕੇਤੀ ਪਦ ਉਕਾ ਕੀ ਨਹੀਂ, ਬਲਕਿ ਭਗਵਤੀ ਸੰਸਕ੍ਰਿਤ ਸਬਦ ਤੋਂ ਭਗਉਤੀ ਹੋਇਆ, ਭਾਵ ਜਦ ਪੰਜਾਬੀ ਭਾਸ਼ਾ ਵਿਚ ਸੰਸਕ੍ਰਿਤ ਤੋਂ ਤਰਜਮਾ ਕੀਤਾ, ਓਧਰ **ਭਗਵਤੀ** ਸੀ ਏਧਰ ਪੰਜਾਬੀ ਉਸਦਾ ਤਰਜਮਾ ਭਗਉਤੀ ਕੀਤਾ ਗਿਆ ਜਿਸ ਪ੍ਰਕਾਰ "ਭਾਗਵਤ" ਦਾ ਸ਼ਬਦ ਭਾਗਉਤ ਬਣ ਗਿਆ ਹੈ। ਦੇਖੋ ਦਸਮ ਗ੍ਰੰਥ ਵਿਚੋਂ ਕ੍ਰਿਸ਼ਨਾਵਤਾਰ ੨੪੮੯ ਛੰਦ (ਪੰਨਾ ੫੧੩ ਜਿਲਦ ਬਰੀਕ ਛਾਪ) ਯਥਾ —ਦਸਮ ਕਥਾ ਭਾਗੌਤ ਕੀ

ਭਾਖਾ ਕਰੀ ਬਨਾਇ। ਉਸੀ ਪ੍ਰਕਾਰ "ਭਗਵਤੀ" ਦਾ "ਭੂਰ ਉਤੀ" ਬਣ ਗਇਆ ਇਹ ਭਗੌਤੀ ਪਦ ਪੰਜਾਬੀ ਦਾ ਕੋਸ਼ੀ ਸੰਕਲਤ ਹੈ, ਜਬਾਨੀ ਮਸਲਾ ਨਹੀਂ, ਜਿਸਨੂੰ ਅਗੇ ਚਲਕੇ ਕੋਸ਼ਾਂ ਵਿਚੋਂ ਲਿਖਾਂਗੇ। ਹੁਣ ਕਸੂਰ ਹੈ ਤਾਂ ਕੇਵਲ ਵਿਚਾਰ ਦਾ ਹੈ। ਵਿਦ੍ਵਾਨ ਹਮੇਸ਼ਾਂ ਗ੍ਰੰਥ ਕਰਤੇ ਦੇ ਇਸ਼ਟ ਤੇ ਉਪਾਸ਼ਨਾ ਦਾ ਆਸ਼ਾ ਉਸਦੇ ਮੰਗਲਾ ਚਰਨ ਤੋਂ ਲਾ ਲਿਆ ਕਰਦੇ ਹਨ॥

ਗੁਰਮੁਖ ਵਿਦ੍ਵਾਨ ਸਮਝਦੇ ਹਨ, ਕਿ ਸਤਿਗੁਰੂ ਦਾ ਇਸ਼ਟ ਅਤੇ ਉਪਾਸ਼ਨਾ ਯੋਗਯ **ਸਤਿਨਾਮੁ** (ਵਾਹੁਗੁਰ) ਹੈ, ਫਿਰ ਉਹ ਕਦੇ ਗਲਤੀ ਨਹੀਂ ਖਾ ਸਕਦੇ, ਭਾਵੇਂ ਕੋਈ ਕਿੰਨਾ ਭੀ ਧੋਖਾ ਕਿਉਂ ਨਾ ਦੇਵੇ, ਸਤਿਗੁਰਾਂ ਨੇ **ਸਤਿਨਾਮੁ** (ਵਾਹੁਗੁਰ) ਤੋਂ ਬਿਨਾ ਹੋਰ ਕੁਝ ਭੀ ਮੁਖ ਨਹੀਂ ਰਖਿਆ। ਫਿਰ ਭਗਉਤੀ ਕਿਥੋਂ ਜੰਮ ਪਈ? ਸਿਖਾਂ ਵਿਚ ਦਸੇ ਗੁਰੂ ਇਕੋ ਰੂਪ ਹੀ ਹਨ, ਉਨਾਂ ਦਾ ਇਸ਼ਟ ਦੇਵ ਅਲੱਗ ੨ ਕੇਹਣਾ ਮੂਰਖਤਾ ਹੈ, ਸਤਿਗੁਰਾਂ ਨੇ ਜਿਥੇ ਭਗਉਤੀ ਪਦ ਬਰਤਿਆ ਹੈ, ਉਸ ਥਾਂ ਅਰਥ ਦੇ ਕੁਅਰਥ ਕਰਕੇ ਕਈ ਚਾਲਾਕ ਲੋਕ ਧੋਖਾ ਭੀ ਦੇ ਦਿੰਦੇ ਹਨ, ਅਸੀ ਆਪਨੇ ਭਰਾਵਾਂ ਨੂ ਧੋਖੇ ਤੋਂ ਬਚਨ ਲਈ ਅਗੇ ਲਿਖੇ ਗੁਰੂ ਪ੍ਰਮਾਨ ਲਿਖਦੇ ਹਾਂ। ਜੋ ਨਿਰਨਯ ਕਰਨਗੇ ਕਿ ਗੁਰਬਾਣੀ ਵਿਚ ਕਿਤੇ ਭੀ ਭਗਉਤੀ ਦੇ ਅਰਥ ਅਕਾਲ ਪੁਰਖ ਨਹੀਂ ਹਨ। ਯਥਾ:-

ਸੋ ਭਗਉਤੀ ਜੋ ਭਗਵੰਤੈ ਜਾਣੈ। ਗੁਰ ਪ੍ਰਸਾਦੀ ਆਪ ਪਛਾਣੈ।
ਧਾਵਤ ਰਾਖੈ ਇਕਤ ਘਰ ਆਣੈ। ਜੀਵਤ ਮਰੈ ਹਰਿਨਾਮ ਵਖਾਣੈ।
ਐਸਾ ਭਗਉਤੀ ਉਤਮ ਹੋਇ। ਨਾਨਕ ਸਚ ਸਮਾਵੈ ਸੋਇ।
(ਵਾਰ ਸ੍ਰੀ ਰਾਗ)

ਏਥੇ ਦੇਵੀ ਭਗਤ, ਜਾਂ ਸ਼ਿਵਭਗਤ, ਅਥਵਾ ਕ੍ਰਿਸ਼ਨਭਗਤਾਂ ਆਦਿ ਦਾ ਖੰਡਨ ਹੈ, ਕਿਉਂਕਿ ਪ੍ਰਮੇਸਰਭਗਤੀ ਬਿਨਾ ਭਗਤਸਦੌਣਾ ਪਾਖੰਡ ਹੈ ਭਾਵ ਭਗਤ ਓਹ ਹੈ ਜੋ ਭਗਵੰਤ (ਅਕਾਲ ਪੁਰਖ) ਦਾ ਸੇਵਕ ਹੋਵੇ ਰਸਤਾ ਏਹ ਹੈ ਕਿ ਭਗਤ ਗੁਰੂ ਕ੍ਰਿਪਾ ਨਾਲ ਆਪਾ ਪਛਾਣੇ, ਮਨ ਨਠਦੇ ਨੂੰ ਰੋਕੇ, ਜੀਵਤ ਭਾਵ ਤੋਂ ਮਰੇ ਤੇ ਅਕਾਲ

ਸਿਮਰਨ ਕਰੇ ਓਹਨਾਂ ਗੁਣਾਂ ਵਾਲਾ ਸਚਾ ਭਗਤ ਹੈ ਓਹੀ ਸਚੇ ਵਿਚ ਅਭੇਦ ਹੋਊ । ਉਪਰਲੇ ਸ਼ਬਦ ਵਿਚ ਭਗਉਤੀ "ਵਾਹੁਗੁਰੂ" ਵਾਚਕ ਪੱਦ ਨਹੀਂ ਬਲਕਿ ਭਗਤ ਵਾਚਕ ਹੈ ਇਸ ਤੋਂ ਅਗੇ ਫਿਰ ਜੋਰਦਾਰ ਉਪਦੇਸ਼ ਹੈ ਯਥਾਃ-

"ਅੰਤਰ ਕਪਟੁ ਭਗਉਤੀ ਕਹਾਏ।
ਪਾਖੰਡ ਪਾਰਬ੍ਰਹਮ ਕਦੇ ਨ ਪਾਏ ।

ਭਾਵਃ-ਜਿਸਦੇ ਅੰਦਰ ਪਾਖੰਡ ਹੈ ਫਿਰ ਓਹ ਆਪਨੂੰ ਭਗਤ ਕਹਾਵੇ ਐਸਾ ਪਾਖੰਡੀ ਵਾਹੁਗੁਰ ਨੂੰ ਪ੍ਰਾਪਤਿ ਨਹੀਂ ਕਰ ਸਕਦਾ, ਜੈਸਾ ਕਿ ਦੇਵੀ ਮੰਦਰਾਂ ਦੇ ਬੂਹੇ ਅਗੇ ਪੁਜਾਰੀ ਲੋਕਾਂ ਦਾ ਅਖਾਂ ਮੀਚ ਬੈਠਣਾ ਤੇ ਹੋਮ ਕਰਨਾ ਕਿ ਮੈਂ ਦੇਵੀ ਭਗਤ ਹਾਂ ਪ੍ਰੰਤੂ ਯਾਤਰੂਆਂ ਦੇ ਕਪੜੇ ਆਦਿ ਭੀ ਠੱਗ ਲੈਣੇ ॥

ਅਸਲ ਭਗਉਤੀਆ ਕੌਣ ਹੈ ?

"ਭਗਉਤੀ ਭਗਵੰਤ ਭਗਤਿ ਕਾ ਰੰਗੁ ।
ਸਗਲ ਤਿਆਗੈ ਦੁਸਟ ਕਾ ਸੰਗੁ ।
ਮਨ ਤੇ ਬਿਨਸੈ ਸਗਲਾ ਭਰਮੁ ।
ਕਰਿ ਪੂਜੈ ਸਗਲ ਪਾਰ ਬ੍ਰਹਮੁ ।
ਸਾਧ ਸੰਗਿ ਪਾਪਾ ਮਲੁ ਖੋਵੈ ।
ਤਿਸ "ਭਗਉਤੀ" ਕੀ ਮਤਿ ਊਤਮ ਹੋਵੈ ।
ਭਗਵੰਤ ਕੀ ਟੈਹਲ ਕਰੈ ਨਿਤ ਨੀਤਿ ।
ਮਨੁ ਤਨੁ ਅਰਪੈ ਬਿਸਨ ਪਰੀਤਿ ।
ਹਰਿ ਕੇ ਚਰਨ ਹਿਰਦੈ ਬਸਾਵੈ ।
ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥"

(ਗਉੜੀ ਸੁਖਮਨੀ)

ਉਪਰ ਦੇ ਸ਼ਬਦਾਂ ਤੋਂ ਸਿਧ ਹੈ ਕਿ ਇਥੇ ਭਗਉਤੀ ਭਗਵੰਤ ਦੀ ਭਗਤੀ ਕਰਨ ਵਾਲੇ ਦਾ ਨਾਮ ਹੈ, ਪਰ ਜੋ ਪਾਖੰਡਨਾਲ ਭਗਤ ਸਦੌਂਦੇ ਹਨ, ਓਨ੍ਹਾਂ ਦਾ ਖੰਡਨ ਹੈ ।

ਭਰਮ ਗਿਆਨੀਆਂ ਲਈ ਸਤਿਗੁਰਾਂ ਵਲੋਂ

-+ ਢੰਡੋਰਾ +-

ਮਹਾਮਾਈ ਕੀ ਪੂਜਾ ਕਰੈ। ਨਰ ਸੈ ਨਾਰਿ ਹੋਇ ਅਉਤਰੈ।

ਤੂ ਕਹੀਅਤਹੀ ਆਦਿ ਭਵਾਨੀ॥ ਮੁਕਤਿ ਕੀ ਬਰੀਆ ਕਹਾ ਛਪਾਨੀ। ਕੀ ਉਕਤ ਸ਼ਬਦ ਖਾਲਸਾ ਸਦੌਣ ਵਾਲੇ 'ਭਗਉਤੀ' ਪੂਜਕਾਂ ਦੇ ਮੂੰਹ ਪਰ ਸਵਾਰ੨ ਚਪੇੜਾਂ ਨਹੀ ਲਾ ਰਿਹਾ? ਗੁਰਮਤ ਸਾਫ ਦਸਦੀ ਹੈ ਕਿ ਜੇ ਦੇਵੀ ਸੇਵਕ ਪੂਜਾ ਕਰਦਾ੨ ਦੇਵੀ ਹਸਤੀ ਵਿਚ ਮਿਲ ਗਿਆ ਤਾਂ ਵਧ ਤੋਂ ਵਧ ਇਸਤ੍ਰੀ ਬਣ ਜਾਊਗਾ, ਭਾਵ ਜਿਸ ਦੀ ਪੂਜਾ ਕਰੀਏ ਜ਼ਿਆਦਾ ਥੋਂ ਜ਼ਿਆਦਾ ਓਹ ਆਪਣੇ ਜੈਸਾ ਬਣਾ ਲਊ॥

--ঃਸੂਚਨਾঃ--

ਕੋਈ ਅਨਜਾਣ ਭਾਈ ਏਥੇ ਏਹ ਟਪਲਾ ਨਾ ਖਾਵੇ ਕਿ ਇਹ ਇਸਤ੍ਰੀ ਜਾਮੇਂ ਦੀ ਨਿਰਾਦਰੀ ਦੱਸੀ ਗਈ ਹੈ **ਇਸ ਸ਼ਬਦ ਦਾ ਭਾਵ** "ਸਿਵ ਸਿਵ ਕਰਤੇ ਜੋ ਨਰ ਧਿਆਵੈ। ਬਰਦ ਚਢੇ ਡਉਰੂ ਡਮਕਾਵੈ" ਦੇ ਨਾਲ ਮਿਲਦਾ ਹੈ, ਜੋ ਇਸ਼ਟ ਦੇਵ ਦੀ ਸਰੂਪਤਾ ਦੀ ਏਕਤਾ ਦਾ ਲਖਾਇਕ ਹੈ। ਇਸੀ ਪ੍ਰਕਾਰ "ਮਹਾਮਾਈ ਕੀ ਪੂਜਾ ਕਰੈ। ਨਰ ਸੈ ਨਾਰ ਹੋਇ ਅਉਤਰੈ।" ਦਾ ਭਾਵ ਸਮਝੋ। ਸਿੱਟਾ ਤਾਂ ਏਹ ਹੈ ਕਿ ਜਦ ਦੇਵੀ ਆਪ ਖੁਦ ਮੁਕਤ ਨਹੀਂ ਹੋ ਸਕਦੀ ਤਾਂ ਦੂਜਿਆਂ ਨੂੰ ਕਿਵੇਂ ਮੁਕਤ ਕਰ ਸਕਦੀ ਹੈ?

ਤਾਂਤੇ ਓਹ ਪੁਰਸ਼ ਅਗਜਾਨੀ ਹਨ ਜੋ **ਠਾਕੁਰ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ॥ ਵਾਕ ਅਨੁਸਾਰ ਭੰਬਲ ਭੂਸੇ ਖਾਂਦੇ ਫਿਰਦੇ ਹਨ ਤੇ** "ਏਕ ਛੋਡ ਦੂਜੇ ਲਗੇ, ਡੂਬੇ ਸੇ ਵਣਜਾਰਿਆ॥" ਦੀ ਪਦਵੀ ਨੂੰ ਪ੍ਰਾਪਤਿ ਕਰਨ ਦੇ ਆਹਰ ਵਿਚ ਹਨ, ਦੇਖੀਏ! ਗੁਰਬਾਣੀ ਦੇ ਸਿਧਾਂਤ ਅਨੁਸਾਰ ਅਕਾਲ ਪੁਰਖ ਦੇ ਦਰਬਾਰ ਵਿਚ ਕਰੋੜਾਂ ਦੇਵੀਆਂ ਰੁਲਦੀਆਂ ਹਨ। ਯਥਾঃ-

"ਦੁਰਗਾ ਕੋਟ ਜਾਕੇ ਮਰਦਨ ਕਰੈ"। (ਭਗਤ ਕਬੀਰ)

ਪੁਨਾਃ-"ਚਰਨ ਸਰਨ ਜਿਹ ਬਸਤ ਭਵਾਨੀ"। (ਪਾਃ ੧੦)

ਕੀ ਉਨ੍ਹਾਂ ਲਈ ਸ਼ਰਮ ਦੀ ਗਲ ਨਹੀਂ ਜੋ ਭਾਈ ਬਿਨਾਂ ਸੋਚੇ ਸਮਝੇ 'ਪ੍ਰਿਥਮ ਭਗੌਤੀ ਸਿਮਰਕੈ' ਨੂੰ ਗੁਰੂ ਇਸ਼ਟ ਮੰਨਕੇ ਖਾਲਸਾ ਪੰਥ ਨੂੰ ਜਾਣ ਬੁਝਕੇ ਦੇਵੀ ਜਾਂ ਜੜ੍ਹ ਵਸਤਾਂ ਦੇ ਸੇਵਕ ਸਾਬਤ ਕਰ ਰਹੇ ਹਨ, ਹਾਲਾਂ ਕਿ ਸਤਿਗੁਰਾਂ ਨੇ **ਸਤਿਨਾਮੁ** ਤੋਂ ਵਿਰੁਧ ਲੋਕਾਂ ਦੇ ਮੰਨੇ ਗਏ ਮੰਗਲਾ ਚਰਨ ਅਨਪੂਜਾ ਸਮਝਕੇ ਖੰਡਨ ਕਰ ਛਡੇ ਹਨ॥

ਯਥਾ-

ਮੈ ਨਾਂ ਗਨੇਸ਼ਹਿ ਪ੍ਰਿਥਮ ਮਨਾਊਂ। ਕ੍ਰਿਸ਼ਨ ਬਿਸ਼ਨ ਕਬਹੂੰ ਨ ਧਿਆਊਂ

-ਪੁਨਾਃ-

ਪਾਂਯ ਗਹੇ ਜਬ ਤੇ ਤੁਮਰੇ,
ਤਬ ਤੇ ਕੋਊ ਆਂਖ ਤਰੇ ਨਹਿ ਆਨਯੋ।
ਰਾਮ ਰਹੀਮ ਪੁਰਾਨ ਕੁਰਾਨ,
ਅਨੇਕ ਕਹੈ ਮਤ ਏਕ ਨ ਮਾਨਯੋ।
ਸਿਮ੍ਰਿਤ ਸ਼ਾਸਤ੍ਰ ਬੇਦ ਸਭੈ,
ਬਹੁ ਭੇਦ ਕਹੈ ਹਮ ਏਕ ਨ ਜਾਨਯੋ।
ਸ੍ਰੀ ਅਸਿਪਾਨਿ! ਕ੍ਰਿਪਾ ਤੁਮਰੀ ਕਰ,
ਮੈ ਨ ਕਹਯੋ ਸਭ ਤੋਹਿ ਬਖਾਨਯੋ।
(ਪਾਤਸ਼ਾਹੀ ੧੦)

ਭਗਉਤੀਆਂ ਦਾ ਖੰਡਨ

"ਮਨਮਹਿ ਕ੍ਰੋਧੁ ਮਹਾਂ ਅਹੰਕਾਰਾ।
ਪੂਜਾ ਕਰਹਿ ਬਹੁਤੁ ਬਿਸਥਾਰਾ।
ਕਰਿ ਇਸਨਾਨ ਤਨਿ ਚੱਕ੍ਰ ਬਣਾਏ।
ਅੰਤਰ ਕੀ ਮਲੁ ਕਬਹੀ ਨ ਜਾਏ।
ਇਤੁ ਸੰਜਮਿ ਪ੍ਰਭੁ ਕਿਨਹੀ ਨ ਪਾਇਆ।
ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ"
(ਪ੍ਰਭਾਤੀ ਮਹਲਾ ਪੰਜਵਾਂ)

ਉਕਤ ਸ਼ਬਦ ਵਿਚੋਂ "ਭਗਉਤੀ ਮੁਦ੍ਰਾ ਮਨ ਮੋਹਿਆ ਮਾਇਆ" ਕੱਲੀ ਹੀ ਤੁਕ ਪੜ੍ਹਕੇ ਕਈਕੁ ਭੋਲੇ ਭਾਲੇ ਸਿੱਖਾਂ ਨੂੰ ਭਰਮੌਣ ਦੀ ਕੋਸ਼ਸ਼ ਕਰਦੇ ਹਨ, ਹਾਲਾਂ ਕਿ ਏਥੇ ਭਗਉਤੀਏ ਪਾਖੰਡੀਆਂ ਦਾ ਖੰਡਨ ਹੈ,ਐਸੇ ਭਾਈ ਬਿਨਾਂ ਅਰਥ ਸਮਝੇ ਉਲਟੇ ਹਾਸ ਯੋਗ ਬਣਦੇ ਹਨ।

ਕਈ ਭਾਈ ਏਹ ਸਿੱਧ ਕੀਤਾ ਕਰਦੇ ਹਨ ਕਿ ਭਗਉਤੀ ਪਦ "ਪੁਲਿੰਗ" ਹੈ ਜੋ ਵਾਧੂ ਹੀ ਅਮਕਾ ਧਿਮਕਾ ਕਰਕੇ ਵਿਆ-ਕਰਨ ਵਿਚ ਹਥ ਪੈਰ ਮਾਰਨ ਲਗ ਪੈਂਦੇ ਹਨ, ਪਰ ਅਖੀਰ ਨੂੰ ਪੈਰ ਨ ਅੜਦੇ ਦੇਖਕੇ ਕੈਹਣਗੇ "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ"ਵਤ ਇਸਤ੍ਰੀ ਲਿੰਗ ਤੋਂ ਪੁਲਿੰਗ ਬਣ ਗਿਆ।ਪਰ ਅਕਲਦੇ ਧਨੀ ਇਹ ਨਹੀਂ ਸੋਚਦੇ ਕਿ ਇਥੇ ਸੰਸਾਰਕ ਸਬੰਧਾਂ ਦੇ ਪਿਆਰ ਤੋਂ ਇਕੋ ਅੰਗ ਪਿਆਰ ਪ੍ਰਗਟਾਉ ਲਿਤਾ ਹੈ। ਜੈਸਾ ਕਿ ਅਗੇ ਜਾਕੇ "ਤੂੰ ਮੇਰਾ ਭਰਾਤਾ" ਤੁਕ ਔਂਦੀ ਹੈ ਜਿਸਦਾ ਭਾਵ ਮਾਤਾ ਤੋਂ ਪੈਦਾ ਕਰਨਾ ਪਿਤਾ ਤੋਂ ਪਾਲਕ ਭ੍ਰਾਤਾ ਤੋਂ ਆਸਰਾ ਅੰਗ ਲਏ ਹਨ, ਵੈਸੇ ਕੀ ਅਕਾਲ ਪੁਰ ਸਾਡਾ ਸਚਮੁਚ ਮਾਂ ਜਾਇਆ (ਸੰਸਾਰੀ ਪਿਉ ਦਾ ਪੁਤ) ਭਾਈ ਹੈ ? ਹਰਗਿਜ ਨਹੀ ! ਭਾਈ ਨੂੰ ਤਾਂ ਕੁਟ ਲਈਦਾ ਹੈ, ਫਿਰ ਰੱਬ ਨੂੰ ਕੁਟਕੇ ਦਖਾਓ, ਇਹ ਤਾਂ ਸਿਰਫ ਭਰਾਤਾ (ਭਾਈ) ਵਾਲੇ ਹਿਤਕਾਰ ਤੇ ਆਸਰੇ ਆਦਿ ਤੋਂ ਕੇਵਲ ਪਿਆਰ ਅੰਸ ਲੀਤੀ ਹੈ, ਪਰੰਤੂ ਇਹ ਕਦੇ ਭੀ ਨਹੀਂ ਆਵੇਗਾ ਕਿ "ਪ੍ਰਿਥਮ ਮਾਤਾ ਸਿਮਰਕੈ" ਜਾਂ "ਭਰਾਤਾ ਸਿਮਰਕੈ" ਆਦਿ, ਜ ਕੋਈ ਅਜਾਂ ਭੀ ਹਠ ਕਰੇ ਤਾਂ ਦਸੇ, ਅਗੇ ਜਾਕੇ ਲਿਖਿਆ ਹੈ "ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ" ਅਰਥਾਤ **ਸਰ੍ਹਾਨਾ** ਫਿਰ ਪ੍ਰਿਥਮ ਸਿਰ੍ਹਾਨਾ ਸਿਮਰਕੈ ਕਹੋਗੇ। ਜੇ ਕਹੋਗੇ ਤਾਂ ਸੋਚ ਲਵੋ, ਫਿਰ ਵਿਦਵਾਨਾਂ ਵਿਚ ਕਿਸ ਪਦਵੀ ਦਾ ਦਰਜਾ ਮਿਲੇਗਾ ? ਕਿਉਂਕਿ **ਤਕੀਏ** ਤੋਂ ਸਿਰਫ ਇਕ ਅੰਗ ਆਸਰੇ ਦਾ ਲੀਤਾ ਹੈ, ਪਰ ਬਿਨਾਂ ਸੋਚੇ ਭਗਉਤੀ ਨੂੰ **ਪੁਲਿੰਗ** ਆਖਣਾ ਮੂਰਖਪਣਾ ਹੈ, ਚੰਗਾ ਭਲਾ ਪੜ੍ਹਿਆ ਹੈ ਕਿ

ਭਗਵਤ ਪੁਲਿੰਗ ਤੋਂ ਭਗਵਤੀ ਇਸਤ੍ਰੀ ਲਿੰਗ ਬਣਿਆ ਅਗੇ ਭਗਵਤੀ ਤੋਂ ਪੰਜਾਬੀ ਭਗਉਤੀ ਪਦ ਪ੍ਰਵਿਰਤ ਹੋਇਆ।

ਸਜਨੋਂ! ਹਠ ਕਰਨਾ ਖਾਲਸਾ ਪ੍ਰਚਾਰ ਦਾ ਜਾਣ ਬੁਝਕੇ ਮਲੀਆਮੇਟ ਕਰਨਾ ਹੈ। ਕਈ ਭਾਈ "ਭਗਉਤੀ ਰਹਿਤ ਜੁਗਤਾ" ਸ੍ਰੀ ਰਾਗ ਵਿਚੋਂ ਕੱਲੀ ਤੁਕ ਪੜ੍ਹਕੇ ਔਝੜ ਪੈਕੇ ਹੋਰਨਾਂ ਨੂੰ ਔਝੜ ਪੌਂਦੇ ਹਨ, ਏਥੇ ਭੀ ਪਾਖੰਡੀ ਭਗਉਤੀਆਂ ਦਾ ਖੰਡਨ ਹੈ। ਵਿਆਕਰਣੀਏ ਭਾਈ ਜਰਾਕੁ ਦੂਜੇ ਪਾਸੇ ਭੀ ਨਿਗਾਹ ਮਾਰਨ ਤਾਂ ਕਿ ਉਨ੍ਹਾਂ ਨੂੰ ਮਾਲੂਮ ਹੋ ਜਾਵੇ:-

੧ ੴ ਸਤਿਨਾਮੁ (ਵਾਹਿਗੁਰੂ, ਇਸ਼ਟ ਦੇਵ ਹਰ ਹਾਲਤ ਵਿਚ ਪੁਲਿੰਗ ਹੈ ਇਸਤ੍ਰੀ ਲਿੰਗ ਕਿਤੇ ਭੀ ਨਹੀਂ।

ਯਥਾ-

"ਏਕਾ ਪੁਰਖ ਸਬਾਈ ਨਾਰ" ਅਕਾਲ ਪੁਰਖ ਦਾ ਸਿਮਰਨ ਮਾਲਕ (ਪੁਰਖ) ਦੀ ਹਾਲਤ ਵਿਚ ਹੀ ਆਵੇਗਾ, ਜੈਸਾ ਕਿ ਪਤੀ ਇਸਤ੍ਰੀ ਪ੍ਰੇਮ ਹੈ।

ਯਥਾ-

'ਇਸਤ੍ਰੀ ਰੂਪ ਚੇਰੀ ਕੀ ਨਿਆਈ, ਸੋਭ ਨਹੀ ਬਿਨ ਭਰਤਾਰੇ'।

(੧)-'ਤੂੰ ਠਾਕਰੋ ਬੈਰਾਗਰੋ ਮੈ ਜੇਹੀ ਘਣਿ ਚੇਰੀ ਰਾਮ।
ਸਾਰ ਨ ਜਾਣਾ ਤੂੰ ਵਡ ਦਾਣਾ ਕਰ ਮਿਹਰੰਮਤ ਸਾਂਈ'।

(੨)-ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ?
(ਸ੍ਰੀ ਰਾਗ)

(੩)-ਗੁਰਮੁਖ ਸਦਾ ਸੁਹਾਗਣੀ ਪਿਰ ਰਖਿਆ ਉਰਧਾਰ।

(੪)-ਸੰਤਾਂ ਕੀ ਹੋਇ ਦਾਸਰੀ ਏਹ ਅਚਾਰਾ ਸਿਖਰੀ।

(੫)-ਹਉ ਜਾਇ ਪੁਛਾ ਸੋਹਾਗ ਸੋਹਾਗਣੀ ।

ਪੁਨਾ:-ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ ।
ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ ।

ਇਸਤ੍ਰਾਂ ਜਦ ਕੋਈ ਭੀ ਵਾਹ ਨਾ ਚਲੇ ਤਾਂ ਭਗਉਤੀ ਇਕ ਸ਼ਕਤੀ ਨੂੰ ਦੱਸਣ ਲਗ ਜਾਂਦੇ ਹਨ, ਜੈਸਾ ਕਿ ਇਕ ਪ੍ਰਸਿੱਧ ਖਾਲਸਾ ਇਤਹਾਸ ਦੇ ਕਰਤੇ ਨੂੰ ਕਿਸੇ ਗੁਰਮੁਖ ਨੇ ਪੁਛਿਆ ਕਿ ਆਪ ਨੇ ਅਪਣੀ ਰਚਿਤ ਪੋਥੀ ਵਿਚ ਸਤਿਗੁਰਾਂ ਨੂੰ ਦੇਵੀ ਉਪਾ-ਸ਼ਕ ਸਾਬਤ ਕਰਕੇ ਵਡਾ ਪਾਪ ਕੀਤਾ ਹੈ, ਤਾਂ ਉਸਨੇ ਅਗਲੀ ਐਡੀਸ਼ਨ ਵਿਚੋਂ ਦੇਵੀ ਪੂਜਾ ਦਾ ਪ੍ਰਸੰਗ ਤਾਂ ਨਿਕਾਲ ਦਿਤਾ, ਪਰ ਦੇਵੀ ਪਰਗਟ ਦੇ ਥਾਂ ਚਾਂਨਣ ਹੋਇਆ ਦਸਕੇ ਫਿਰ ਭੀ ਰੰਗੜਊ ਨਹੀਂ ਛਡਿਆ, ਖਬਰੇ ਭਗਉਤੀ ਨੇ ਇਹੋ ਜਹੇ ਵਿਦਵਾਨਾਂ ਦੇ ਸਿਰ ਕੀ ਭੋਰੀ ਪਾ ਲਈ ਹੈ ? ਸਾਡੇ ਖਿਆਲ ਵਿਚ ਤਾਂ ਐਸੇ ਵਿਦਵਾਨ ਇਸ ਆਦਿ ਕੁਵਾਰੀ ਦੇ ਕਿਸੇ ਖਾਸ ਚਲਿਤਰ ਵਿਚ ਫਸੇ ਹੋਏ ਜਾਪਦੇ ਹਨ । ਬਾਕੀ ਜੋ ਸਜਣ ਜਾਣ ਬੁਝਕੇ ਪੰਥ ਨੂੰ ਸ਼ਕਤੀ ਪੂਜ ਸਾਬਤ ਕਰਦੇ ਹਨ, ਓਹ ਮਹਾਂ ਅਗਿਆਨੀ ਹਨ । ਕਿਉਂਕਿ ਅਕਾਲ ਪੁਰਖ ਤੋਂ ਭਿੰਨ ਸ਼ਕਤੀ ਕੋਈ ਚੀਜ ਹੀ ਨਹੀਂ ਯਥਾ:-'ਸਗਲ ਪਰੋਈ ਅਪਨੇ ਸੂਤ' ।

ਪੁਨਾ-

'ਸਗਲ ਸਮਗ੍ਰੀ ਤੁਮਰੈ ਸੂਤਰ ਧਾਰੀ,
ਤੁਮਤੇ ਹੋਇ ਸੋ ਆਗਿਆ ਕਾਰੀ'

ਪੁਨਾ-

ਆਪੇ ਸੂਤੁ ਆਪੇ ਬਹੁ ਮਣੀਆ,
ਕਰਿ **ਸਕਤੀ** ਜਗਤ ਪਰੋਇ ।
ਆਪੇ ਹੀ ਸੂਤ ਧਾਰੁ ਹੈ ਪਿਆਰਾ,
ਸੂਤੁ ਖਿੰਚੈ ਢਹਿ ਢੇਰੀ ਹੋਇ ।
(ਸੋਰਠ ਮਹਲਾ ੪)

ਭਗਵਤ ਪੁਲਿੰਗ ਤੋਂ ਭਗਵਤੀ ਇਸਤ੍ਰੀ ਲਿੰਗ ਬਣਿਆ ਅਗੇ ਭਗਵਤੀ ਤੋਂ ਪੰਜਾਬੀ ਭਗਉਤੀ ਪਦ ਪ੍ਰਵਿਰਤ ਹੋਇਆ।

ਸਜਨੋਂ! ਹਠ ਕਰਨਾ ਖਾਲਸਾ ਪ੍ਰਚਾਰ ਦਾ ਜਾਣ ਬੁਝਕੇ ਮਲੀਆਮੇਟ ਕਰਨਾ ਹੈ। ਕਈ ਭਾਈ "ਭਗਉਤੀ ਰਹਿਤ ਜੁਗਤਾ" ਸ੍ਰੀ ਰਾਗ ਵਿਚੋਂ ਕੱਲੀ ਤੁਕ ਪੜ੍ਹਕੇ ਔਖੜ ਪੈਕੇ ਹੋਰਨਾਂ ਨੂੰ ਔਖੜ ਪੌਂਦੇ ਹਨ, ਏਥੇ ਭੀ ਪਾਖੰਡੀ ਭਗਉਤੀਆਂ ਦਾ ਖੰਡਨ ਹੈ। ਵਿਆਕਰਣੀਏ ਭਾਈ ਜਰਾਕੁ ਦੂਜੇ ਪਾਸੇ ਭੀ ਨਿਗਾਹ ਮਾਰਨ ਤਾਂ ਕਿ ਉਨ੍ਹਾਂ ਨੂੰ ਮਾਲੂਮ ਹੋ ਜਾਵੇ:-

੧ ੴ ਸਤਿਨਾਮੁ (ਵਾਹਗੁਰੂ, ਇਸ਼ਟ ਦੇਵ ਹਰ ਹਾਲਤ ਵਿਚ ਪੁਲਿੰਗ ਹੈ ਇਸਤ੍ਰੀ ਲਿੰਗ ਕਿਤੇ ਭੀ ਨਹੀਂ।

ਯਥਾ-

"ਏਕਾ ਪੁਰਖ ਸਬਾਈ ਨਾਰ" ਅਕਾਲ ਪੁਰਖ ਦਾ ਸਿਮਰਨ ਮਾਲਕ (ਪੁਰਖ) ਦੀ ਹਾਲਤ ਵਿਚ ਹੀ ਆਵੇਗਾ, ਜੈਸਾ ਕਿ ਪਤੀ ਇਸਤ੍ਰੀ ਪ੍ਰੇਮ ਹੈ।

ਯਥਾ-

'ਇਸਤ੍ਰੀ ਰੂਪ ਚੇਰੀ ਕੀ ਨਿਆਈ, ਸੋਭ ਨਹੀ ਬਿਨ ਭਰਤਾਰੇ'।

(੧)-'ਤੂੰ ਠਾਕਰੋ ਬੈਰਾਗਰੋ ਮੈ ਜੇਹੀ ਘਣਿ ਚੇਰੀ ਰਾਮ।
ਸਾਰ ਨ ਜਾਣਾ ਤੂੰ ਵਡ ਦਾਣਾ ਕਰ ਮਿਹਰੰਮਤ ਸਾਂਈ'।

(੨)-ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ?
(ਸ੍ਰੀ ਰਾਗ)

(੩)-ਗੁਰਮੁਖ ਸਦਾ ਸੁਹਾਗਣੀ ਪਿਰ ਰਖਿਆ ਉਰਧਾਰ।

(੪)-ਸੰਤਾਂ ਕੀ ਹੋਇ ਦਾਸਰੀ ਏਹ ਅਚਾਰਾ ਸਿਖਰੀ।

(੫)-ਹਉ ਜਾਇ ਪੁਛਾ ਸੋਹਾਗ ਸੋਹਾਗਣੀ।

ਪੁਨਾ:-ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ।
ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ।

ਇਸਤ੍ਰਾਂ ਜਦ ਕੋਈ ਭੀ ਵਾਹ ਨਾ ਚਲੇ ਤਾਂ ਭਗਉਤੀ ਇਕ ਸ਼ਕਤੀ ਨੂੰ ਦੱਸਣ ਲਗ ਜਾਂਦੇ ਹਨ, ਜੈਸਾ ਕਿ ਇਕ ਪ੍ਰਸਿੱਧ ਖਾਲਸਾ ਇਤਹਾਸ ਦੇ ਕਰਤੇ ਨੂੰ ਕਿਸੇ ਗੁਰਮੁਖ ਨੇ ਪੁਛਿਆ ਕਿ ਆਪ ਨੇ ਅਪਣੀ ਰਚਿਤ ਪੋਥੀ ਵਿਚ ਸਤਿਗੁਰਾਂ ਨੂੰ ਦੇਵੀ ਉਪਾਸ਼ਕ ਸਾਬਤ ਕਰਕੇ ਵਡਾ ਪਾਪ ਕੀਤਾ ਹੈ, ਤਾਂ ਉਸਨੇ ਅਗਲੀ ਐਡੀਸ਼ਨ ਵਿਚੋਂ ਦੇਵੀ ਪੂਜਾ ਦਾ ਪ੍ਰਸੰਗ ਤਾਂ ਨਿਕਾਲ ਦਿਤਾ, ਪਰ ਦੇਵੀ ਪਰਗਟ ਦੇ ਥਾਂ ਚਾਨਣ ਹੋਇਆ ਦਸਕੇ ਫਿਰ ਭੀ ਰੰਗਾੜੂ ਨਹੀਂ ਛਡਿਆ, ਖਬਰੇ ਭਗਉਤੀ ਨੇ ਇਹੋ ਜਹੇ ਵਿਦਵਾਨਾਂ ਦੇ ਸਿਰ ਕੀ ਭੋਰੀ ਪਾ ਲਈ ਹੈ? ਸਾਡੇ ਖਿਆਲ ਵਿਚ ਤਾਂ ਐਸੇ ਵਿਦਵਾਨ ਇਸ ਆਦਿ ਕੁਵਾਰੀ ਦੇ ਕਿਸੇ ਖਾਸ ਚਲਿਤਰ ਵਿਚ ਫਸੇ ਹੋਏ ਜਾਪਦੇ ਹਨ! ਬਾਕੀ ਜੋ ਸਜਣ ਜਾਣ ਬੁਝਕੇ ਪੰਥ ਨੂੰ ਸ਼ਕਤੀ ਪੂਜ ਸਾਬਤ ਕਰਦੇ ਹਨ, ਓਹ ਮਹਾਂ ਅਗਿਆਨੀ ਹਨ। ਕਿਉਂਕਿ ਅਕਾਲ ਪੁਰਖ ਤੋਂ ਭਿੰਨ ਸ਼ਕਤੀ ਕੋਈ ਚੀਜ ਹੀ ਨਹੀਂ ਯਥਾ:-'ਸਗਲ ਪਰੋਈ ਅਪਨੈ ਸੂਤ'।

ਪੁਨਾ-

'ਸਗਲ ਸਮਗ੍ਰੀ ਤੁਮਰੈ ਸੂਤਰ ਧਾਰੀ,
ਤੁਮਤੇ ਹੋਇ ਸੋ ਆਗਿਆ ਕਾਰੀ'

ਪੁਨਾ-

ਆਪੇ ਸੁਤੁ ਆਪੇ ਬਹੁ ਮਣੀਆ,
ਕਰਿ ਸਕਤੀ ਜਗਤੁ ਪਰੋਇ।
ਆਪੇ ਹੀ ਸੂਤ ਧਾਰੂ ਹੈ ਪਿਆਰਾ,
ਸੂਤੁ ਖਿੰਚੈ ਢਹਿ ਢੇਰੀ ਹੋਇ।
(ਸੋਰਠ ਮਹਲਾ ੪)

ਪੁਨਾ—

ਕਲਾ ਉਪਾਇ ਧਰੀ ਜਿਨਿ ਧਰਣਾ,
ਗਗਨ ਰਹਾਇਆ ਹੁਕਮੇ ਚਰਣਾ।
ਅਗਨਿ ਉਪਾਇ ਈਧਨ ਮਹਿ ਬਾਧੀ,
ਸੋ ਪ੍ਰਭੁ ਰਾਖੈ ਭਾਈ ਹੇ।

ਕਈ ਸਜਨ ਲਿਖਦੇ ਕੁਝ ਹਨ ਤੇ ਅਮਲ ਕੁਝ ਕਰਦੇ ਹਨ, ਜੈਸਾ ਕਿ ਵਿਦਵਾਨ ਸਜਨਾਂ ਨੇ ਹੇਠਲੀ ਸਾਖੀ ਲਿਖੀ ਅਤੇ ਇਸਨੂੰ ਪੜ੍ਹਦੇ ਭੀ ਹਨ। ਯਥਾ—

ਸਾਖੀ ਗੁਰੂ ਅੰਗਦ ਜੀ

ਇਕ ਦਿਨ ਪਿਛਲੀ ਰਾਤ ਸੂਹੇ ਬਸਤ੍ਰ ਪਹਿਰੇ ਇਕ ਇਸਤ੍ਰੀ ਬਾਬੇ (ਸ੍ਰੀ ਗੁਰੂ ਨਾਨਕ) ਜੀ ਦੇ ਮੰਦਰ ਦੀ ਟਹਿਲ ਕਰਕੇ ਚਲੀ, ਅੰਗਦ ਜੀ ਇਸ਼ਨਾਨ ਵਾਸਤੇ ਜਲ ਲੈਕੇ ਆਏ, ਪੁਛਿਆ ਤੂੰ ਕੌਣ ਹੈਂ ? ਉਸਨੇ ਕਿਹਾ ਮੈਂ ਦੁਰਗਾ ਭਵਾਨੀ ਹਾਂ, ਇਸ ਮੰਦਰ ਦੀ ਟਹਿਲ ਕਰਨ ਤੇ ਏਹ ਸ਼ਕਤੀ ਏਹਨਾਂ ਸੰਤਾਂ ਨੇ ਮੈਨੂੰ ਦਿਤੀ ਹੈ।

ਸਾਨੂੰ ਇਸ ਸਾਖੀ ਦੇ ਖੋਜ ਦੀ ਲੋੜ ਨਹੀਂ, ਦਸਨਾਂ ਸਿਰਫ ਇਹ ਹੈ,ਕਿ ਦੇਵੀ ਗੁਰੂ ਜੀਦੇ ਦਰਬਾਰ ਦੀ ਝਾੜੂ ਬਰਦਾਰ ਦਸੀ ਹੈ,ਪਰਅਮਲ ਕਰਨ ਦੀ ਵਾਰੀ ਭਗਉਤੀਨੂੰ ਸਿਰਪਰ ਚੁਕਕੇ ਉਲਟੇ ਸਤਿਗੁਰਾਂ ਨੂੰ ਹੀ ਦੇਵੀ ਪੂਜਕ ਸਾਬਤ ਕਰਨ ਲਗ ਜਾਂਦੇ ਹਨ, ਤੇ ਕਹਿੰਦੇ ਹਨ ਚੰਡੀ ਚਰਿਤ੍ਰ ਜਰੂਰ ਗੁਰਬਾਨੀ ਹੈ, ਅਸੀਂ ਤਾਂ ਭਗੌਤੀ ਤੋਂ ਬਿਨਾਂ ਜੀਅ ਨਹੀਂ ਸਕਦੇ, ਜੇ ਕੋਈ ਭਗਉਤੀ ਨਾ ਮੰਨੇ ਉਸਨੂੰ ਦੁਸ਼ਟ, ਪਤਤ, ਪਾਪੀ ਆਦਿਕ ਖੋਟੇ ਪਦਾਂ ਨਾਲ ਸਿਰੇਪਾਉ ਦਿੰਦੇ ਹਨ, ਪਰ ਜੇ ਉਨਾਂ ਹੀ ਭਰਮ ਗਿਆਨੀਆਂ ਨੂੰ ਕੇਵਲ ਸੋ ਰੁਪਯਾ ਭੇਟਾ ਕਰਕੇ ਕਹੀਏ ਕਿ ਦੇਵੀ ਦੇ ਖੰਡਨ ਦਾ

ਪੁਸਤਕ ਬਨਾ ਦੇਓ, ਝਟ ਦੇਵੀ ਖੰਡਨ ਪੁਸਤਕ ਬਨਾ ਕਢਨਗੇ ਜੇ ਲੋੜ ਪਈ ਤਾਂ ਐਸੇ ਪਖੰਡੀ ਗਿਆਨੀਆਂ ਦਾ ਸਮਾਚਾਰ ਲਿਖਤ ਵਿਚ ਪੇਸ਼ ਕਰਾਂਗੇ,

ਸਿਟਾ ਏਹ ਕਿ ਐਸੇ ਹੀ ਭਰਮ ਗਿਆਨੀ ਕਹਿੰਦੇ ਹਨ ਕਿ ਸਤਿਗੁਰਾਂ ਨੇ ਸਭ ਤੋਂ ਪਹਿਲੇ "ਪ੍ਰਿਥਮ ਭਗਉਤੀ ਸਿਮਰਨ" ਨੂੰ ਮਸਾਂ ਮਸਾਂ ਪ੍ਰਾਪਤ ਕੀਤਾ ਹੈ, ਇਸਦੇ ਧਿਆਏ ਬਿਨਾਂ ਪੰਥ ਦਾ ਅਰਦਾਸਾ ਨਹੀਂ ਸੁਧਦਾ। ਐਸੇ ਅਗਿਆਨੀਆਂ ਨੂੰ ਗੁਰਬਾਣੀ ਦਾ ਪਾਠ ਵਿਚਾਰ ਸਹਿਤ ਕਰਨਾ ਚਾਹੀਦਾ ਹੈ ॥

ਬਾਕੀ ਜੋ ਸਜਣ, ਜਾਣ ਬੁਝਕੇ ਵਲ ਫੇਰ ਪਾਕੇ ਸਮਾਂ ਟਪੌਣ ਦੇ ਆਦੀ ਬਣ ਗਏ ਹਨ ਅਥਵਾ ਰੁਕਮੀ ੨ ਜਬਾਨ ਨਾਲ ਕਹਿ ਦਿੰਦੇ ਹਨ, ਕਿ ਇਹ ਛੋਟੀ ਬਾਤ ਹੈ ਭਾਵ ਭਗਉਤੀ ਹੀ ਰਹਿਣ ਦੇਵੋ ਕੀ ਬਿਗੜਦਾ ਹੈ ਤਲਵਾਰ ਅਰਥ ਕਰਕੇ ਕੰਮ ਸਾਰੀ ਚਲੋ ਐਂਵੇ ਵਾਧੂ ਰੌਲਾ ਪਊਗਾ ਅਥਵਾ ਅਨਪੜ੍ਹ ਲੋਕ ਇਸ ਬਾਤ ਨੂੰ ਸਮਝੇ ਬਿਨਾ ਰੌਲਾ ਪੌਣਗੇ, ਸਮਾ ਪਾਕੇ ਆਪੇ ਠੀਕ ਹੋ ਜਾਊ ਆਦਿ। ਇਹ ਸਭ ਸਮਾ ਟਪਾਊ ਢਿਲੜ ਪੁਣੇ ਦੇ ਟਪਲੇ ਹਨ ਜੇ ਇਸ ਪ੍ਰਕਾਰ ਸਤਿਗੁਰੂ ਨਾਨਕ ਦੇਵ ਜਾਂ ਦਸੇ ਗੁਰੂ ਰੌਲੇ ਤੋਂ ਡਰਦੇ ਤਾਂ ਖਾਲਸਾ ਪੰਥ ਹੀ ਨਹੀਂ ਸਾਜ ਸਕਦੇ ਸਨ, ਸਤਿਗੁਰਾਂ ਨੂੰ ਲੋਕ ਕੁਰਾਹੀਆ ਹੀ ਤਦ ਕਹਿੰਦੇ ਸਨ, ਕਿਉਂਕਿ ਲੋਕਾਂ ਦੀ ਮਨ ਦੀ ਮਤਿ ਅਨੁਸਾਰ ਕੰਮ ਨਹੀਂ ਹੁੰਦਾ ਸੀ, ਜਿਸ ਕਰਕੇ ਅਸੀਂ ਬੇਨਤੀ ਕਰਦੇ ਹਾਂ ਕਿ ਰੌਲਾ ਜਾਂ ਤਕਲੀਫਾਂ ਤੋਂ ਡਰਨ ਦੀ ਲੋੜ ਨਹੀਂ ਜੋ ਸਚ ਮੁਚ ਗੁਰਮਤਿ ਹੈ ਨਿਧੜਕ ਹੋਕੇ ਪ੍ਰਚਾਰ ਕਰੀ ਚਲੋ ਬੀਮਾਰ ਲੋਕ ਡਾਕਟਰ ਦੇ ਉਪ੍ਰੇਸ਼ਨ ਆਦਿ ਕਰਨ ਸਮੇ ਚੀਕ ਚੰਘਾੜਾ ਪਾਇਆ ਹੀ ਕਰਦੇ ਹਨ, ਬਾਕੀ ਜੋ ਜਾਣ ਬੁਝਕੇ ਭਾਵ (ਪਲੋਸਾ ਪਲੋਸੀ ਕਰਦੇ ਹੋਇ ਭਗਉਤੀ ਨੂੰ ਥਾਂ ਦੀ ਥਾਂ ਠਪਣ ਵਾਲੇ) ਭਗਉਤੀ ਨੂੰ ਰਬ ਸਾਬਤ ਕਰਦੇ ਹਨ ਉਹ ਵੀਰ ਹੁਣ ਵਲਫੇਰ ਛਡਕੇ ਸਿਧਾ

ਹੀ ਨਕ ਚੜ੍ਹਕੇ ਕਹਿਣ ਕਿ ਏਹ ਸਭ ਵਿਰੋਧੀ ਬ੍ਰਾਹਮਣਾਂਦੀ ਸ਼ਰਾਰਤ ਹੈ, ਜਿਨ੍ਹਾਂ ਸਾਡੇ ਇਤਿਹਾਸ ਆਦਿ ਬਹੁਤ ਵਿਗਾੜ ਦਿਤੇ ਹਨ, ਅਸੀਂ ਹੁਣ ਏਹਨਾਂ ਵਿਚੋਂ ਮਨਮਤਾਂ ਦੂਰ ਕਰਕੇ, ਅਸਲ ਗੁਰਮਤ ਅਨੁਸਾਰ ਕੁੰਦਨ ਦੇ ਕੁੰਦਨ ਬਣਾ ਲੈਣੇ ਹਨ, ਕੀ ਇਸ ਵਿਚ ਕੋਈ ਹਾਨੀ ਹੈ ? ਸਗਮਾਂ ਬਿਲਕੁਲ ਨਿਸਚਿੰਤ ਹੋਕੇਆਪਨੇ ਇਤਿਹਾਸ ਆਦਿ ਗੁਰਮਤਿ ਅਨੁਸਾਰ ਸੁਧਾਰ ਲਵਾਂਗੇ, ਜੇ ਕਹੋ ਮੂਰਖਾਂ ਦੀ ਬੁਰਛਾ ਗਰਦੀ ਦਾ ਡਰ ਹੈ, ਪਰ 'ਬਕਰੇ ਦੀ ਮਾਂ ਕਦ ਤਕ ਸੁਖ ਮਨਾਊ' ਫੋੜੇ ਦੀ ਜਲਨ ਤਾਂ ਪੀਕ ਨਿਕਲਕੇ ਹੀ ਠੀਕ ਹੋਣੀ ਹੈ, ਤੇ ਬੀਮਾਰ ਨੇ ਚੂੰ ਚਰਾਂ ਜਰੂਰ ਕਰਨੀ ਹੈ, ਜੇ ਚੁਪ ਕੀਤਿ ਕੰਮ ਸਰਦਾ ਹੈ ਤਾਂ ਸਾਰੋ ਪਰੰਤੂ ਕਿਥੋਂ ੨ ਸਾਰੋਗੇ, ਸੂਰਜ ਪਰਕਾਸ਼ ਆਦਿ ਗ੍ਰੰਥਾਂ ਵਿਖੇ ਮਨਮਤਾਂ ਦੀਆਂ ਪੰਗਤੀਆਂ ਵਿਚ ਐਥੋਂ ਤਕ ਲਿਖਾ ਹੈ ॥

ਯਥਾ:-ਸ੍ਰੀ ਗੁਰੂ ਨਾਨਕ ਦੇਵ ਜੀ ਸਪਤਮੀ ਨੂੰ ਸਮਾਵਨ ਲਗੇ ਸਨ ਤਾਂ ਮਾਤਾ ਚੋਣੀ ਜੀ ਨੇ ਕਿਹਾ ਕਿ ਆਪ ਦੇ ਪਿਤਾ ਕਾਲੂ ਮਹਿਤੇ ਜੀ ਦਾ ਸ਼ਰਾਧ ਨੇੜੇ ਹੈ ਆਪ ਉਨਾਂ ਦਾ ਸਰਾਧ ਕਰਕੇ ਚਲਾਣਾ ਕਰਦੇ, ਤਾਂ ਗੁਰੂ ਜੀ ਨੇ ਕਿਹਾ ਅਛਾ ਸਰਾਧ ਕਰਕੇ ਹੀ ਸਮਾਵਾਂਗੇ ਚਿੰਤਾ ਨਾ ਕਰੋ, ਆਦਿ

ਸ੍ਰੀ ਗੁਰੂ ਜੀ ਕਾਲੂ ਜੀ ਦਾ ਸ਼ਰਾਧ ਕਰਨ ਖਾਤਰ ਸਚਖੰਡ ਚਲਾਣਾ ਕਰਨੋ ਅਟਕ ਗਏ ਤੇ ਅਸ਼ਟਮੀ ਨੂੰ ਮਹਿਤੇ ਜੀਦਾ ਸਰਾਧ ਕਰਕੇ ਨੌਮੀ ਨੂੰ ਅਰਾਮ ਕੀਤਾ ੧੦ ਦਸਵੀਂ ਸੰਮਤ ੧੫੯੬ ਬਿਕ੍ਰਮੀ ਨੂੰ ਸਮਾਏ। ਅਗੇ ਸ੍ਰੀ ਨਾਨਕ ਪ੍ਰਕਾਸ਼ ਦੀ ਕਵਿਤਾ ਨਮੂਨੇ ਮਾਤ੍ਰ ਪੜੋ ॥

—ਯਥਾ—

ਬਿਧ ਸੋਂ ਲਗੇ ਕਰਾਵਨ ਸ਼ਰਾਧੂ।
ਜਹਿ ਸਧਰਾ ਜਹਿ ਪਰਮਅਗਾਧੂ।
ਹੁਤੀ ਸ਼ਰਾਧ ਕੀ ਬਿਧ ਜੋ ਸਾਰੀ।
ਭਲੀ ਪ੍ਰਕਾਰ ਕੀਨੀ ਅਘਹਾਰੀ।
(ਦੇਖੋ ਉਤਰਾਧ ਪੰਨਾ ੨੧੫ ਸ੍ਰੀ ਨਾਨਕ ਪ੍ਰਕਾਸ਼)

ਨਮੂਨੇ ਅਤੂ ਹੋਰ ਖੜ੍ਹੋ ਤੀਰਥ ਮੰਡਨ

ਤੀਜੀ ਪਾਤਸ਼ਾਹੀ ਦੇ ਜੀਵਨ ਵਿਚ ਲਿਖਿਆ ਹੈ:-

ਪੁਨ ਸ੍ਰੀ ਗੁਰੂ ਸੁਰਸਰਿ ਅਰਾਧੀ।
ਹੇ ਦੇਵੀ ਵਡ ਯਤਨਨ ਲਾਧੀ।
ਕੇਤਕ ਨਿਰਪ ਤਪ ਕਰ ਕਰ ਮਰੇ।
ਬਹੁਰ ਭਗੀਰਥ ਲਿਆਵਨ ਕਰੇ।
ਸਿਵ ਨੇ ਧਾਰ ਸੀਸ ਪਰ ਧਰੀ।
ਅਘ ਹਰਬੇ ਕਉ ਧਰ ਪਰਵਰੀ।
ਤੀਨ ਲੋਕ ਮਾਨੀ ਅਘਹਾਨੀ।
ਪ੍ਰਿਥਮ ; ਸੇਵ ਤੁਮਰੀ ਹਮ ਠਾਨੀ।

(ਸੂਰਜ ਪ੍ਰਕਾਸ਼ ਰਾਸ ੧ ਅੰਸੂ ੪੯)

ਵੇਦ ਮੰਡਨ

ਚਹੁ ਖਣੁ ਨੌ ਕਾ ਸਾਰ ਨਿਕਾਰਾ।
ਗੁਰ ਨਾਨਕ ਬਾਣੀ ਵਿਸਥਾਰਾ।

(ਗੁਰ ਬਿਲਾਸ ਧਿ: ੪ ਪੰਨਾ ੩੫)

ਅਵਤਾਰ ਮੰਡਨ

ਸ੍ਰੀ ਹਨੂਮਾਨ ਜੀ ਨੂੰ ਸ੍ਰੀ ਨਾਨਕ ਦੇਵ ਜੀ ਨੇ ਸ੍ਰੀ ਰਾਮਚੰਦ੍ ਜੀ ਕਾ ਰੂਪ ਧਾਰਕੇ ਦਰਸਨ ਦੀਆ ਭਾਈ ਬਾਲਾ ਲਛਮਣ ਜੀ ਬਣੇ ਤੇ ਮਰਦਾਨਾ ਸ੍ਰੀ ਸੀਤਾ ਜੀ (ਗੁ: ਬਾ: ਜਨਮ ਸਾਖੀ ਛੰਕਾਦੀ ਪੰਨਾ ੫੫੯)

ਪੁਨਾ:-

ਅਵਤਾਰਨ ਕੀ ਕਥਾ ਮਹਾਨੀ।
ਰਾਮ ਕ੍ਰਿਸਨ ਆਦਿਕ ਗੁਨਖਾਨੀ।
(ਸੂਰਜ ਪ੍ਰਕਾਸ ਰੁਤ ੩ ਅੰਸੂ ੫੧)

ਹਿੰਦੂ ਧਰਮ ਮੰਡਨ

ਜੌ ਜਗ ਵਿਖੇ ਨ ਹਿੰਦੂ ਰਹਿਤੇ । ਸੁਰਹਿਤ ਹਮਨ ਕੌਨ ਨਿਰਬਹਤੇ।
ਬਿਆਹ ਆਦਿ ਥਿਤ ਮਹਿ ਜੋ ਕਰੈ । ਸੋ ਅਹਾਰ ਹਮਰੇ ਮੁਖ ਧਰੈ ।
ਕਾਜ ਅਨਕ ਮਹਿ ਹਮਨ ਕਰੰਤੇ। ਸੋ ਸਰਗੁਨ ਕੋ ਤ੍ਰਿਪਤ ਧਰੰਤੇ ।
ਯਾਂਤੇ ਹਿੰਦੂ ਗਨ ਅਰ ਦੇਵ। ਰਾਖਨ ਕਰੇ ਪ੍ਰਭੁ ਗੁਰਦੇਵ।
(ਸੂਰਜ ਪ੍ਰਕਾਸ ਰਾਸ ੧੨ ਅੰਸ ੬੬)

ਜੰਞੂ ਮੰਡਨ

ਲਿਖਿਆ ਹੈ ਕਿ ਜਦ ਦਸਮ ਗੁਰੂ ਜੀ ਅਨੰਦਪੁਰ ਸਾਹਿਬ ਤੋਂ ਇਕ ਦਫਾ ਸ਼ਕਾਰ ਗਏ ਘੋੜੇ ਪਰ ਚੜੇ ਹੋਇਆਂ ਦੀ ਮਿਆਨ ਵਿਚੋਂ ਤਲਵਾਰ ਉਛਲੀ, ਮਹਾਰਾਜ ਨੇ ਤਲਵਾਰ ਬਾਂਧਨੇ ਕੋ ਪੰਜ ਪਿਆਰੋਂ ਸੇ ਧਾਗਾ ਮਾਂਗਾ, ਉਸ ਮਨ ਘੜਤ ਪਰਸੰਗ ਨੂੰ ਇਉਂ ਲਿਖਕੇ ਪਾਯਾ ਹੈ । ਯਥਾ:-

ਦਿਆ ਸਿੰਘ ਤਬ ਰਿਦੇ ਵਿਚਾਰਾ।
ਅਪਨਾ ਜਗਯੋਪਵੀਤ ਉਤਾਰਾ।
ਡੋਰਾ ਕਰ ਕ੍ਰਿਪਾਨ ਹਿਤ ਦੀਨਾ।
ਸ੍ਰੀ ਕਲਗੀਧਰ ਪਾਵਨ ਕੀਨਾ।

ਅਗੇ ਜਾਕੇ ਫਿਰ ਲਿਖਿਆ ਹੈ ਕਿ ਡੇਰੇ ਆਕੇ ਫਿਰ ਭਾਈ ਸਾਹਿਬ ਨੇ ਜੰਞੂ ਦੀ ਭੁਲ ਬਖਸ਼ਾਕੇ ਫੇਰ ਜੰਞੂ ਪਾਯਾ।
(ਦੇਖੋ ਰੁਤ ੩ ਅੰਸੂ ੨੮)

ਕਪਾਲਕ੍ਰਿਆ, ਤੇ ਫੁਲ ਚੁਗਨੇ ਆਦਿ

ਕਪਾਲ ਕ੍ਰਿਆ ਕਰ ਸ੍ਰੀ ਗੁਰੂ ਆਏ ।
ਕਰ ਸਨਾਨ ਦ੍ਰਿਗ ਨੀਰ ਬਹਾਏ ।

(ਧ: ੮ ਵਿਚ ਦੇਖੋ ਸਾਰਾ ਪਰਸੰਗ ਚੌਥੀ ਪਾਤਸਾਹੀ ਦਾ ਸਮਾਵਣਾ)

ਸਤਿਗੁਰਾਂ ਦੇ ਵਿਵਾਹਾਂ ਨੂੰ ਹਿੰਦੂ ਰੀਤੀ ਅਨੁਸਾਰ ਸਾਬਤ ਕਰਨ ਹਿਤ ਸਭ ਤੋਂ ਜਿਆਦਾ ਜੋਰ ਲਾਯਾ ਗਇਆ ਹੈ, ਨਮੂਨੇ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਵਾਹ ਪਰਸੰਗ ਪੜ੍ਹੋ ॥

ਜਥਾ:—

ਪੂਜਤ ਨਵ ਗ੍ਰਹ ਗਣਪਤਿ ਸਾਥ । ਕਹੈ ਕ੍ਰਿਤ ਠਾਨੈ ਗੁਰੁ ਨਾਥ ।
ਪੁਨ ਵੇਦੀ ਮਹਿ ਰਾਖ ਹੁਤਾਸਨ । ਭਾਰਤ ਸਰਪੀ ਕਰਤਪ੍ਰਕਾਸ਼ਨ ।
ਦਿਜ ਆਦਿਕ ਕੋ ਕਰਵ ਵਡੇਰਾ ।ਦੀਨ ਦਾਨ ਸਤਿਗੁਰੁ ਤਿਸ ਵੇਰਾ ।
ਦਯਾ ਰਾਮ ਦਿਜ ਸਮੇਂ ਪਛਾਨਾ । ਸਗਰੋ ਸਾਖੋ ਚਾਰ ਵਖਾਨਾ ।

(ਰੁਤ ੧ਅੰਸੂ ੧੩)

ਗਲ ਕੀ ਇਸ ਪਰਕਾਰ ਦੇ ਬਹੁਤ ਸਾਰੇ ਪ੍ਰਸੰਗ ਥਾਂ ੨ ਗ੍ਰੰਥਾਂ ਵਿਚ ਪਾਏ ਹਨ,ਜਿਨਾਂ ਨੂੰ ਪੜ੍ਹਕੇ ਨਿਸਚੇ ਹੁੰਦਾ ਹੈ ਕਿ ਇਤਹਾਸ ਨੂੰ ਖਰਾਬ ਕਰਕੇ ਤਾਂ ਖਾਲਸਾ ਧਰਮ ਮਿਰਜਾਦਾ ਵਿਚੋ ਵਿਚ ਘੁਣੇ ਦੀ ਤਰਾਂ ਖਾ ਲਈ ਹੈ, ਕੇਵਲ ਨਾਮ ਮਾਤਰ ਖਾਲਸਾ ਇਤਹਾਸ ਰਹਿ ਗਏ ਹਨ, ਜੰਞੂ, ਟੋਪੀ,ਸਰਾਧ, ਗਊਪੂਜਾ, ਇਕਾਦਸੀ ਬਰਤ, ਰੀਗਾ ਫੁਲ, ਕ੍ਰਿਆ ਕਰਮ ਆਦਿ ਜਿਸਨੂੰ ਸਤਿਗੁਰਾਂ ਨੇ ਗੁਰਬਾਣੀ ਵਿਚ ਖੰਡਨ ਕੀਤਾ ਹੈ, ਸਭ ਉਕਤ ਗ੍ਰੰਥਾਂ ਵਿਚ ਮੌਜੂਦ ਹਨ, ਜਿਸਨੇ ਜ਼ਿਆਦਾ ਤਸੱਲੀ ਕਰਨੀ ਹੋਵੇ ਰੁਤ ੯ ਅੰਸੂ ੫੧, ਰਾਸ ੬ ਅੰਸੂ ੫੫, ੫੮ ਗੁਰ ਬਿਲਾਸ ਪੰਨਾ ੪੦੦, ੩੫, ੫੧੫ ਆਦਿ ਪੰਨੇ ਆਪ ਪੜ੍ਹਕੇ ਦੇਖੋ । ਇਨਾਂ ਸਬੰਧੀ ਜਿਤਨੇ ਨੋਟ ਸਾਡੇ ਪਾਸ ਮੌਜੂਦ ਹਨ ਓਹ ਲੇਖ ਦੇ ਵਿਸਥਾਰ ਤੋਂ ਡਰਕੇ ਲਿਖੇ ਨਹੀਂ ਜਾ ਸਕਦੇ, ਕਿਉਂ ਕਿ ਹਜਾਰਾਂ ਦੀ

ਤਾਦਾਦ ਵਿਚ ਲਿਖੇ ਪਏ ਹਨ, ਜੇ ਸਤਿਗੁਰਾਂ ਨੇ ਸੇਵਕਾਂ ਨੂੰ ਸਮਾਂ ਬਖਸ਼ਿਆ ਤਾਂ "ਗੁਰਮਤਿ ਸਿਧਾਂਤ ਕਸਵਟੀ" ਨਾਮੇ ਇਕ ਵਿਸਥਾਰ ਵਾਲੀ ਪੁਸਤਕ ਦਵਾਰਾ ਪੰਥ ਦੇ ਪੇਸ਼ ਕੀਤੇ ਜਾਣਗੇ ਜਿਨਾਂ ਦੇ ਪੜ੍ਹਨ ਤੋਂ ਪੰਥ ਪਿਆਰਿਆਂ ਨੂੰ ਨਿਸਚਾ ਹੋ ਜਾਊ ਕਿ ਖਾਲਸਾ ਪੁਸਤਕਾਂ ਉਤੇ ਅਨਮਤੀਆਂ ਨੇ ਕੈਸੇ ਗੁੱਝੇ ਹਥ ਕੀਤੇ ਹੋਏ ਹਨ ॥

ਸਾਨੂੰ ਪਰਤੀਤ ਹੁੰਦਾ ਹੈ ਕਿ 'ਗੁਰਮਤਿ ਸਿਧਾਂਤ ਕਸਵਟੀ' ਪੁਸਤਕ ਦਾ ਨਾਮ ਪੜ੍ਹ ਸੁਣਕੇ ਕਈਕੁ ਨਾਮ ਧਰੀਕ ਪੰਡਿਤਾਂ ਨੂੰ ਤਨ ਮਨ ਵਿਖੇ ਜਵਾਲਾ ਪਰਗਟ ਹੋ ਜਾਊ, ਕਿਉਂਕਿ ਉਕਤ ਪੁਸ-ਤਕ ਦੁਆਰਾ ਤਿਨਾਂ ਦੇ ਖਾਲਸਾ ਪੰਥ ਵਿਚ ਪਸਾਰੇ ਹੋਏ ਜਾਲ ਚੰਗੀ-ਤਰਾਂ ਟੁਟ ਜਾਣਗੇ। ਜਿਵੇਂ ਭਗਉਤੀ ਰਾਣੀ (ਪੰਡਤਾਂ ਦੀ ਅੰਨ ਦਾਤੀ) ਸ੍ਰੀ ਮਾਨ ਪੰਥ ਰਤਨ ਭਾਈ ਦਿੱਤ ਸਿੰਘ ਜੀ ਸਚ ਖੰਡ ਵਾਸੀ ਦੇ ਰਚਿਤ "ਦੁਰਗਾ-ਪ੍ਰਬੋਧ" ਨਾਮੀ ਪੁਸਤਕਦੇ ਉਦਮ ਦੁਆਰਾ ਪੰਥ ਵਿਚੋਂ ਪਰ ਲਾਕੇ ਉਡ ਚੁਕੀ ਹੈ ॥

ਹੁਣ ਅਸੀ ਨਮੂਨੇ ਮਾਤਰ ਹੇਠ ਲਿਖੇ ਗੁਰਵਾਕਾਂ ਦੁਆਰਾ ਸਾਬਤ ਕਰਦੇ ਹਾਂ, ਜੋ ਦਸੋਂ ਗੁਰਾਂ ਦਾ ਉਤੇ ਪਰਗਟ ਕੀਤੀ ਗਈ-ਆਂ ਮਨਮਤਾਂ ਬਾਬਤ ਗੁਰਬਾਣੀ ਵਿਚ ਕੀ ਕੁਝ ਸ੍ਰੈ ਮਿਸ਼ਨ ਦਰਜਹੈ ਯਥਾਃ—

ਸ਼ਰਾਧ ਖੰਡਨ

ਆਇਆ ਗਇਆ ਮੁਇਆ ਨਾਉ। ਪਿਛੈ ਪਤਲਿ ਸਦਿਹੁ ਕਾਵ।
ਨਾਨਕ ਮਨਮੁਖਿ ਅੰਧੁ ਪਿਆਰੁ। ਬਾਝੁ ਗੁਰੂ ਡੁਬਾ ਸੰਸਾਰੁ ॥
(ਵਾਰ ਮਾਝ ਮਃ ੧)

ਪੁਨਾਃ—ਜੀਵਤ ਪਿਤਰ ਨ ਮਾਨੈ ਕੋਊ, ਮੂਏ ਸਰਾਧ ਕਰਾਹੀ।
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ
ਕਊਆ ਕੂਕਰ ਖਾਹੀ।

ਪੁਨਾ:—ਮਾਟੀਕੇ ਕਰ ਦੇਵੀ ਦੇਵਾ ਤਿਸ ਆਗੈ ਜੀਉ ਦੇਹੀ।
ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨਲੇਹੀ।
(ਭਗਤ ਕਬੀਰ)

ਤੀਰਥ ਖੰਡਨ

(ੳ) ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲ ਗੁਮਾਨ।
(ਸ੍ਰੀ ਰਾਗ ਮ: ੩)

(ਅ) ਮਨ ਕਾਮਨਾ ਤੀਰਥ ਦੇਹ ਛੁਟੈ। ਗਰਬ ਗੁਮਾਨ ਨ ਮਨ ਤੇ ਹੁਟੈ॥ (ਸੁਖਮਨੀ)

(ੲ) ਜਪ, ਤਪ, ਸੰਜਮ, ਸਾਧੀਐ ਤੀਰਥ ਕੀਚੈ ਬਾਸ। ਪੁੰਨ ਦਾਨ ਚੰਗਿਆਈਆ ਬਿਨ ਸਚੇ ਕਿਆ ਪਾਸ॥ (ਸ੍ਰੀ ਰਾਗ ਮ: ੧)

(ਸ) ਨਾਵਣ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ॥ ਕਹੁ ਕਬੀਰ ਛੂਟਨ ਨਹੀ ਮਨ ਬਉਰਾ ਰੇ ਛੂਟਨ ਹਰਿ ਕੀ ਸੇਵ॥ (ਗਉੜੀ ਕਬੀਰ)

(ਹ) ਅੰਤਰ ਮੈਲ ਜੇ ਤੀਰਥ ਨਾਵੈ ਤਿਸ ਬੈਕੁੰਠ ਨ ਜਾਨਾ॥
(ਆਸਾ ਕਬੀਰ)

(ਕ) ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਮਲ ਕਦੇ ਨ ਜਾਇ॥ (ਗੂਜਰੀ ਮ: ੩)

(ਖ) ਤੀਰਥ ਨਾਵਣ ਜਾਉ ਤੀਰਥ ਨਾਮ ਹੈ। ਤੀਰਥ ਸਬਦ ਵੀਚਾਰ ਅੰਤਰ ਗਿਆਨ ਹੈ॥ (ਧਨਾਸਰੀ ਮ: ੫)

(ਗ) ਤੀਰਥ ਨਾਇ ਨ ਉਤਰਸ ਮੈਲ। ਕਰਮ ਧਰਮ ਸਭ ਹਉਮੈ ਫੈਲ॥ (ਰਾਮਕਲੀ ਮ: ੫)

ਅਵਤਾਰ ਖੰਡਨ

(ੳ) ਅਵਤਾਰ ਨ ਜਾਨਹਿ ਅੰਤ। ਪਰਮੇਸਰ ਪਾਰਬ੍ਰਹਮ ਬੇਅੰਤ।

(ਅ) ਜੁਗਹਿ ਜੁਗਹਿ ਕੇ ਰਾਜੇ ਕੀਏ, ਗਾਵਹਿ ਕਰ ਅਵਤਾਰੀ।

ਤਿਨ ਭੀ ਅੰਤ ਨ ਪਾਇਆ ਤਾਕਾ, ਕਿਆ ਕਰਿਆਖ ਵਿਚਾਰੀ

(ਆਸਾ ਮ: ੧)

(ੲ) ਸਹੰਸਰ ਦਾਨ ਦੇ ਇੰਦ੍ਰੁ ਰੁਆਇਆ ॥ ਪਰਸ ਰਾਮੁ ਰੋਵੈ ਘਰ ਆਇਆ ॥ ਅਜੈ ਸੁ ਰੋਵੈ ਭੀਖਯਾ ਖਾਇ ॥ ਐਸੀ ਦਰਗਹਿ ਮਿਲੈ ਸਜਾਇ ॥ ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣ ਵਿਛੁੜਿ ਗਇਆ ॥ ਰੋਵੈ ਦਹਿਸਿਰੁ ਲੰਕ ਗਵਾਇ ॥ ਜਿਨ ਸੀਤਾ ਆਂਦੀ ਡਉਰੂ ਵਾਇ ॥ ਰੋਵੈ ਪਾਂਡਵ ਭਏ ਮਜੂਰ ॥ ਜਿਨਕੈ ਸੁਆਮੀ ਰਹਿਤ ਹਦੂਰਿ ॥ ਰੋਵੈ ਜਨਮੇਜਾ ਖੋਇ ਗਇਆ ॥ ਏਕੀ ਕਾਰਨ ਪਾਪੀ ਭਇਆ ॥ ਰੋਵੈ ਸੇਖ ਮਸਾਇਕ ਪੀਰ॥ ਅੰਤਿ ਕਾਲਿ ਮਤੁ ਲਾਗੈ ਭੀੜ ॥ ਰੋਵੈ ਰਾਜੇ ਕੰਨ ਪੜਾਇ ॥ ਘਰ ਘਰ ਮਾਗਹਿ ਭੀਖਿਆ ਜਾਇ ॥ ਰੋਵੈ ਕਿਰਪਨ ਸੰਚਹਿ ਧਨੁ ਜਾਇ ॥ ਪੰਡਿਤ ਰੋਵੈ ਗਿਆਨੁ ਗਵਾਇ ॥ ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥ ਮੰਨੇਨਾਉ ਸੋਈ ਜਿਣ ਜਾਏ ॥ ਅਉਰੀ ਕਰਮ ਨ ਲੇਖੈ ਲਾਇ ॥

(ਸ)- ਰਾਮ ਰਹੀਮ ਉਬਾਰਿ ਨ ਸਕਿ ਹੈਂ,
ਜਾਕਰ ਨਾਮ ਰਟੈ ਹੈ ।
ਬ੍ਰਹਮਾ ਬਿਸ਼ਨ ਰੁਦ੍ਰ ਸੂਰਜ ਸਸਿ,
ਤੇ ਬਸਿ ਕਾਲ ਸਭੈ ਹੈ ।
ਬੇਦ ਪੁਰਾਨ ਕਰਾਨ ਸਭੈ ਮਤ,
ਜਾਕਰ ਨੇਤ ਕਹੈ ਹੈ ।
ਇੰਦ੍ਰ ਫਨਿੰਦ੍ਰ ਮਨਿੰਦ੍ਰ ਕਲਪ ਬਹੁ,
ਧਿਆਵਤ ਧਿਆਨ ਨ ਐ ਹੈ ।

(ਹ) ਕਿਉਂ ਕਹੁ ਕ੍ਰਿਸ਼ਨ ਕ੍ਰਿਪਾਨਿਧ ਹੈ,
ਕਿਹ ਕਾਜ ਤੇ ਬਧਕ ਬਾਣ ਲਗਾਯੋ ।
ਔਰ ਕੁਲੀਨ ਉਧਾਰਤ ਜੋ ਕਿਹ,
ਤੇ ਅਪਨੋ ਕੁਲ ਨਾਸ ਕਰਾਯੋ ।
ਆਦਿ ਅਜੂਨਿ ਕਹਾਇ ਕਹੋ ਕਿਮ,

ਦੇਵਕ ਕੋ ਜਠਰੰਤਰ ਆਯੋ।

(ਥ)– ਕਹਾ ਭਯੋ ਜੋ ਆਨ ਜਗਤ ਮੈਂ

ਦਸ੍ਕ ਅਸੁਰ ਹਰਿ ਘਾਏ।

ਅਧਿਕ ਪ੍ਰਪੰਚ ਦਿਖਾਇ ਸਭਨ ਕਹ,

ਆਪਹਿ ਬ੍ਰਹਮ ਕਹਾਏ।

ਹਿੰਦੂ ਧਰਮ ਖੰਡਨ

(ੳ)– ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ।
ਨਾਰਦਿ ਕਹਿਆ ਸਿ ਪੂਜ ਕਰਾਂਹੀ।
ਅੰਧੇ ਗੁੰਗੇ ਅੰਧ ਅੰਧਾਰੁ।
ਪਾਥਰੁ ਲੇ ਪੂਜਹਿ ਮੁਗਧ ਗਵਾਰ।
ਓਹਿ ਜਾ ਆਪਿ ਡੁਬੇ,
ਤੁਮ ਕਹਾ ਤਾਰਣ ਹਾਰੁ ?

(ਵਾਰ ਬਿਹਾਗੜਾ ਮ:੧

(ਅ)–ਬੁਤ ਪੂਜਿ ਪੂਜਿ ਹਿੰਦੂ ਮੂਏ, ਤੁਰਕ ਮੂਏ ਸਿਰੁਨਾਈ।
ਓਇ ਲੇ ਜਾਰੇ ਓਇ ਲੇ ਗਾਡੇ, ਤੇਰੀ ਗਤਿ ਦੁਹੂ ਨ ਪਾਈ।

(ਕਬੀਰ)

(ੲ)–ਹਮਰਾ ਝਗਰਾ ਰਹਾ ਨ ਕੋਊ।
ਪੰਡਿਤ ਮੁਲਾ ਛਾਡੇ ਦੋਊ।
ਪੰਡਿਤ ਮੁਲਾ ਜੋ ਲਿਖਿ ਦੀਆ।
ਛਾਡਿ ਚਲੇ ਹਮ ਕਛੂ ਨ ਲੀਆ।

(ਭੈਰਉ ਕਬੀਰ)

ਜਨੇਊ ਖੰਡਨ

(ੳ)–ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ।

(ਆਸਾ ਮਹਲਾ ੧)

(ਅ)–ਨਾਇ ਮੰਨਿਐ ਪਤਿ ਊਪਜੈ, ਸਾਲਾਹੀ ਸਚੁ ਸੂਤੁ ।
ਦਰਗਹ ਅੰਦਰਿ ਪਾਈਐ, ਤਗੁ ਨ ਤੂਟਸਿ ਪੂਤ ।
(ਵਾਰ ਆਸਾ ਮਹਲਾ ੧)

(ੲ)–ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ।
(ਰਾਮਕਲੀ ਮਹਲਾ ੧)

ਕਰਮ ਕ੍ਰਿਆ ਖੰਡਨ

(ੳ)–ਖਟ ਸਾਸਤ ਬਿਚਰਤ ਮੁਖਿ ਗਿਆਨਾ ॥ ਪੂਜਾ ਤਿਲਕੁ, ਤੀਰਥ ਇਸਨਾਨਾ ॥ ਨਿਵਲੀ ਕਰਮ ਆਸਨ ਚਉਰਾ-ਸੀਹ, ਇਨ ਮਹਿ ਸਾਂਤਿ ਨ ਆਵੈ ਜੀਉ ॥
(ਮਾਝ ਮਹਲਾ ੫)

(ਅ)–ਕਰਮ ਕਾਂਡ ਬਹੁ ਕਰਹਿ ਅਚਾਰ । ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥ (ਗਉੜੀ ਮ: ੩)

(ੲ)–ਹਰਿ ਬਿਨੁ ਅਵਰ ਕ੍ਰਿਆ ਬਿਰਥੇ । ਜਪ, ਤਪ, ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ । ਬਰਤ ਨੇਮ ਸੰਜਮ ਮਹਿ ਰਹਿਤਾ ਤਿਨ ਕਾ ਆਢੁ ਨ ਪਾਇਆ॥
(ਗਉੜੀ ਮ: ੫)

(ਸ)–ਪੂਜਾ ਵਰਤ ਤਿਲਕ ਇਸਨਾਨਾ, ਪੁੰਨ ਦਾਨ ਬਹੁ ਦੈਨ ।
ਕਹੂ ਨ ਭੀਜੈ ਸੰਜਮ ਸੁਆਮੀ, ਬੋਲਹਿ ਮੀਠੇ ਬੈਨ ।
ਜਾਤ ਤਾਪ ਭ੍ਰਮਨਾ ਬਸੁਧਾ ਕਰਿ, ਉਰਧ ਤਾਪ ਲੈ ਗੈਨ ।
ਇਹ ਬਿਧਿ ਨਹ ਪਤੀਆਨੋ ਠਾਕੁਰ, ਜੋਗਜੁਗਤਿ ਕਰਿਜੈਨ।
(ਧਨਾਸਰੀ ਮਹਲਾ ੫)

ਖਾਲਸਾ ਪੰਥੀਆਂ ਲਈ ਢੰਡੋਰਾ

ਖਾਲਸਾ ਪੰਥ ਵਿਚੋਂ ਵਿਚ, ਖਾਲਸਾ ਇਤਹਾਸ ਦੀ ਰਾਹੀਂ ਦਿਖਾਵੇ ਮਾਤ੍ਰ ਸਿਖ ਤੇ ਅੰਦਰੋਂ ਪੱਕਾ ਹਿੰਦੂ ਬਨਾਇਆ ਗਿਆ ਹੈ, ਜਿਸ ਛੇੜ੍ਹਦੀ ਕਲਾ ਨੂੰ ਸਮਝਕੇ ਅਤੇ ਅਜ ਕਲ ਦੀ

ਪਸਚਮੀ ਵਿਦਯਾ ਵਲੋਂ ਦੂਏ ਪਾਸੇ ਦਿਖਾਵੇ ਮਾਤ੍ਰ ਖਾਲਸਾ ਤੇ ਅੰਦਰੋਂ ਈਸਾਈ ਮੱਤ ਦੇ ਸ਼ਰਧਾਲੂ ਬਨਾਣ ਦੇ ਪਕੇ ਬਾਨਣੂ ਹੁੰਦੇ ਦੇਖਕੇ ਖਾਲਸਾ ਪੰਥ ਦੇ ਹਤੈਸ਼ੀ ਵਿਦਜਵਾਨਾਂ ਨੂੰ ਚਾਹੀਦਾ ਹੈ, ਕਿ ਓਹ ਆਪਣਾਂ ਅਮੋਲਕ ਜੀਵਨ ਇਸ ਖਾਲਸਾ ਇਤਿਹਾਸ ਸੁਧਾਰ ਸੇਵਾ ਪਰ ਅਰਪਨ ਕਰਦੇ ਹੋਏ ਆਪਨੇ ਖਾਲਸਾ ਬਜੁਰਗਾਂ ਦੀ ਕੀਤੀ ਗਈ ਪੰਥਕ ਸੇਵਾ ਨੂੰ ਜਿੰਦਾ ਰਖਣ ਲਈ ਅਪਣੀ ਵਿਦਯਾ ਸਫਲੀ ਕਰਨ ਕਿਉਂਕਿ ਇਸ ਨਾਲੋਂ ਵਧਕੇ ਉਚੀ ਤੇ ਸੁਚੀ ਹੋਰ ਕੋਈ ਪੰਥ ਸੇਵਾ ਨਹੀਂ। ਜਿੰਨਾਂ ਚਿਰ ਇਤਹਾਸਾਂ ਵਿਚੋਂ ਪੰਥ ਦੇ ਸਿਰ ਲਾਏ ਗਏ ਕਲੰਕ ਧੋਤੇ ਨਹੀਂ ਜਾਂਦੇ ਉਤਨਾਂਚਿਰ ਕੌਮੀ ਵਿਦਜਵਾਨਾਂਦੇ ਸਿਰ ਭਾਰ ਹੈ, ਕਿਉਂਕਿ ਓਨ੍ਹਾਂ ਦੀ ਵਿਦਯਾ ਤਦ ਹੀ ਸਫਲੀ ਹੋ ਸਕਦੀ ਹੈ, ਜੇ ਆਪਨਾ ਆਪ ਖਾਲਸਾ ਇਤਹਾਸ ਸੁਧਾਰ ਪਰ ਵਾਰ ਸਿਟਨ, ਪਛਮੀ ਦੇਸਾਂ ਵਿਚ ਤਰੱਕੀ ਹੋਵਨ ਦਾ ਸਾਧਨ ਇਹੋ ਹੈ ਕਿ ਉਥੇ ਦੇ ਵਿਦਜਵਾਨ ਪੁਰਸ਼ ਆਪਨਾ ਸਮਾਂ ਅਜਾਈਂ ਖੋ ਕੇ ਨਹੀਂ ਮਰਦੇ,ਕੋਈ ਨਾ ਕੋਈ ਤਰੱਕੀ ਹਿਤ ਪੁਸਤਕ ਰਚਕੇ ਸੰਸਾਰੋਂ ਕੂਚ ਕਰਦੇ ਹਨ, ਜਿਸ ਕਰ ਕੇ ਸਦਾ ਜਿੰਦਾ ਮੰਨੇ ਜਾਂਦੇ ਹਨ॥

ਇਸ ਲਈ ਹੁਣ ਯਾਂ ਤਾਂ ਪਿਛੇ ਦਸੇ ਹੋਏ ਖਾਲਸਾ ਪੰਥ ਸਬੰਧੀ ਪੁਸਤਕਾਂ ਵਿਚ ਭਰੀ ਹੋਈ ਅਨਮਤ ਮਿਰਯਾਦਾ ਦੇ ਅਨੁ-ਸਾਰ ਆਪੋ ਆਪਨੇ ਖਾਲਸਾ ਘਰਾਣਿਆਂ ਵਿਚ ਗੁਰਬਾਣੀ ਤੋਂ ਬੇ-ਮੁਖ ਹੋਕੇ ਅਨਮਤੀ ਮਿਰਯਾਦਾ ਕਰੌਣੀ ਪਿਆ ਕਰੂਗੀ॥

"ਅਥਵਾ--ਪਿਤਰ ਭੀ ਬਪੁਰੇ ਕਹੋ ਕਿਉ ਪਾਵਹਿ ਕਊਆ ਕੂਕਰ ਖਾਹੀ॥ ਪੁਨਾ:-ਪੰਡਿਤ ਮੁਲਾਂ ਜੋ ਲਿਖ ਦੀਆ। ਛਾਡਿ ਚਲੇ ਹਮ ਕਛੂ ਨ ਲੀਆ।" ਆਦਿ ਗੁਰ ਸ਼ਬਦਾਂ ਦੇ ਭਾਵ ਅਨੁ-ਸਾਰ ਕੈਹਣਾ ਪਊ ਕਿ ਸੂਰਜ ਪ੍ਰਕਾਸ਼ ਆਦਿ ਪੁਸਤਕਾਂ ਦੀ ਮਨਮਤਾਂ ਸਬੰਧੀ ਲਿਖਤ ਗਲਤ ਹੈ। ਇਸ ਕਰਕੇ ਅਸੀ ਸ਼ਰਾਧ ਆਦਿ ਨਹੀਂ ਕਰਾਉਂਦੇ। ਕਿਉਂਕਿ ਸਤਿਗੁਰੂ ਜੀ ਸ਼ਰਾਧ ਆਦਿ ਕਰਮਾਂ ਦਾ ਖੰਡਨ ਕਰਦੇ ਹਨ। ਸ੍ਰੀ ਮਾਨ ਭਾਈ ਸੰਤੋਖ ਸਿੰਘ ਜੀ ਸਾਹਿਬ

ਇਤਹਾਸ ਕਰਤੇ ਗੁਰਮਤਿ ਤੋਂ ਅਗਜ਼ਾਤ ਨਹੀਂ ਸਨ, ਇਹ ਸਭ ਬ੍ਰਾਹਮਣਾਂ ਦੀ ਖਾਸ ਕ੍ਰਿਪਾ ਹੋਈ ਹੈ। ਜਿਨਾਂ ਨੇ ਮਨ ਘੜਤ ਪ੍ਰਸੰਗ ਪਾ ਕੇ ਗ੍ਰੰਥ ਬਿਗਾੜ ਦਿਤੇ ਹਨ ਜੋ ਸਾਨੂੰ ਸੋਧ ਲੈਣੇ ਚਾਹੀਦੇ ਹਨ।

ਪਿਛਲੇ ਸਮੇਂ ਵਿਚ ਲਿਖਤੀ ਗ੍ਰੰਥ ਹੁੰਦੇ ਸਨ, ਜਿਸਪ੍ਰਕਾਰ ਲਿਖਾਰੀਆਂ ਨੇ ਚਾਹਿਆ ਭੰਨ ਤੋੜ ਕਰਕੇ ਨਵੇਂ ਪ੍ਰਸੰਗ ਪਾ ਦਿਤੇ ਜੇਹਾ ਕਿ ਭਗਉਤੀ ਦੀ ਵਾਰ ਦਾ ਦਸਮ ਗ੍ਰੰਥ ਵਿਚ ਪਿਛੋਂ ਪੌਣਾ ਸਿਧ ਕੀਤਾ ਗਿਆ ਹੈ। ਇਹ ਤਾਂ ਨਿਰਸੰਸੇ ਸਿਧ ਹੈ ਕਿ ਸਭ ਤੋਂ ਪ੍ਰਿਥਮ ਪਰਾਚੀਨ ਲਿਖਾਰੀ ਸਾਡੇ ਦੇਸ਼ ਵਿਚ ਕਸ਼ਮੀਰੀ ਬ੍ਰਾਹਮਣ ਸਨ, ਅਤੇ ਉਨਾਂ ਦੇ ਪਿਛੋਂ ਹਿੰਦੂ ਧਰਮ ਦੇ ਸ਼ਰਧਾਲੂ ਲਿਖਾਰੀ ਰਹੇ॥

ਹੁਣ ਜਿਤਨਾ ਚਿਰ ਸੂਰਜ ਪ੍ਰਕਾਸ਼ ਆਦਿ ਪੁਸਤਕਾਂ ਵਿਚੋਂ ਅਨਮਤੀ ਤੇ ਮਨਮਤੀ ਪ੍ਰਸੰਗ ਦੂਰ ਨਹੀਂ ਕੀਤੇ ਜਾਂਦੇ ਉਤਨਾਚਿਰ ਪੰਥ ਨੂੰ ਸਦਾ ਕਲੰਕ ਤੇ ਅਨਮਤੀਆਂ ਦੀਆਂ ਚਲਾਕੀਆਂ ਦਾ ਬੋਝ ਹੀ ਚੁਕਣਾ ਪਵੇਗਾ, ਪਰ ਏਹ ਖਿਆਲ ਰਹੇ ਜਿਸ ਦਿਨ ਸ਼ਰਾਧ ਤੇ ਦੇਵੀ ਆਦਿ ਗੁਰਮਤਿ ਵਿਰੋਧੀ ਪਰਸੰਗ ਨਿਕਾਲੇ ਜਾਣਗੇ ਤਾਂ ਢਿਲੜ ਸਿਖਾਂ ਨੇ ਜਰੂਰ ਚੀਕਣਾ ਹੈ, ਕਿ ਹਾਏ ਪਾਪ ਕਰ ਦਿਤਾ ਸੂਰਜ ਪ੍ਰਕਾਸ਼ ਤੋੜਿਆ ਗਿਆ ਤੇ ਪਤਰੇ ਫਾੜ ਸੁਟੇ। ਜਿਵੇਂ ਰਾਗ ਮਾਲਾ ਸਮੇਂ ਕੁਫਰ ਤੋਲੇ ਤੇ ਕਾਵਾਂ ਰੌਲੀ ਪਾਈ ਸੀ। ਇਸ ਤੇ ਹਜਾਰ ਗੁਣਾਂ ਜਿਆਦਾ ਰੌਲਾ ਪੌਣਗੇ। ਜੇ ਚੁਪ ਕਰ ਰਹੋਗੇ ਤਾਂ ਪੰਥ ਦੀਆਂ ਜੜਾਂ ਵਿਚ ਹਮੇਸ਼ਾਂ ਮਨਮਤਿ ਦਾ ਤੇਲ ਪਈ ਜਾਵੇਗਾ, ਜਿਸ ਦੇ ਭਾਗੀ ਸਾਡੇ ਖਾਲਸਾ ਵਿਦਜਵਾਨ ਬਣਨਗੇ ਕਿਉਂਕਿ ਜੋ ਸੂਰਜ ਪ੍ਰਕਾਸ਼ ਆਦਿ ਗ੍ਰੰਥਾਂ ਦੇ ਸ਼ਰਧਾਲੂ (ਭਰਮ ਗਿਆਨੀ) "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਦੇ ਹਜੂਰ ਭੀ ਮੰਜੀ ਤੇ ਰਖਕੇ ਸ਼ਰਾਧ ਕਰਮ ਤੇ ਦੇਵੀ ਪੂਜਨ ਆਦਿ ਦਾ ਪਰਚਾਰ ਕਰੀ ਜਾ ਰਹੇ ਹਨ ਇਸ ਮਨ ਮਤ ਪ੍ਰਚਾਰ ਦਾ ਰੋਕਣਾ ਪੰਥਕ ਵਿਦਵਾਨਾਂ ਦਾ ਪੂਰਨ ਫਰਜ ਹੈ।

ਬਸ ! ਉਪਰਲੀਆਂ ਔਕੜਾਂ ਵਤ "ਪ੍ਰਿਥਮ ਭਗਉਤੀ ਸਿਮਰਕੈ" ਦੇਵੀ ਪੂਜਕਾਂ ਦੀ ਕ੍ਰਿਪਾਲਤਾ ਦਾ ਫਲ ਸਮਝੋ।

ਜੇਹਾ ਕਿ ਪਿਛੇ ਦਸਿਆ ਗਿਆ ਹੈ, ਕੀ ਚੰਗਾ ਹੁੰਦਾ ਕਿ ਸਰੋਮਣੀ ਗੁਰਦਵਾਰਾ ਪਰਬੰਧਕ ਕਮੇਟੀ ਅਪਨੀ ਪਰ-ਵਿਰਤਤ੍ਰ ਪ੍ਰਸਿਧ ਸੇਵਾ ਲਈ ਕਮਰ ਕਸਾ ਕਰਨ ਤੋਂ ਪੈਹਲਾਂ ਪੂਰਨ ਸ਼ਾਂਤੀ ਨਾਲ ਉਤੇ ਲਿਖੀ ਬੇਨਤੀ ਵਤ ਅਪਨੀ ਸੰਸਾਰਕ ਅਤੇ ਧਾਰਮਕ ਵਿਦਯਾ ਪ੍ਰਾਪਤੀ ਨਿਪੁੰਨਤਾ ਦੇ ਬਲ ਨਾਲ ਸਭ ਤੋਂ ਪਹਿਲਾਂ ਅਪਨੇ ਖਾਲਸਾ ਪੰਥਕ ਗ੍ਰੰਥਾਂ ਦੇ ਭਾਵ ਨੂੰ ਆਦਿ ਤੋਂ ਅੰਤ ਤਕ ਵਿਚਾਰਕੇ ਗੁਰਮਤਿ ਕਸ-ਵਟੀ ਦੁਆਰਾ ਉਨਾਂ ਗ੍ਰੰਥਾਂ ਦਾ ਸੁਧਾਰ ਕਰਦੀ, ਜਿਸਦੇ ਅਨੁਸਾਰ ਉਨ੍ਹਾਂ ਨੂੰ ਪੰਥਕ ਲੈਨ ਉਤੇ ਅਡੋਲ ਅਵਸਥਾ ਵਿਚ ਆਪ ਚਲਣ ਅਤ ਦੂਜੇ ਭਰਾਵਾਂ ਨੂੰ ਚਲੌਣ ਦਾ ਸੁਖਾਲਾ ਸਾਧਨ ਪ੍ਰਾਪਤ ਹੋ ਜਾਂਦਾ ਤੇ ਗੁਰਮਤਿ ਵਿਰੁਧ ਪ੍ਰਚਾਰਕ, ਗ੍ਰੰਥੀ ਤੇ ਗੁਰਦਵਾਰੀਏ ਆਦਿ ਭਰਾਵਾਂ ਦੇ ਸੁਧਾਰ ਦੀ ਕਸਵੱਟੀ ਸੁਤੇ ਹੀ ਮਿਲ ਜਾਂਦੀ, ਪਰ ਅਸੀਂ ਐਥੇ ਅਫਸੋਸ ਨਾਲ ਪ੍ਰਗਟ ਕਰਦੇ ਹਾਂ ਕਿ ਏਹ ਜਥਾ ਇਸ ਖਿਆਲ ਤੋਂ ਪਰੇਡੇ ਜਾ ਰਿਹਾ ਹੈ, ਅਤੇ ਅਸੀਂ ਨਿਸਚਾ ਦਵਾਉਂਦੇ ਹਾਂ ਕਿ ਜਿਤਨਾਂ ਚਿਰ ਓਹ ਖਾਲਸਾ ਪੰਥਕ ਗ੍ਰੰਥਾਂ ਦੀ ਸੁਧਾਈ ਨਹੀਂ ਕਰ ਲੈਂਦਾ, ਉਤਨਾ ਚਿਰ ਓਹ ਖਾਲਸਾ ਜੀ ਦੇ ਦਿਲੀ ਤਖਤ ਫਤੇ ਕਰ ਲੈਣ ਵਤ, ਭਾਵੇਂ ਕਿਤਨੀ ਹੀ ਉਚੀ ਤੋਂ ਉਚੀ ਤਰੱਕੀ ਪ੍ਰਾਪਤ ਕਰ ਲਵੇ ਮਗਰ ਜਦ ਵੀਚਾਰ ਦੇ ਪ੍ਰਤਾਵੇਵਿਚ ਔਣਾ ਪਊ ਤਦ ਇਸ ਜਥੇਨੂੰ ਖਾਲਸਾਪੰਥ ਸਬੰਧੀ ਪੁਸਤਕਾਂ ਵਿਚ ਭਰੇ ਹੋਏ ਮਨਮਤਾਂ ਦੇ ਬੋਝ ਤੋਂ ਕਿਸੇ ਸੂਰਤ ਵਿਚ ਭੀ ਬਚਣਾ ਨਹੀਂ ਪਊਗਾ। ਏਹ ਸਚ ਹੈ, ਕਿ ਅਜ ਕਲ ਆਮ ਲੋਕਾਂ ਦੀ ਨਜਰ ਵਿੱਚ "ਗੁਰਦੁਆਰਾ ਪ੍ਰਬੰਧਕ ਕਮੇਟੀ" ਨਾਮੇ (ਹੁਣ ਸ੍ਰਕਾਰੀ ਬੋਰਡ) ਗੁਰਮਤਿ ਸੰਬੰਧੀ ਸੇਵਾ ਦਾ ਪ੍ਰਚਾਰਕ ਮੰਨਿਆਂ ਜਾ ਰਿਹਾ ਹੈ, ਪਰ ਜੇ ਗੁਰਮਤਿ ਕਸਵਟੀ ਦੀ ਪਰਖ ਨਾਲ ਇਸ ਦੇ ਕੰਮ ਨੂੰ ਪਰਖਿਆ ਜਾਵੇ ਤਦ ਇਸ ਸਮੇਂ ਤੋਂ ਪ੍ਰਚਾਸ ਸਾਲ ਪੈਹਿਲੇ ਤੋਂ ਲੈਕੇ ਅਜ ਤਕ ਖਾਲਸਾ ਜਥਿਆਂ ਦੀ ਗੁਰਮਤਿ ਸਿਧਾਂਤ ਪ੍ਰਚਾਰ ਸਬੰਧੀ ਸੇਵਾ ਤੋਂ ਅਗੇ ਪਾਉ ਇੰਚ ਭੀ ਉਨਤੀ ਨਹੀਂ ਕੀਤੀ, ਬਲਕਿ ਕਈ ਖਾਲਸਾ ਧਰਮ ਦੇ

ਸਿਧਾਂਤ ਜਿਨਾਂ ਨੂੰ ਕਈਕ ਪੰਥ ਸੇਵਕਾਂ ਨੇ ਆਪਣੀਆਂ ਅਮੋਲਕ ਜਾਨਾਂ ਅਤੇ ਤਨ, ਮਨ, ਧਨ ਵਾਰਕੇ ਪ੍ਰਚਾਰ ਕੀਤਾ ਸੀ, ਉਸ ਨੂੰ ਮਲੀਆਮੇਟ ਕਰ ਦਿਤਾ ਹੈ। ਅਸੀਂ ਨਹੀਂ ਚਾਹੁੰਦੇ, ਕਿ ਇਸ ਤੋਂ ਵਧੀਕ ਲਿਖਕੇ ਪੰਥ ਨੂੰ ਸੰਬੋਧ ਕਰੀਏ ਪਰ ਜੇ ਲੋੜ ਪਈ ਤਾਂ ਕ੍ਰਮ ਅਨੁਸਾਰ ਪ੍ਰਗਟ ਕਰਾਂਗੇ, ਕਿ ਫਲਾਨੇ ੨ ਗੁਰਮਤਿ ਸਿਧਾਂਤਾਂ ਦਾ ਖ਼ੂਨ ਕੀਤਾ ਜਾ ਰਿਹਾ ਹੈ,

ਗੁਰਮਤਿ ਅਗਿਆਤ ਪਬਲਿਕ ਨੂੰ ਕੀ ਪਤਾ ਹੈ, ਕਿ ਖਾਲਸਾ ਧਰਮ ਕੀ ਵਸਤੂ ਹੈ, ਅਤੇ ਇਸ ਦੀ ਕੀ ੨ ਪਵਿਤ੍ਰ ਮਰਯਾਦਾ ਹੈ, ਅਤੇ ਇਸ ਧਰਮ ਨੂੰ ਪ੍ਰਾਪਤ ਕਰਨ ਦਾ ਦੁਨੀਆਂ ਭਰ ਦਾ ਹਰ ਇਕ ਪ੍ਰਾਨੀ ਕਿਥੋਂ ਤਾਂਈਂ ਹਕਦਾਰ ਹੈ, ਅਤੇ ਖਾਲਸਾ ਪੰਥੀਆਂ ਨੂੰ ਖੰਡਾਂ ਬ੍ਰਹਮੰਡਾਂ ਨਿਵਾਸੀਆਂ ਪ੍ਰਾਣੀਆਂ ਨਾਲ ਕਿਹੋ ਜੇਹਾ ਬਰਤਵਾਰਾ ਕਰਨਾ ਚਾਹੀਦਾ ਹੈ, ਅਤੇ ਗੁਰਮਤਿ ਕਸਵਟੀ ਦ੍ਵਾਰਾ ਸ੍ਵੈਦੇਸ਼ ਤੇ ਪਰਦੇਸ ਦਾ ਸ੍ਵਾਲ ਕਿਥੋਂ ਤੱਕ ਪਹੁੰਚਕੇ ਮੁਕ ਸਕਦਾ ਹੈ, ਔਰ ਦੁਨੀਆਂ ਭਰ ਦੀ ਹਿੰਦੂ, ਮੁਸਲਮਾਨ, ਈਸਾਈ, ਮੂਸਾਈ, ਜੈਨੀ, ਬੋਧੀ ਆਦਿ ਕੌਮਾਂ ਦੇ ਮੁਕਾਬਲੇ ਖਾਲਸਾ ਪੰਥੀਆਂ ਦਾ ਕੀ ਕੁਝ ਹੱਕ ਹੈ ਅਤੇ ਸਾਡਾ ਉਤੇ ਲਿਖੀ ਕੌਮਾਂ ਨਾਲ ਕਿਹੋ ਜਿਹਾ ਬਰਤਵਾਰਾ ਕਰਨਾ ਯੋਗ ਹੈ, ਤੇ ਦੁਨੀਆਂ ਭਰ ਦੀ ਸਭਨਾਂ ਕੌਮਾਂ ਦੇ ਧਾਰਮਿਕ ਪੁਸਤਕਾਂ ਦੇ ਮੁਕਾਬਲੇ ਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਹਨ? ਔਰ ਸਾਨੂੰ ਕਿਕੁਨ ਤੇ ਕੀ ਕੁਝ ਸਾਬਤ ਕਰਨਾ ਚਾਹੀਦਾ ਹੈ, ਸੋ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਸਭ ਤੋਂ ਪੇਹਲਾ ਫਰਜ਼ ਇਹ ਸੀ ਕਿ ਇਸ ਸੇਵਾ ਵਿਚ ਕਾਮਯਾਬ ਹੋਕੇ ਅਪਨੇ ਜ਼ੁਮੇ ਲਈ ਹੋਈ ਪੰਥਕ ਸੁਧਾਰ ਸੇਵਾ ਦੀਆਂ ਜੜ੍ਹਾਂ ਪਕੀਆਂ ਕਰਦੀ, ਮਗਰ ਹੁਣ ਤਕ ਐਸਾ ਨਹੀਂ ਕੀਤਾ ਗਿਆ। ਬਲਕਿ "ਗੁਰਦਵਾਰਾ ਬਿਲ" ਪ੍ਰਾਪਤ ਕਰਕੇ ਚੌਭਾਲ ਗਿਰ ਪਈ ਹੈ, ਅਤੇ ਹੋਰ ਭੀ ਬਹੁਤ ਸੀ ਗੁਰਮ੍ਰਯਾਦਾ ਸਬੰਧੀ ਧਾਰਨਾ ਵਿਚ ਔਜੜੀ ਪਈ ਦਿਖਾਈ ਦਿੰਦੀ ਹੈ। ਵਸ਼ੇਸ਼ ਕਰਕੇ ਸੌਂਹ ਦੀ ਸਿਖੀ ਪ੍ਰਾਪਤੀ ਦਾ ਸਾਧਨ

ਕਰਕੇ ਦਸੋਂ ਗੁਰੂ ਸਾਹਿਬਾਂ ਦੀ ਕੁਰਬਾਨੀਆਂ ਪਰ ਪਾਣੀ ਫੇਰ ਦਿਤਾ ਹੈ ॥

ਇਸ ਲਈ ਅਸੀਂ ਵਡੇ ਜੋਰ ਨਾਲ ਸਲਾਹ ਦਿੰਦੇ ਹਾਂ, ਕਿ ਜੇ ਸੇਵਾ ਕਰਨ ਦਾ ਚਿਤੋਂ ਪ੍ਰੇਮ ਹੈ ਤਾਂ ਉਪਰ ਲਿਖੀ ਬੇਨਤੀ ਅਨੁਸਾਰ ਸਭ ਤੋਂ ਪੈਹਿਲੇ ਖਾਲਸਾ ਪੰਥ ਸਬੰਧੀ ਇਤਹਾਸ ਆਦਿ ਪੁਸਤਕਾਂ ਨੂੰ ਗੁਰਮਤਿ ਕਸਵਟੀ ਦ੍ਵਾਰਾ ਸੋਧਨਾਂ ਕਰੇ। ਨਹੀਂ ਤਾਂ ਏਸ ਦੀ ਅਜ ਕੱਲ ਦੀ ਕੀਤੀ ਕਰਾਈ ਪੰਥਕ ਸੇਵਾ ਦਾ ਅੰਤ ਅਜ ਸਮਝੋ ਨਹੀਂ ਕਲ ਜਰੂਰ ਹੋਵੇਗਾ। ਅਸੀਂ ਪੰਥ ਦੀ ਔਣ ਵਾਲੀ ਨਸਲਾਂ ਦੇ ਲਾਭ ਲਈ ਇਹ ਸੰਬੋਧਨਾ ਪ੍ਰਗਟ ਕਰ ਦਿਤੀ ਹੈ। ਇਸ ਪਰ ਅਮਲ ਕਰਨਾ ਨਾ ਕਰਨਾ ਖਾਲਸਾ ਜੀ ਦਾ ਆਪਣਾ ਫਰਜ਼ ਹੈ।

ਉਤਲੀ ਵੀਚਾਰ ਨੂੰ ਛਡਕੇ ਪਿਛੇ ਦਿਤੇ ਗਏ ਭਗਉਤੀ ਦੇ ਪ੍ਰਸੰਗ ਅਨੁਸਾਰ ਪਹਿਲੇ ਓਨਾਂ ਖਾਲਸਾ ਵਿਦਵਾਨਾਂ ਪਾਸੋਂ ਪੁਛਦੇ ਹਾਂ ਜੇੜੇ ਚਾਰੇ ਪਾਸੇ ਤੋਂ ਬੂਠੇ ਹੋਕੇ ਭਗਉਤੀ ਨੂੰ ਸ਼ਸਤ੍ਰ (ਤਲਵਾਰ) ਸਾਬਤ ਕਰਨ ਲਈ ਅਗੇ ਲਿਖੇ ਪ੍ਰਮਾਨ ਦੇਕੇ ਖਾਲਸਾ ਧਰਮੀਆਂ ਨੂੰ ਜੜ ਪੂਜਾ ਕਰਾਕੇ ਕਲੰਕੀ ਬਨਾਨ ਦੀ ਕੋਸ਼ਸ਼ ਕਰਦੇ ਹਨ।

ਜਥਾ—

ਲਈ ਭਗਉਤੀ ਦੁਰਗਸ਼ਾਹ ਵਰ ਜਾਗਨ ਭਾਰੀ।
ਲਾਈ ਰਾਜੇ ਸੁੰਭ ਨੂੰ ਰਤ ਪੀਏ ਪਿਆਰੀ ॥

(ਚੰਡੀ ਦੀ ਵਾਰ)

ਪੁਨਾ—"ਲੈ ਭਗਉਤੀ ਨਿਕਲੈ ਆਪ ਕਲੰਕੀ ਹਾਥ"।

(ਸ਼ਸਤ੍ਰ ਨਾਮ ਮਾਲਾ ਧਿਆਇ ੧ ਛੰਤ ੪੦)

ਪੁਨਾ—ਕਰ ਮਹਿ ਕਾਢ "ਭਗਉਤੀ" ਲਈ।
ਦੋਹੂੰ ਹਾਥ ਤਾਂਕੇ ਸਿਰ ਦਈ।
ਹਾਇ ! ਹਾਇ ! ਜਿਮ ਭੂਪ ਪੁਕਾਰੇ।
ਤਿਉਂ ਤਿਉਂ ਨਾਰ ਕ੍ਰਿਪਾਨਨ ਮਾਰੈ।

(ਪੰ੪ ,ਚੰ੪ ੩੦)

ਉਪਰਲੀ ਕਵਿਤਾ ਵਿਚ ਭਗਉਤੀ ਦੇ ਅਰਥ ਤਲਵਾਰ

ਹਨ ਸੋ ਤਲਵਾਰ ਖਾਲਸਾ ਪੰਥੀਆਂ ਦੀ ਪੂਜਣ ਯੋਗਜ ਨਹੀਂ, ਸ੍ਰੀ ਮਾਨ ਭਾਈ ਗੁਰਦਾਸ ਜੀ ਨੇ ਭਗਉਤੀ (ਤਲਵਾਰ) ਦੀ ਏਹ ਤਾਰੀਫ਼ ਕੀਤੀ ਹੈ।

ਯਥਾ—

ਨਾਉਂ ਭਗਉਤੀ ਲੋਹ ਘੜਾਯਾ।

ਭਾਵ ਘੜ ਕੇ ਸਵਾਰੇ ਹੋਏ ਲੋਹੇ ਦੀ ਸਲਾਖ ਦਾ ਨਾਮ ਲੋਕਾਂ ਨੇ ਭਗਉਤੀ (ਤਲਵਾਰ) ਰਖ ਲਿਆ ਹੈ। ਸਿਧ ਇਹ ਹੋਇਆ ਕਿ ਤਲਵਾਰ ਇੱਕ ਲੋਹੇ ਦਾ ਬਨਿਆ ਹੋਇਆ ਸ਼ਸਤ੍ਰ ਹੈ ਜਿਸਨੂੰ ਕਾਰੀਗਰ (ਲੋਹਾਰ) ਆਮ ਤੌਰ ਨਾਲ ਕੁਟ ਕੁਟਕੇ ਬਨਾ ਲੈਂਦੇ ਹਨ, ਜਿਵੇਂ ਹਿੰਦੂਆਂ ਨੇ ਠਾਕੁਰ (ਰੱਬ) ਉਸ ਪਥਰ ਦਾ ਨਾਮ ਧਰ ਲਿਆ, ਜੋ ਪਹਾੜ ਵਿਚੋਂ ਲਿਆ, ਜਿਸਦਾ ਖੰਡਨ ਗੁਰਬਾਣੀ ਵਿਚ ਇਸ ਪ੍ਰਕਾਰ ਹੈ। "ਜੇ ਇਹ ਦੇਉ ਤ ਓਹ ਭੀ ਦੇਵਾ" ਭਾਵ ਜੇ ਪਥਰ ਦੇਵਤਾ ਹੈ ਤਾਂ ਪਹਾੜ ਉਸਤੋਂ ਵਡਾ ਦੇਵਤਾ ਹੋਇਆ, ਇਵੇਂ ਕਿਵੇਂ ਭਗਉਤੀ ਪੂਜਕ ਸੋਚਨ ਫਿਰ ਤਲਵਾਰ ਘੜਤ ਚੀਜ਼ ਰਬ ਕਿਵੇਂ ਬਨੂ ?

ਜੇ ਕੋਈ ਹਠੀ ਕਹੀ ਹੀ ਜਾਵੇ ਕਿ ਤਲਵਾਰ ਪੂਜਾ ਵਿਚ ਕੋਈ ਡਰ ਨਹੀਂ, ਤਾਂ ਫਿਰ "ਪਾਖਾਨ ਗਢਕੈ ਮੂਰਤ ਕੀਨੀ ਦੇਕੈ ਛਾਤੀ ਪਾਓ। ਜੇ ਓਹ ਮੂਰਤ ਸਾਚੀ ਹੈ ਤਾਂ ਗੜ੍ਹਨ ਹਾਰੇ ਖਾਓ" ਤਾਂ ਤੁਸੀ ਭੀ ਪਥਰ ਆਦਿ ਮੂਰਤੀ ਪੂਜਾ ਖੰਡਨ ਨਹੀਂ ਕਰ ਸਕਦੇ, ਕਿਉਂ ਕਿ ਕਿਸੇ ਨੇ ਪਥਰ ਦੀ ਘੜੀ ਹੋਈ ਮੂਰਤ ਪੂਜ ਲਈ ਤੇ ਕਿਸੇ ਨੇ ਲੋਹੇ ਦੀ ਘੜੀ ਹੋਈ ਤਲਵਾਰ ਪੂਜ ਲਈ, ਇਸ ਸੂਰਤ ਵਿਚ ਦੋਨੋਂ ਜੜ ਪੂਜਕ ਮੰਨਣੇ ਪੈਣਗੇ। ਭਲਾ ਜੇਕਰ ਕੋਈ ਸਜਨ ਹੇਠ ਲਿਖੇ ਕਿਸੇ ਕਵੀ ਦਾ ਪ੍ਰਮਾਣ ਦੇਕੇ ਤਲਵਾਰ ਨੂੰ ਪੂਜਾ ਯੋਗ ਹੀ ਸਾਬਤ ਕਰੇ।

ਯਥਾ੦—ਨਮੋ ਸ੍ਰੀ ਭਗਉਤੀ ਬਢੇਲੀ ਸਰੋਹੀ।
ਕਰੇ ਏਕ ਤੇ ਦ੍ਵੈ ਸੁਭਟ ਹਾਥ ਸੋਹੀ।

ਪੁਨਾ-

ਜੋਊ ਮਯਾਨ ਤੇ ਬੀਰ ਤੋਕੇ ਸੜਕੇ।
ਪਰਲੈ ਕਾਲ ਕੈ ਸਿੰਧ ਬਕੇ ਕੜਕੇ।
ਧਸੈ ਖੇਤ ਮੈ ਹਾਥ ਲੈ ਤੇਹਿ ਸੂਰੇ।
ਭਿਰੈ ਸਾਮਹੋ ਸਿਧ ਸਾਵੰਤ ਪੂਰੇ।

(ਭਗਉਤੀ ਸਤੋਤਰ)

ਇਥੇ ਸੂਰਮਿਆਂ ਦੀ ਜਿਤ ਦਾ ਜਸ ਹੈ। ਕੱਲੀ ਤਲਵਾਰ ਚੀਜ ਹੀ ਕੀ ਹੈ। ਇਥੇ ਸਿਧ ਇਹੋ ਹੁੰਦਾ ਹੈ, ਕਿ ਜਿਸ ਪਾਸ ਤਲਵਾਰ ਹੈ, ਤੇ ਜੋਰਦਾਰ ਫੌਜੀ ਸੂਰਮੇ ਹਨ ਉਹੀ ਜਿਤੇਗਾ ਤੇ ਓਸਦੀ ਜੈ ਜੈ ਕਾਰ ਹੋਵੇਗੀ।

ਜਿਸ ਵੇਲੇ ਤਲਵਾਰ ਚਲਦੀ ਹੈ, ਕਾਇਰਾਂ ਲਈ ਕਾਲੀ ਮੌਤ ਹੈ, ਇਥੇ ਪੂਜਨ ਦੇ ਅਰਥ ਨਹੀਂ, ਭਲਾ ਜੇ ਕੋਈ ਹਠੀ ਕਹੇ ਨਹੀਂ ਜੀ! "ਪ੍ਰਿਥਮ ਭਗਉਤੀ ਸਿਮਰਕੈ" ਤਲਵਾਰ ਨੂੰ **ਨਮਸਕਾਰ** ਕਰਨ ਵਿਚ ਦੋਸ਼ ਨਹੀਂ, ਅਸੀ ਪੁਛਾਂਗੇ ਕਿ ਕ੍ਰਿਪਾਨ (ਤਲਵਾਰ) ਤੁਹਾਡਾ ਪੰਜਵਾਂ ਕਕਾਰ ਹੈ ਤਾਂ ਫਿਰ ਬਾਕੀ ਕਕਿਆਂ ਨੂੰ ਸਿਮਰਨ ਲਈ ਤੁਹਾਡਾ ਕੀ ਉਜਰ ਹੋ ਸਕਦਾ ਹੈ? ਇਸ ਉਦਾਹਰਨ ਨਾਲ ਆਪੇ ਅਪਨੀ ਇਛਾ ਅਨੁਸਾਰ ਜਿਥੇ ਹੁਣ ਪ੍ਰਿਥਮ ਭਗਉਤੀ ਕਹਿਨ ਦੇ ਸਰਧਾਲੂ ਹਨ, ਉਸਦੇ ਮੁਕਾ-ਬਲੇ ਪਰ ਕੜਾ, ਕਛਹਿਰਾ, ਕੰਘਾ, ਕੇਸ਼ ਸਿਮਰਕੇ ਭੀ ਆਖ ਸਕਦੇ ਹਨ, ਜਿਸ ਕਰਕੇ "ਏਕ ਛੋਡ ਦੂਜੈ ਲਗੇ" ਦੀ ਵਰਤੋ ਹੋਣ ਦੇ ਕਾਰਨ ਦਾ ਅੰਤਮ ਫਲ "ਡੁਬੇ ਸੇ ਵਣਜਾਰਿਆ" ਭਾਵ ਅਧੋਗਤੀ ਪਰਾਪਤ ਕਰਨੀ ਪਊ॥

ਇਥੇ ਭਗਉਤੀ ਨੂੰ ਤਲਵਾਰ ਮੰਨਕੇ ਅਪਨੀ ਜਿਦ ਪੂਰੀ ਕਰਨ ਵਾਲੇ ਹਠੀ ਸਜਨਾਂ ਨੂੰ ਇਹ ਅਨੋਖਾ ਮੰਤਕ ਢੱਕ ਰਖਨਾ ਹੀ ਠੀਕ ਹੈ, ਕਿਉਂਕਿ ਖਾਲਸਾ ਇਕ ਦੀ ਥਾਂ ਅਨੇਕ ਸੇਵੀ ਨਾਂ ਬਨੌਣ, ਭਲਾ

ਜੇ ਏਹ ਉਜਰ ਹੋਵੇ, ਕਿ ਕਲੀ ਤਲਵਾਰ ਨੂੰ ਹੀ ਨਮਸ਼ਕਾਰ ਕਰੀ ਹੈ ਤਦ ਓਹੋ ਮੰਨਣੀ ਹੈ ਤਾਂ ਸੁਣੋ :-

ਅਸ ਕਿਰਪਾਨ ਖੰਡੋ ਖੜਗ, ਤੁਪਕ ਤਬਰ ਅਰ ਤੀਰ।
ਸੈਫ ਸਰੋਹੀ, ਸੈਹਥੀ, ਯਹੀ ਹਮਾਰੇ ਪੀਰ।
(ਸ਼ਸਤ੍ਰ ਨਾਮ ਮਾਲਾ ਪ੍ਰਿਥਮ ਧਿਆਇ)

ਬਸ ! ਉਪਰ ਲਿਖੇ ਵਾਕ ਦੇ ਅਨੁਸਾਰ ਤਾਂ ਸ਼ਸਤ੍ਰਾਂ ਅਸਤ੍ਰਾਂ ਦਾ ਢੇਰ ਲਾਕੇ ਮਥਾ ਟੇਕੀ ਚਲੋ, ਕਿਉਂਕਿ ਉਤਲੇ ਕਥਨ ਅਨੁ-ਸਾਰ ਏਹ ਪੀਰ ਭਾਵ ਗੁਰੂ ਜੋ ਦਸੇ ਹਨ, ਫਿਰ ਗੁਰਦਵਾਰੇ ਸਾਹਿਬਾਂ ਦੇ ਮੰਜੀ ਸਾਹਿਬਾਂ ਪਰ ਸ਼ਸਤ੍ਰ ਹੀ ਅਸਥਾਪਨ ਕਰਕੇ ਜੜ ਪੂਜਾ ਕਰਨ ਦੀ ਮਰਯਾਦਾ ਨੂੰ ਜੋ ਸਾਡੇ ਗੁਰਮਤਿ ਅਗਿਆਤ ਗੁਰਦੁਵਾਰੀਆਂ ਨੇ ਚਲਾਈ ਹੋਈ ਹੈ ਉਸਨੂੰ ਬੰਦ ਕਰਕੇ ਉਸਦੀ ਥਾਂ **"ਤਖਤੈ ਉਪਰ ਸੋ ਬਹੈ ਜੋ ਤਖਤੈ ਲਾਇਕ ਹੋਈ"** ਗੁਰੁਬਾਣੀ ਦੇ ਅਨੁਸਾਰ ਗੁਰਦੁਆਰੇ ਦੀ ਮੰਜੀ ਸਾਹਿਬਾਂ ਪਰ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਦੇ ਅਸਥਾਪਨ ਕਰਨ ਦਾ ਪਰਚਾਰ ਨਾ ਕਰੋ। ਇਸ ਸੂਰਤ ਵਿਚ ਤਾਂ ਸਾਡੇ ਉਹ ਪੁਜਾਰੀ ਸਿੰਘ ਹੀ ਸਚੇ ਸਾਬਤ ਹੋ ਜਾਣਗੇ ਜੋ ਗੁਰਮਤਿ ਵਿਰੁਧ ਮੰਜੀ ਸਾਹਿਬਾਂ ਪਰ ਸ਼ਸਤ੍ਰ ਰਖਕੇ ਪੂਜਾ ਕਰਦੇ ਕਰੌਂਦੇ ਹਨ। ਅਫਸੋਸ! ਜੋ ਸਾਡੇ ਭੋਲੇ ਵੀਰਾਂ ਨੂੰ ਧੋਖਾ ਦੇਣ ਵਾਲੇ ਭੱਦਰ ਪੁਰਸ਼ ਸੋਚਦੇ ਨਹੀਂ ਕਿ ਏਹ ਕਵੀ ਵਲੋਂ ਸ਼ਸਤ੍ਰ-ਮਹਿਮਾ ਦਾ ਇਕ ਭਾਰੀ ਕਟਾਖਛ ਹੈ। ਭਾਵ ਏਹ ਗੁਰੁਬਾਣੀ ਨਹੀ, ਇਸ ਕਰਕੇ ਇਸ ਤੋਂ ਕਦੇ ਭੀ ਸ਼ਸਤ੍ਰ ਪੂਜਨ ਯੋਗ ਸਾਬਤ ਨਹੀ ਹੋ ਸਕਦੇ॥

ਪੰਜਾਬੀ ਵਿਚ ਇਕ ਕਹਾਵਤ ਹੈ, **ਡੰਡਾ ਗੁਰੂ ਹੈ ਬਿਗੜਿਆਂ ਤਿਗੜਿਆਂ ਦਾ** ਦੇਖਨਾ ਕਿਤੇ ਸਾਡੇ ਭੋਲੇ ਭਾਈ ਇਸ ਕਹਾਵਤ ਵਿਚ ਦੇ ਗੁਰੂ ਪਦ ਨੂੰ ਦਸੋ ਗੁਰੂਆਂ ਦਾ ਲਖਾਇਕ ਮੰਨਕੇ ਪਰਚਾਰ ਨਾ ਕਰਨ ਲਗ ਪੈਣ, ਸੋਟਾ ਤਾਂ ਸਿਰਫ ਬਿਗੜੇ ਤਿਗੜਿਆਂ ਨੂੰ ਸੁਧਾਰਨ ਵਾਲੇ ਸ਼ਸਤ੍ਰ ਦਾ

ਨਾਮ ਹੈ, ਪੂਰਨ ਤਸੱਲੀ ਲਈ ਹੋਰ ਪ੍ਰਮਾਨ ਸੁਨੋ।

ਜਥਾ—ਜਿਤੇ ਸਸਤ੍ਰ ਨਾਮੰ। ਨਮਸਕਾਰ ਤਾਮੰ।

ਭਾਵ ਜਿੰਨੇ ਸ਼ਸਤ੍ਰ ਹਨ ਸਭ ਨੂੰ ਨਮਸਕਾਰ ਹੈ ਇਸ ਪ੍ਰਕਾਰ ਤਾਂ ਸੋਹਣਾ ਰਸਤਾ ਨਿਕਲ ਪਿਆ ਇਹੋ ਭਜਨ ਕਰੋ ਨਮਸ੍ਕਾਰ ਹੈ ਜਰਮਨੀ ਦੀਆਂ ੭੫ ਮੀਲ ਤਕ ਮਾਰ ਕਰਨ ਵਾਲੀਆਂ ਤੋਪਾਂ ਨੂੰ, ਨਮਸਕਾਰ ਹੈ ਬੰਬਾਂ ਨੂੰ, ਨਮਸਕਾਰ ਹੈ ਬੰਦੂਕਾਂ ਨੂੰ, ਨਮਸਕਾਰ ਹੈ ਸੋਟੇ ਨੂੰ, ਨਮਸਕਾਰ ਹੈ ਕਮਾਨ ਤੀਰ ਨੂੰ, ਗਦਾ ਆਦਿਕ ਨੂੰ ॥

ਬਸ ! ਇਸ ਪ੍ਰਕਾਰ ਦੀ ਮਨੌਤ ਨਾਲ ਤਾਂ ਖਾਲਸਾ ਪੰਥ ਸ਼ਸਤ੍ਰਾਂ ਦਾ ਭਗਤ ਬਣ ਜਾਵੇਗਾ ਜਿਸ ਕਰਕੇ ਖਾਲਸਾ ਪੰਥ ਦੇ ਥਾਂਓ ਇਕ ਹੋਰ ਜੜ੍ਹ ਪੂਜਕ ਪੰਥ ਤੁਰ ਪਊ ਤੇ ਅਕਾਲ ਸੇਵੀ ਪਣਾ ਨਾਮ ਧਰੀਕ ਹੀ ਮੰਨਿਆ ਜਾਊ॥

ਇਸ ਲਈ ਅਸੀ ਬੇਨਤੀ ਕਰਦੇ ਹਾਂ ਕਿ ਇਹੋ ਜਹੇ ਖਿਆਲਾਂ ਵਾਲੇ ਸਾਡੇ ਵਿਛੜ ਵੀਰ **ਇਕ ਬਿਨ ਦੂਸਰ ਸੋਂ ਨ ਚਿਨਾਰ।** ਗੁਰਵਾਕ ਦੇ ਆਸ਼ੇ ਅਨੁਸਾਰ ਉਤੇ ਲਿਖੇ ਵਤ ਜੜ ਪੂਜਾ ਦੇ ਖਿਆਲ ਨੂੰ ਦਿਲਾਂ ਵਿਚੋਂ ਉਕਾ ਹੀ ਦੂਰ ਕਰ ਦੇਣ ॥

ਦੇਵੀ ਦਾ ਅਸਲਾ

ਵਿਦਵਾਨਾਂ ਦੀ ਖੋਜ ਹੈ ਕਿ ਦੇਵੀ ਹਿਮਾਲਯਾ ਪਹਾੜ ਦੇ ਇਕ ਰਾਜੇ ਦੀ ਲੜਕੀ ਸੀ ਜੋ ਸ਼ਿਵਜੀ ਨੂੰ ਵਿਆਹੀ ਗਈ। ਇਸੇ ਦਾ ਨਾਮ ਪਾਰਬਤੀ, ਗੌਰਜਾਂ, ਸ਼ਿਵਾ ਆਦਿ ਪਰਸਿਧ ਹੋਇਆ ਉਸ ਸਮੇਂ ਦੈਤਾਂ ਨੇ ਇੰਦ੍ਰ ਰਾਜੇ ਨੂੰ ਬਾਕੀ ਦੇਵਤਿਆਂ ਸਮੇਤ ਜਿਤ੍ਕੇ ਰਾਜਧਾਨੀ ਵਿਚੋਂ ਕਢ ਦਿਤਾ, ਉਕਤ ਦੇਵੀ ਨੇ ਦੈਤਾਂ ਨੂੰ ਜਿਤਕੇ ਇੰਦ੍ਰ ਰਾਜੇ ਨੂੰ ਮੁੜ ਰਾਜ ਦਲਾਦਿਆ, ਜਿਸ ਰਾਜਧਾਨੀ ਨੂੰ ਇੰਦ੍ਰਪੁਰੀ ਆਖਿਆ ਜਾਂਦਾ ਸੀ। ਇਸੇ ਦੇਵੀ ਦਾ ਹਾਲ ਦੱਛਾਂ

(ਦੱਛ) ਦੇ ਪ੍ਰਸਿਧ ਯੱਗ ਵਿਚ ਇਸ ਪ੍ਰਕਾਰ ਲਿਖਿਆ ਹੈ ਕਿ-ਦੱਛਾਂ ਦੇ ਪ੍ਰਸਿਧ ਯਗ ਵਿਚ ਇਹ ਸ਼ਿਵਾ (ਦੇਵੀ) ਉਸ ਜਗ ਵਿਚੋਂ ਅਪਣੇ ਪਤੀ ਸ਼ਿਵਜੀ ਨੂੰ ਭੋਜਨ ਦਾ ਬਰਤਾਰਾ ਨਾ ਮਿਲਨ ਦੀ ਨਰਾਦਰੀ ਨਾ ਸਹਾਰਕੇ ਉਸ ਯਗ ਦੇ ਹਵਨਕੁੰਡਦੀ ਪਰਜੂਲਤ ਅਗਨੀ ਵਿਚ ਛਾਲ ਮਾਰਕੇ ਸੜ ਗਈ ਤੇ ਉਸ ਜਲੀ ਹੋਈ ਨੂੰ ਸ਼ਿਵਜੀ ਮੋਢੇ ਧਰਕੇ ਤੁਰਿਆ ਗਿਆ ਤੇ ਇਸ ਦੇਵੀ ਦੇ ਅੰਗ ਜਿਥੇ੨ ਵਿਖਰ ਗਏ ਉਨਾਂ ਅਸਥਾਨਾਂ ਦੇ ਨਾਮ ਉਸਦੇ ਅੰਗਾਂ ਅਨੁਸਾਰ ਨੇਤ੍ਰਾਂ ਤੋਂ **ਨੈਣਾਂ ਦੇਵੀ** ਜਿਹਬਾ ਤੋਂ **ਜੁਆਲਾ ਮੁਖੀ** ਆਦਿ ਆਦਿ ਪ੍ਰਸਿਧ ਹੋ ਗਏ, ਪਰੰਤੂ ਅਸਲ ਬਾਤ ਇਹ ਹੈ ਕਿ ਦੇਵੀ ਸ਼ੁਭ ਕਰਮ ਨੇਕ ਤੇ ਪਤੀਬ੍ਰਤ ਇਸਤ੍ਰੀ ਦਾ ਨਾਮ ਹੈ ਜੋ ਹਰ ਪ੍ਰਕਾਰ ਸ਼ੁਭ ਗੁਣਾਂ ਨਿਪੁੰਨ ਹੋਵੇ, ਇਸੀ ਪ੍ਰਕਾਰ ਹਜਾਰਾਂ ਦੇਵੀਆਂ ਹੋਈਆਂ ਤੇ ਲਾਖਾਂ ਹੋਵਣਗੀਆਂ ਇਹ ਕੇਵਲ ਪੇਟ ਪਾਲੂ ਬ੍ਰਾਹਮਣਾਂ ਨੇ ਇਕ ਨੇਕ ਇਸਤ੍ਰੀ ਦਾ ਜਸ ਕਰਕੇ ਕਵਿਤਾ ਦੇ ਅਲੰਕਾਰ ਦ੍ਵਾਰਾ ਵਾਤ ਦਾ ਵਤੰਗੜਾ ਬਣਾ ਦਿਤਾ ਹੈ ਜੈਸਾ ਕਿ ਰਾਮਾਇਣ ਦਾ ਸਿੱਟਾ ਇਹੋ ਹੈ ਕਿ ਮਤੇਈ ਮਾਤਾ ਕੇਕਈ ਦੀ ਈਰਖਾ ਦੇ ਸਬੱਬ ਪਿਤਾ ਜਸਰਥ ਦੇ ਆਗਿਆਕਾਰੀ ਹੋਵਨ ਦੇ ਕਾਰਨ ਸ੍ਰੀ ਰਾਮਚੰਦ੍ਰ ਜੀ ਅਪਨੀ ਸੁਪਤਨੀ ਸੀਤਾ ਜੀ ਅਤੇ ਭਰਾਤਾ ਲਛਮਨ ਜੀ ਸਮੇਤ, ਰਾਜਧਾਨੀ ਅਜੁਧਿਆ ਤੋਂ ਬਣਬਾਸ ਗਏ। ਉਸ ਥਾਂ ਲੰਕਾ ਦੇ ਰਾਜਾ ਰਾਵਣ ਦੀ ਭੈਣ ਸੂਪਨਖਾ ਨੇ ਓਹਨਾਂ ਨਾਲ ਸ਼ਾਦੀ ਕਰਨੀ ਚਾਹੀ, ।ਇਸ ਪਰ ਸ੍ਰੀ ਰਾਮਚੰਦ੍ਰ ਜੀ ਦੇ ਇਸ਼ਾਰੇ ਨਾਲ ਲਛਮਨ ਜੀ ਨੇ ਉਸਦਾ ਨੱਕ ਕੱਟ ਦਿਤਾ ਜਿਸਦੀ ਪੁਕਾਰ ਸੂਪਨਖਾ ਨੇ ਆਪਣੇ ਭਰਾਤਾ ਰਾਜਾ ਰਾਵਣ ਪਾਸ ਕੀਤੀ ਜਿਸ ਪਰ ਰਾਵਣ ਸੀਤਾ ਜੀ ਨੂੰ ਚੁਰਾਕੇ ਲੈ ਗਿਆ ਵਡੇ ਭਾਰੀ ਸੰਗਰਾਮ ਦੇ ਪਿਛੋਂ ਸ੍ਰੀ ਰਾਮਚੰਦ੍ਰ ਜੀਨੇ ਰਾਵਣ ਨੂੰ ਉਸਦੇ ਸਬੰਧੀ-ਆਂ ਸਮੇਤ ਯੁਧ ਵਿਚ ਮਾਰਕੇ ਸੀਤਾ ਨੂੰ ਵਾਪਸ ਲੈ ਭਭੀਖਣ ਨੂੰ ਲੰਕਾ ਦਾ ਰਾਜ ਸੌਂਪ ਦਿਤਾ, ਜਿਸਦਾ ਸੰਖੇਪ ਬ੍ਰਿਤਾਂਤ ਅੱਗੇ ਲਿਖੀ ਕਹਾਵਤ ਤੋਂ ਪ੍ਰਗਟ ਹੈ॥

ਯਥਾ—

"ਰਾਮ ਰਾਮ ਰਾਮੜਾ।
ਓਹਨੇ ਓਹਦੀ ਜੋਰੂ ਖੋਹੀ, ਉਸਨੇ ਮਾਰਿਆ ਓਹਦਾ ਗਾਂਵੜਾ।"

ਬਸ ਇਸੀ ਪ੍ਰਕਾਰ 'ਦੇਵੀ ਕਿਥੇ ਜੰਮੀ ਕਿਥੇ ਜਾਈ ਕਿਥੇ ਜੁਧ ਕੀਤੇ ? ਗਲ ਪਾ ਲਈ ਭੋਲੇ ਖਾਲਸਾ ਪੰਥੀਆਂ ਨੇ ! ਜਿਸਦੇ ਸਬੂਤ ਲਈ ਪ੍ਰਮਾਣ ਦਿੰਦੇ ਹਨ ਕਿ "ਖੰਡਾ ਪ੍ਰਿਥਮੈ ਸਾਜਕੈ ਜਿਨ ਸਭ ਸੈਸਾਰ ਉਪਾਇਆ। ਬ੍ਰਹਮਾ, ਬਿਸ਼ਨ, ਮਹੇਸ਼ ਸਾਜ ਕੁਦਰਤੀ ਦਾ ਖੇਲ ਰਚਾਇ ਬਣਾਇਆ।"

ਬਸ ! ਇਹੋ ਜਹੀ ਤੁਕਾਂ ਦੇ ਅਰਥ ਕਰ ਮਾਰੇ, ਦੇਖੋ ਜੀ ! ਏਥੇ ਖੰਡਾ ਸ਼ਕਤੀ ਦਸੀ ਹੈ। ਐਸੇ ਭਾਈ ਕੁਦਰਤ ਕਾਨੂਨ ਦੀ ਮਨਘੜਤ ਵੰਡੀਆਂ ਪਾਕੇ ਢਕੋਂਸਲੇ ਘੜ ਦੇਂਦੇ ਹਨ ਜੋ ਨਿਰੋਲ ਹਿੰਦੂ ਮਿਸ਼ਨ ਦਾ ਪ੍ਰਚਾਰ ਹੈ।

ਸਚ ਹੈ ਸਾਡੇ ਵਿਲੜ ਭਾਈ ਸਤਿਗੁਰਾਂ ਦੇ ਹੁਕਮਾਂ ਨੂੰ ਉਕੇ ਸੋਚਦੇ ਨਹੀਂ। ਯਥਾਃ—

"ਦਾਤ ਪਿਆਰੀ ਵਿਸਰਿਆ **ਦਾਤਾਰ**"
ਪੁਨਾ—"ਬਿਨ ਕਰਤਾਰ ਨ ਕਿਰਤਮ ਮਾਨੋ॥"

ਜੇ ਸਚ ਪੁਛੋ ਤਾਂ ਹਿੰਦੂ ਧਰਮ ਇਸੇ ਪ੍ਰਕਾਰ ਡੁਬਦਾ ਜਾ ਰਿਹਾ ਹੈ, ਭਗਉਤੀ ਭਗਤਾਂ ਨੂੰ ਚਾਹੀਦਾ ਹੈ, ਏਥੋਂ ਹੁਣ ਖੰਡਾ ਗੁਰੂ ਮੰਨ ਲੈਣ, ਤਾਂਕਿ ਹਿੰਦੂਆਂ ਵਤ ੩੩ ਕ੍ਰੋੜ ਦੇਵਤੇ ਬਣ ਜਾਣ, ਜਿਵੇਂ ਕਈ ਭਾਈ ਤਲਵਾਰ ਨੂੰ ਹੀ ਇਸ਼ਟ ਮੰਨੀ ਬੈਠੇ ਹਨ, ਨਾਲੇ ਖੰਡੇ ਦੀ ਮਿਸਾਲ ਅਮ੍ਰਿਤ ਪ੍ਰਚਾਰ ਵਿਚ ਚੰਗੀ ਘਟ ਜਾਊ, ਇਸੇ ਦਾ ਨਾਮ ਹੀ **ਭੰਬਲ ਭੂਸੇ** ਖਾਣਾ ਹੈ ਕਿਉਂਕਿ ਖੰਡੇ ਜਾਂ ਤਲਵਾਰ ਨੂੰ ਕੋਈ ਖਾਸ ਸ਼ਕਤੀ ਮੰਨਕੇ ਪੂਜਜ ਯੋਗ ਮੰਨ ਲੈਣਾ

ਬਿਲਕੁਲ ਗਲਤੀ ਤੇ ਕਰਤਾਰ ਤੋਂ ਬੇਮੁਖਤਾ ਹੈ, ਤਦੇ ਤਾਂ ਇਕ ਅਕਾਲ ਦੇ ਥਾਉਂ ਹਿੰਦੂਆਂ ਨੇ ਉਤੇ ਦਸੇ ਵਤ ਕ੍ਰੋੜਾਂ ਰੱਬ ਬਣਾ ਲਏ, ਇਨਾਂ ਨੇ ਜਿਸ ਵਿਚ ਕੋਈ ਕੁਦਰਤੀ ਸ਼ਕਤੀ ਜਾਂ ਵਧੀਕ ਗੁਣ ਦੇਖਿਆ ਉਸੇ ਨੂੰ ਪੂਜਨ ਲਗ ਗਏ, ਅਖੀਰ ਨੂੰ ਉਸੀ ਵਸਤੂ ਦੀ ਤਾਰੀਫ ਕਰਦੇ ੨ ਰੱਬ ਦੀ ਕੁਰਸੀ ਪਰ ਬੈਠਾ ਦੇਂਦੇ ਹਨ। ਤਦੇ ਹਿੰਦੂ ਧਰਮ ਕਚਾ ਧਾਗਾ ਭਾਵ ਅਤਿ ਕਮਜ਼ੋਰ ਹੋਗਿਆ ਹੈ।

ਇਸੀ ਪ੍ਰਕਾਰ ਹੁਣ ਹਿੰਦੂ ਖਿਆਲਾਂ ਦੀ ਰੰਗਤ ਵਾਲੇ ਢਿਲੜ ਭਾਈ ਭੁਗਉਤੀ ਨੂੰ ਪੂਜਨ ਖਾਤਰ ਬੜੇ ਤਰਲੇ ਕਰਦੇ ਹਨ, ਜੋ ਜ਼ਮਾਨਾ ਰੌਸ਼ਨੀ ਦਾ ਨਾ ਹੁੰਦਾ ਤਾਂ ਜਰੂਰ ਅੰਧੇ ਆਗੂ ਬਣੇ ਹੀ ਰਹਿੰਦੇ, ਇਸ ਲਈ ਅਜ ਕਲ ਨਵੇਂ ਨਵੇਂ ਰੱਬ ਘੜਨੇ ਗੁਰਬਾਣੀ ਪ੍ਰਚਾਰ ਅਗੇ ਅਸੰਭਵ ਹਨ॥

ਇਕ ਹੋਰ ਢਕੋਂਸਲਾ

ਪ੍ਰਿਥਮ ਭਗਉਤੀ ਸਿਮਰਕੈ ਦੇ ਮਗਰੋਂ "ਤੈਥੋਂ ਹੀ ਬਲ ਰਾਮ ਲੈ, ਤੈਥੋਂ ਹੀ ਬਲ ਕ੍ਰਿਸ਼ਨ ਲੈ" ਅਕਾਲ ਸੰਬੋਧ ਕਰਕੇ ਕਹਿੰਦੇ ਹਨ, ਦੇਖੋ ਅਕਾਲਪੁਰਖ ਸਭ ਦਾ ਵਡਾ ਹੈ। ਉਸੇ ਨੇ ਦੇਵੀ ਰਚੀ ਇਸ ਕਰਕੇ ਮੰਨੋ,ਪਰ ਜਦ ਅਗੋਂ "ਦੇਵੀ ਦੇਵਾ ਪੂਜੀਐ ਭਾਈ ਕਿਆ ਮਾਂਗਉ ਕਿਆ ਦੇਹਿ॥"ਆਦਿ ਗੁਰ ਪ੍ਰਮਾਣਾਂ ਦੀਆਂ ਚਪੇੜਾਂ ਪੈਂਦੀਆਂ ਹਨ ਫਿਰ ਛਿੱਥੇ ਹੋਕੇ ਮੂੰਹ ਦੀ ਖਾਂਦੇ ਹਨ ਕਿ ਠੀਕ ਹੈ ਸਿਖਾਂ ਨੂੰ ਦੇਵੀ ਪੂਜਣ ਜਾਂ ਸਿਮਰਨ ਦਾ ਹੁਕਮ ਨਹੀਂ॥ ਗੁਰਮਤੋ ਘੁਥੇ ਇਹ ਨਹੀਂ ਸੋਚਦੇ ਜੋ ਪ੍ਰਿਥਮ ਅਕਾਲ ਪੁਰਖ ਸੰਬੋਧ ਜੋ ਅਸਲ ਗੁਰਮਤਿ ਸਿਧਾਂਤ ਬੋਲਾ **ਸਤਿਨਾਮੁ** ਹੈ ਭਗਉਤੀ ਦੇ ਥਾਂ ਕਿਉਂ ਨਹੀਂ ਬਰਤਿਆ ਗਿਆ ? ਜਦ ਕਿ **ਖਾਲਸਾ ਧਰਮ ਵਿਚ "ਸਤਿਨਾਮੁ ਵਾਹਗੁਰ"** ਦਾ ਪੂਰਨ ਲਖਾਇਕ ਹੈ ਤੇ ਇਥੇ ਵਰਤਣਾ ਗੁਰਮਤ ਅਨੁਸਾਰ ਹੈ॥

ਖਾਲਸਾ ਉਪਾਸ਼ਨਾ ਸਬੰਧੀ ਵੀਚਾਰ

੧ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
੧ ੨ ੩ ੪ ੫
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
੬ ੭ ੮ ੯ ੧੦ ੧੧

ਉਪਰ ਲਿਖਿਆ ਗਿਆ ਖਾਲਸਾ ਪੰਥ ਦਾ ਮੂਲ ਮੰਤ੍ਰ ਹੈ ਜੋ ਅਕਾਲ ਪੁਰਖ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਾਹੀਂ ਪ੍ਰਾਪਤ ਹੋਇਆ, ਇਸ ਦੇ ਸੰਖੇਪ ਅਰਥ ਹੇਠ ਲਿਖੇ ਅਨੁਸਾਰ ਹਨ॥

ਯਥਾ:-

੧ ੴ ਦਾ ਅਰਥ ਇਕ ਤੋਂ ਅਨੇਕ (ਏਕ ਹੈ, ਅਨੇਕ ਹੈ, ਫਿਰ ਏਕ ਹੈ, ਪਾਤਸ਼ਾਹੀ ੧੦) ਸੋ ਵਾਹਿਗੁਰੂ ਜਿਸਦੇ ੧੧ ਗਿਆਰਾਂ ਵਿਸ਼ੇਸ਼ਨ ਏਹ ਦਸੇ ਹਨ:-

(੧) ਸਤਿਨਾਮੁ, (੨) ਰਚਿਤਕਾਰ (੩) ਵਿਆਪਕ (੪) ਡਰ, ਭੈ ਰਹਿਤ (੫) ਵੈਰ ਰਹਿਤ (੬) ਮੌਤ (ਜਾਂ ਸਮਾਂ) ਰਹਿਤ (੭) ਹਸਤੀ (ਵਾਲਾ) ਹੈ (੮) ਜਨਮ ਰਹਿਤ (੯) ਸੁਤੇ ਪ੍ਰਕਾਸ਼ (੧੦) ਵੱਡਾ (੧੧) ਕ੍ਰਿਪਾਲੂ ।

ਕਈਕ ਭਾਈ '੧ੴ' ਦਾ ਅਰਥ ਤਿੰਨ ਦੇਵਤੇ ਆਦਿ ਕਰਦੇ ਹਨ, ਜਿਸਤੋਂ ਉਹ ਹਿੰਦੂ ਮਤ ਦੇ ਪਕੇ ਸ਼ਰਧਾਲੂ ਜਾਪਦੇ ਹਨ, ਅਤੇ "ਓਅੰਕਾਰ ਬ੍ਰਹਮਾ ਉਤਪਤ" ਆਦਿ ਪ੍ਰਮਾਣ ਦਿੰਦੇ ਹਨ ਪ੍ਰੰਤੂ "ਸੁਣ ਪਾਂਡੇ ਕਿਆ ਲਿਖੋ ਜੰਜਾਲਾ ॥ ਲਿਖ ਰਾਮ ਨਾਮ ਗੁਰਮੁਖ ਗੋਪਾਲਾ" ॥ ਦੇ ਪ੍ਰਸ਼ਨੋਤ੍ਰੀ ਖੰਡਨ ਗੁਰਮਤ ਸਿਧਾਂਤ

ਵਲ ਰੰਚਕ ਧਿਆਨ ਨਹੀਂ ਕਰਦੇ ਕਿ ਇਥੇ 'ਓਅੰਕਾਰ ਬ੍ਰਹਮਾ ਉਤਪਤ'। ਗੁਰਮਤ ਵਿਰੁਧ ਅਰਥਾਂ ਨੂੰ ਜੰਜਾਲ਼ ਦਸ ਕੇ, ਰਾਮ ਨਾਮ (ਵਾਹੁਗੁਰ)। ਦਾ ਉਪਦੇਸ਼ ਕੀਤਾ ਹੈ । ਐਸੇ ਗੁਰਬਾਣੀ ਅਗਿਆਤ ਪੁਰਸ਼ ਗੁਰਮਤੀਏ ਨਹੀ ਕਹੇ ਜਾ ਸਕਦੇ। ਇਸਤੋਂ ਬਿਨਾਂ ਕਈਕ ਭਾਈ 'ਗੁਰਪ੍ਰਸਾਦਿ' (ਗੁਰ ਤੇ ਪ੍ਰਸਾਦਿ) ਦੋ ਵਿਸੇਸ਼ਨਾਂ ਦਾ ਕਠਾ ਹੀ ਪਾਠ ਕਰਕੇ ਗੁਰੂ ਦੀ ਕ੍ਰਿਪਾ ਦੇ ਅਰਥ ਕਰਦੇ ਹਨ।

ਭਲਾ ਜੋ ਚੀਜ਼ ਗੁਰੂ ਕ੍ਰਿਪਾ ਦੇ ਅਧੀਨ ਹੈ ਓਹ ਵਾਹੁਗੁਰ ਵਸ਼ੇਸ਼ਨ ਕਿਵੇਂ ਹੋ ਸਕਦੀ ਹੈ ? ਇਹੋ ਤਾਂ ਹੈ ਕਿ ਅਰਥ ਕਰਨ ਵਾਲੇ ਸਜਨ ਮੂਲਮੰਤ੍ਰ ਦੇ ਸਿਧਾਂਤ ਤੋਂ ਉਕੇ ਨਾਵਾਕਫ਼ ਹਨ, ਤਦੇ ਹੀ ਸਭ ਦਿਕਤਾਂ ਹਨ ॥

ਬਾਕੀ ਰਿਹਾ ਉਨਾਂ ਵੀਰਾਂ ਦੇ ਖਿਆਲ ਮੁਜਬ ਜੋ "ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ" ਦੇ ਅਖੀਰ ਤਕ ਮੂਲ ਮੰਤ੍ਰ ਦੀ ਪੂਰਨਤਾ ਦਸਦੇ ਹਨ, ਸੋ ਇਹ ਉਨਾਂ ਦੀ ਉਕੀ ਹੀ ਅਗਿਆਨਤਾ ਸਾਬਤ ਹੁੰਦੀ ਹੈ ਕਿਉਂਕਿ ਜਦ ਗੁਰ ਪ੍ਰਸਾਦਿ ਪਦ ਤੋਂ ਅਗੇ ਮੂਲਮੰਤ੍ਰ ਦੇ ਪੂਰਨਤਾ ਪਰ 'ਜਪੁ' (ਜਪੁਜੀ ਸਾਹਿਬ) ਨਾਮ ਬਾਣੀ ਦਾ ਸਿਰਲੇਖ ਸਾਬਤ ਹੈ ਤੇ 'ਨਾਨਕ ਹੋਸੀ ਭੀ ਸਚੁ' ਦੇ ਅਖੀਰ ਵਿਚ ਏਕਾ ਲਿਖਿਆ ਹੋਇਆ ਦਿਖਾਈ ਦਿੰਦਾ ਹੈ, ਜੋ 'ਜਪੁ ਸਾਹਿਬ' ਦੇ ਅਰੰਭ ਦਾ ਪਹਿਲਾ ਸ਼ਲੋਕ ਹੈ। ਇਸ ਕਰਕੇ ਓਹ ਸਾਡੇ ਭੋਲੇ ਵੀਰ ਇਸ ਸਲੋਕ ਨੂੰ ਮੂਲਮੰਤ੍ਰ ਵਿਚ ਸ਼ਾਮਲ ਕਰਨ ਦਾ ਕਿਸਤਰਾਂ ਹੀਆ ਕਰਦੇ ਹਨ ?

ਖਾਲਸਾ ਜੀ ! ਸਾਰੇ 'ਜਪੁ ਸਾਹਿਬ' ਵਿਚ ੩੮ ਪਉੜੀਆਂ ਤੇ ਆਦਿ ਅੰਤ ਦੋ ਸਲੋਕ ਹਨ 'ਜਪੁ' ਇਸ ਬਾਣੀ ਦਾ ਸਿਰਲੇਖ ਭਾਵ ਨਾਮ ਹੈ। ਇਸ ਲਈ ਮੂਲ ਮੰਤ੍ਰ 'ਪ੍ਰਸਾਦਿ' ਪਦ ਪਰ ਹੀ ਸੰਪੂਰਣ ਹੋ ਜਾਂਦਾ ਹੈ ਜੋ ਵਾਹੁਗੁਰ ਦੇ ਇਹ ੧੧ ਵਿਸੇਸ਼ਨ ਹਨ, ਸੋ ਉਕਤ ਮੂਲਮੰਤ੍ਰ ਨੂੰ ਸਤਿਗੁਰਾਂ ਨੇ ਆਪਣੀ

ਬਾਣੀ ਵਿਚ ਬਹੁਤ ਕਰਕੇ ਵਰਤਿਆ ਹੈ, ਕਿਤੇ ੨ ਸੰਖੇਪ ਭੀ ਲਿਖਿਆ ਹੈ ਯਥਾ—

੧ ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥ ਜਾਂ—

੧ੴ ਸਤਿਗੁਰ ਪ੍ਰਸਾਦਿ ॥ ਲਿਖਕੇ ਵਰਤਿਆ ਹੈ।

ਸਿਧਾਂਤ ਇਹ ਕਿ ਸਭ ਥਾਂ ੧ੴ ਵਾਹਿਗੁਰ ਦਾ ਪਸਾਰਾ ਹੈ ਜਿਸਦੇ ਅਧਾਰ ਪਰ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਦੀ ਸਮੂਹ ਬਾਣੀ ਦਾ ਸਤਿਗੁਰਾਂ ਨੇ ਉਚਾਰਨ ਕੀਤਾ ਹੈ, ਬੇਸ਼ਕ ਗੁਰਬਾਣੀ ਵਿਚ ਰਾਮ, ਅਲਹੁ, ਖੁਦਾ, ਈਸ਼ਰ, ਨਾਰਾਇਣ, ਦਿਆਲੁ, ਗੋਬਿੰਦ ਪ੍ਰਮੇਸਰ ਆਦਿ ਅਨੇਕਾਂ ਨਾਮ ਵਰਤੇ ਹਨ, ਜੋ ਸਤਿਗੁਰਾਂ ਦੇ ਅਵਤਾਰ ਧਾਰਨ ਤੋਂ ਪਹਿਲੇ ਹੀ ਦੁਨੀਆਂ ਦੀ ਧਰਮ ਪੁਸਤਕਾਂ ਵਿਚ ਮੌਜੂਦ ਸਨ। ਚੂੰਕਿ ਸਤਿਗੁਰਾਂ ਨੂੰ ਇਹ ਸ਼ੰਕਾ ਜਾਂ ਪਖ ਨਹੀ ਕਿ 'ਵਾਹਿਗੁਰ' ਦਾ ਨਾਮ ਕੋਈ ਭੀ ਇਨਾਂ ਸਿਫਤੀ ਨਾਮਾਂ ਵਿਚੋਂ ਮਾੜਾ ਹੈ, ਪਰੰਤੂ ਇਹ ਠੀਕ ਹੈ ਜੋ ਇਹ ਨਾਮ ਦੁਨੀਆਂ ਦੇ ਬੰਦਿਆਂ ਦੀ ਰਚਿਤ ਹਨ, ਜੈਸਾ ਕਿ ਰਮਤ ਤੋਂ ਰਾਮ, ਖੁਦ ਤੋਂ ਖੁਦਾ ਸੋ ਇਹ ਸਭ ਸਿਫਤੀ ਨਾਮ ਹਨ। ਗੁਰੂ ਜੀ ਨੂੰ ਨਾ ਹੀ ਇਹ ਵਹਿਮ ਹੈ ਜਿਵੇਂ ਹਿੰਦੂ ਖੁਦਾ ਖੁਦਾ ਨਹੀ ਕਹਿੰਦੇ ਤੇ ਮੁਸਲਮਾਨ ਰਾਮ ਰਾਮ ਨਹੀ ਉਚਰਦੇ। ਨਾਂ ਹੀ ਓਨਾਂ ਦੀ ਧਰਮ ਪੁਸਤਕਾਂ ਵਿਚ ਦੋਨਾਂ ਪੱਖਾਂ ਦੇ ਨਾਮ ਮੌਜੂਦ ਹਨ, ਬਲਕਿ ਪਰਸਪਰ ਨਫਰਤ ਹੈ! ਪਰੰਤੂ ਸਤਿਗੁਰਾਂ ਨੇ ਸਭ ਤੋਂ ਉਚ ਕੁਰਸੀ ਪਰ ਬੈਠਕੇ ਜੱਜ ਦੀ ਹਾਲਤ ਵਿਚ ਫੈਸਲਾ ਕੀਤਾ। ਯਥਾ—

ਕਹੁ ਨਾਨਕ ਗੁਰੁ ਖੋਏ ਭਰਮ।
ਏਕੋ ਅਲਹੁ ਪਾਰਬ੍ਰਹਮ ॥

ਇਸਦਾ ਭਾਵ ਇਹ ਹੈ ਕਿ ਖਾਲਸਾ ਮਤਿ ਲਈ ਅਲਹੁ ਰਾਮ ਵਿਚ ਕੋਈ ਫਰਕ ਨਹੀ ਕਿਉਂਕਿ **ਸੰਸਾਰਕ** ਮਾਨੁਸ਼ਾਂ

ਦੇ ਰਚਿਤ ਨਾਮ ਪਹਿਲੇ ਬੇਅੰਤ ਪ੍ਰਵਿਰਤ ਸਨ ਪਰੰਤੂ ਐਸੇ ਨਾਮਾਂ ਨੂੰ ਸਤਿਗੁਰ ਜੀ ਨੇ "ਕ੍ਰਿਤਮ-ਨਾਮ" ਕੇਵਲ ਇਕ ਇਕ ਸਿਫਤ ਵਾਲੇ ਮੰਨਿਆਂ ਹੈ। ਜਿਸ ਕਰਕੇ ਹੇਠ ਲਿਖੇ ਸਬਦ ਦਵਾਰਾ ਐਸੇ ਨਾਮਾਂ ਦੀ ਪ੍ਰਨਾਲੀ ਨੂੰ ਵਾਹੁਗੁਰ ਦੇ ਪੂਰਨ ਲਖਾਇਕ ਨਾ ਮੰਨਕੇ ਖੰਡਨ ਕਰ ਦਿਤਾ ਹੈ । ਭਾਵ ਵਾਹੁਗੁਰ ਸਬਦ ਦੇ ਮੁਕਾਬਲੇ ਇਹ ਅਪੂਰਨ ਇਕ ਅੰਗੀ ਸਿਫਤੀ ਨਾਮ ਹਨ । ਕੇਵਲ ਵਾਹੁਗੁਰ ਗੁਰਮੰਤ੍ਰ ਹੀ ਪੂਰਨ ਹੈ ਜੋ ਕਿ **ਸਬਦ ਗੁਰੂ 'ਗੁਰਵਾਹੁ'** (ਵਾਹੁਗੁਰ) ਗੁਰਮੁਖ ਪਾਇਆ। ਅਨੁਸਾਰ ਪ੍ਰਸਿਧ ਹੁੰਦਾ ਹੈ। ਗੁਰਬਾਣੀ ਵਿਚ ਉਕਤ 'ਕ੍ਰਿਤਮ ਨਾਮਾਂ' ਦੇ ਸਿਫਤੀ ਇਸ਼ਾਰੇ ਰਖਕੇ ਇਸਤਰਾਂ ਵਰਤੇ ਹਨ ॥

ਯਥਾ—"ਕੋਈ ਬੋਲੈ ਰਾਮ ਰਾਮ ਕੋਈ ਖੁਦਾਇ। ਕੋਈ ਸੇਵੈ ਗੁਸਈਆ ਕੋਈ ਅਲਾਹਿ। ਕਹੁ ਨਾਨਕ ਜਿਨ ਹੁਕਮ ਪਛਾਤਾ॥ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ' । ਇਸੀ ਪ੍ਰਕਾਰ **ਸਿਫਤੀ ਨਾਮਾਂ** ਦੀ ਵਿਆਖਯਾ ਗੁਰਬਾਣੀ ਵਿੱਚ ਭੀ ਪ੍ਰਗਟ ਕੀਤੀ ਗਈ ਹੈ।

ਯਥਾ—'ਕਾਰਨ ਕਰਨ ਕਰੀਮ । ਸਰਬ ਪ੍ਰਤਿਪਾਲ ਰਹੀਮ। ਅਲਹੁ ਅਲਖ ਅਪਾਰ। ਖੁਦ ਖੁਦਾਇ ਵਡ ਬੇਸੁਮਾਰ। ਓਨਮੋ ਭਗਵੰਤ ਗੁਸਾਈ। ਖਾਲਕ ਰਵ ਰਹਿਆ ਸਭ ਠਾਈ ॥"

(ਸਾਰਾ ਸ਼ਬਦ ਪਿਛੇ ਦਿਤਾ ਗਿਆ ਹੈ)

ਪੁਨਾ—

ਕਾਲ ਸਭਿਨ ਕਾ ਕਰਤ ਪਸਾਰਾ॥ ਅੰਤ ਕਾਲ ਸੋਈ ਖਾਪਨ ਹਾਰਾ।
ਆਪਨ ਰੂਪ ਅਨੰਤਨ ਧਰਹੀ। ਆਪਹਿ ਮੱਧ ਲੀਨ ਪੁਨ ਕਰਹੀ।
ਜੋ ਚੌਬਿਸ ਅਵਤਾਰਕਹਾਏ। ਤਿਨ ਭੀ ਤੁਮ ਪ੍ਰਭੁ ਤਨਿਕ ਨ ਪਾਏ।
ਸਭ ਹੀ ਜਗ ਭਰਮੇ ਭਵਰਾਯੰ । ਤਾਂਤੇ ਨਾਮ ਬਿਅੰਤ ਕਹਾਯੰ।
ਅੰਤ ਕਰਤ ਸਭ ਜਗ ਕੋ ਕਾਲਾ। ਨਾਮ ਕਾਲ ਤਾਂਤੇ ਜਗ ਡਾਲਾ।
ਸਮੈ ਅੰਤ ਪਰ ਹੋਤ ਸਹਾਈ। ਤਾਂਤੇ ਸੰਖਯਾ ਸੰਤ ਸਨਾਈ ।
ਨਿਰਖ ਦੀਨ ਪਰ ਹੋਤ ਦਿਆਰਾ। ਦੀਨਬੰਧੁ ਹਮ ਤਬੈ ਬਿਚਾਰਾ।
ਸੰਤਨ ਪਰ ਕਰੁਣਾਰਸ ਢਰਈ॥ ਕਰੁਣਾਨਿਧਿ ਜਗ ਤਬੈ ਉਚਰਈ॥

ਸੰਕਟ ਰਹਤ ਸਾਧਵਨ ਸਦਾ। ਸੰਕਟ ਹਰਣ ਨਾਮ ਭਯੋ ਤਦਾ।
ਦੁਖ ਦਾਹਤ ਸੰਤਨ ਕੇ ਆਯੋ। ਦੁਖ ਦਾਹਨ ਪ੍ਰਭੁ ਤਦਿਨ ਕਹਾਯੋ।
ਕਹਾ ਅਨੰਤ ਅੰਤ ਨਹਿ ਪਾਯੋ। ਯਾਂਤੇ ਨਾਮ ਬਿਅੰਤ ਕਹਾਯੋ।
ਜਗ ਮੋ ਰੂਪ ਸਭਿਨ ਕੇ ਧਰਤਾ। ਤਾਂਤੇ ਨਾਮ ਬਖਾਨੈ ਕਰਤਾ।
ਕਿਨਹੂੰ ਕਹੂੰ ਨ ਤਾਹਿ ਲਖਾਯੋ। ਇਹ ਕਰ ਨਾਮ ਅਲੱਖ ਕਹਾਯੋ।
ਯੋਨਿ ਜਗਤ ਮੇਂ ਕਬਹੁ ਨ ਆਯਾ। ਯਾਂਤੇ ਸਭੇ ਅਜੋਨਿ ਬਤਾਯਾ।
ਬ੍ਰਹਮਾਦਿਕ ਸਭ ਹੀ ਪਚਹਾਰੇ। ਬਿਸ਼ਨ ਮਹੇਸ੍ਵਰ ਕੌਨ ਬਿਚਾਰੇ।
ਚੰਦ ਸੂਰ ਜਿਨ ਕਰੇ ਬਿਚਾਰਾ। ਤਾਂਤੇ ਜਨਿਯਤ ਹੈ ਕਰਤਾਰਾ।
ਸਦਾ ਅਭੇਖ ਅਭੇਖੀ ਰਹਿਈ। ਤਾਂਤੇ ਜਗਤ ਅਭੇਖੀ ਕਹਿਈ।
ਅਲਖ ਰੂਪ ਕਿਨਹੂੰ ਨਹਿ ਜਾਨਾ। ਤਿਹ ਕਰ ਜਾਤ ਅਲੱਖ ਬਖਾਨਾ
ਰੂਪ ਅਨੂਪ ਸਰੂਪ ਅਪਾਰਾ। ਭੇਖ ਅਭੇਖ ਸਭਿਨ ਤੇ ਨਯਾਰਾ।
ਦਾਯਕ ਸਭੇ ਅਯਾਚੀ ਸਭ ਤੇ। ਜਾਨ ਲਯੋ ਭਰਤਾ ਹਮ ਤਬਤੇ।
(ਗਯਾਨਪ੍ਰਬੋਧ ਪਾ:੪੧੦)

੧ **ਸੂਚਨਾ**—ਭਗਉਤੀ ਭਗਤਾਂ ਨੂੰ ਉਪਰਲਾ ਸ਼ਬਦ ਪੜਕੇ ਚੰਗੀ ਤਰਾਂ ਸੋਚ ਲੈਣਾਂ ਚਾਹੀਦਾ ਹੈ, ਜੋ ਦਸਮੇ ਪਾਤਸ਼ਾਹ ਨੇ ਭਗਉਤੀ ਦੀ ਵਾਹੁਗੁਰ ਸੰਕੇਤੀ ਰਚਨਾ ਕਿਤੇ ਪ੍ਰਗਟ ਨਹੀ ਕੀਤੀ ਅਥਵਾ ਲਾਖਣਕ ਭੀ ਉਕੇ ਨਹੀ ਦਸਿਆ ! ਖਬਰੇ ਫਿਰ ਭਗਉਤੀ ਭਗਤੀ ਦੀ ਮਨਮਤ ਕਿਉਂ ਐਵੇਂ ਚੰਬੜੀ ਜਾ ਰਹੀ ਹੈ ? ਦਸਮ ਗੁਰੂ ਜੀ ਨੇ ਆਪਣੀ ਸ੍ਰੀ ਮੁਖਵਾਕ ਬਾਣੀ ਵਿਚ ਭਗਉਤੀ ਦਾ ਨਾਮ ਤਕ ਨਹੀ ਰਖਿਆ।

੨ **ਸੂਚਨਾ**—ਪਿਛੇ ਲਿਖੇ ਗਏ ਮਾਰੂ ਰਾਗ ਮ: ੫ ਦੇ ਸਬਦ ਵਤ ਏਥੇ ਭੀ ਸਭ ਕਿਰਤਮ ਨਾਮ ਦਸਕੇ ਖਾਲਸਾ ਮਤ ਦਾ ਅਕਿਰਤਮ ਨਾਮ ਪ੍ਰਗਟ ਕੀਤਾ ਹੈ। ਜੈਸਾ ਕਿ—

ਮਾਰੂ ਮਹਲਾ ੫

ਅਚੁਤ ਪਾਰਬ੍ਰਹਮ, ਪਰਮੇਸਰ, ਅੰਤਰਜਾਮੀ।
ਮਧ ਸੂਦਨ, ਦਾਮੋਦਰ ਸੁਆਮੀ।

ਰਿਖੀਕੇਸ, ਗੋਵਰਧਨ ਧਾਰੀ

ਮੁਰਲੀ ਮਨੋਹਰ ਹਰਿ ਰੰਗਾ। ****

ਜਿਨ ਕਉ ਕਿਰਪਾ ਕਰੀ ਸੁਖ ਦਾਤੇ ।

ਤਿਨ ਸਾਧੂ ਚਰਨ ਲੈ ਰਿਦੈ ਪਰਾਤੇ ।

ਸਗਲ ਨਾਮ ਨਿਧਾਨ ਤਿਨ ਪਾਇਆ

ਅਨਹਦ ਸਬਦ ਮਨਿ ਵਾਜੰਗਾ ॥

ਕਿਰਤਮ ਨਾਮ ਕਥੇ ਤੇਰੇ ਜਿਹਬਾ॥
ਸਤਿਨਾਮੁ ਤੇਰਾ ਪਰਾ ਪੂਰਬਲਾ ॥

ਸਿਟਾ ਇਹ ਕਿ ਗੁਰਬਾਣੀ ਵਿਚ ਵਾਹੁਗੁਰ ਦਾ ਪੂਰਨ ਲਖਾ-ਇਕ ਸਬਦ **ਸਤਿਨਾਮੁ** ਹੈ। ਇਸ ਲਈ ਖਾਲਸਾ ਮਤਿ ਦਾ ਗੁਰਮੰਤ੍ਰ (ਨਾਮ) ਵਾਹੁਗੁਰ ਦਾ ਅਸਲੀ ਸੰਬੋਧ ਬੋਲ, "**ਸਤਿਨਾਮੁ**" ਹੈ ਬਾਕੀ ਸਭ ਨਾਮ ਕਿਰਤਮ ਨਾਮ ਗੁਣਾ ਦੇ ਅਨੁਸਾਰ ਬਣਾਏ ਗਏ ਹਨ ਜਿਸਦਾ ਨਿਰਨਾ ਪਿਛੇ ਖੋਲ੍ਹਕੇ ਕਰ ਦਿਤਾ ਹੈ। "ਵਾਹੁਗੁਰ" ਸ਼ਬਦ ਸਿਰਫ ੧ੴ ਵਿਚ ਲਪੇਟਿਆ ਹੋਯਾ ਹੈ ਤੇ ਇਸਦੀ ਲਖਾਇਕ ਕੁੰਜੀ †"ਸਤਿਨਾਮੁ" ਹੈ। ਗੁਰਬਾਣੀ ਵਿਚ ਵਾਹੁਗੁਰ ਸ਼ਬਦ ਦੀ ਰੀਤੀ ਇਸ ਪ੍ਰਕਾਰ ਹੈ ॥

ਯਥਾ—

"ਰਾਮ ਨਾਮ ਗਹਿਓ ਨਹੀ" ਅਰਥ ਇਸ ਪ੍ਰਕਾਰ ਹੋਣਗੇ। **ਰਾਮ ਦਾ ਨਾਮ** "ਕੇਹੜਾ" ? ਵਾਹੁਗੁਰ, ਤੈਨੇ ਗ੍ਰਹਿਣ ਨਹੀਂ ਕੀਤਾ ॥

ਪੁਨਾ—

"ਬਿਨ ਹਰਿ ਭਜਨ ਨਹੀਂ ਛੁਟਕਾਰਾ" ਹਰੀ (ਸਭ ਨੂੰ ਹਰੇ ਕਰਤਾ ਤਥਾ ਲੈ ਕਰਤਾ) ਓਹ ਕੌਣ ? ਵਾਹੁਗੁਰ, ਤਾਂਤੇ ਵਾਹੁਗੁਰ ਭਜਨ ਤੋਂ ਬਿਨਾ ਛੁਟਕਾਰਾ ਨਹੀ ਹੁੰਦਾ। ਇਤਯਾਦਿ

†ਨਿਰਣਯ ਹਿਤ ਪੜ੍ਹੋ ਗੁਰਮੰਤ੍ਰ ਪ੍ਰਬੋਧ ਪੁਸਤਕ।

ਹਜਾਰਾਂ ਪ੍ਰਮਾਣ ਹਨ।

ਚੇਤੇ ਰਹੇ ਕਿ ਏਹੋ ਜਿਹੇ ਸਬਦਾਂ ਦੇ ਅਰਥ ਖਾਲਸਾ ਮਤਿ ਸਿਧਾਂਤ ਅਨੁਸਾਰ ਇਓਂ ਹਰਗਿਜ ਨਹੀਂ ਹਨ, ਕਿ ਰਾਮ ਰਾਮ ਜਾਂ ਹਰੇ ਹਰੇ ਆਦਿ ਭਜਨ ਕਰੋ ਕਿਉਂਕਿ ਇਹ ਸਭ ਕਿਰਤਮ (ਸਿਫਤ ਕਰਕੇ ਰਚੇ ਹੋਏ) ਨਾਮ **ਸਤਿਨਾਮੁ** ਦੁਵਾਰਾ ਵਾਹੁਗੁਰ ਸੰਬੋਧ ਕਰੌਂਦੇ ਹਨ। ਯਾਂਤੇ ਅਭਿਆਸੀ ਨਾਮ ਕੇਵਲ **ਵਾਹੁਗੁਰ** ਹੀ ਹੈ॥

ਜੋ ਭਰਮ ਗਿਆਨੀ! "ਰਾਮ ਰਾਮ ਹਰੇ ਹਰੇ, ਜਾਂ ਕ੍ਰਿਸ਼ਨ ਕ੍ਰਿਸ਼ਨ" ਆਦਿ **ਗੁਰਮਤਿ ਨਾਮ** ਮੰਨਨ ਕਰਕੇ ਖਾਲਸਾ ਪੰਥੀਆਂ ਨੂੰ ਦਸਦੇ ਹਨ। ਉਹ ਪਕੇ ਗੁਰਮਤਿ ਵਿਰੋਧੀ ਹਨ। ਇਸਦੇ ਨਿਰਣਯ ਲਈ ਦੇਖੋ "ਖਾਲਸਾ ਰਹਿਤ ਪ੍ਰਕਾਸ਼" ਦਾ ਗੁਰਮਤਾ **ਮੁਸ਼ਕਲ ਨੰਬਰ ੫**॥

ਨਾਮ ਸਬੰਧੀ ਵੀਚਾਰ

(ੳ) "ਨਾਮ ਨ ਜਪਹਿ ਤੇ ਆਤਮ ਘਾਤੀ"
(ਅ) "ਨਾਮ ਬਿਹੂਨੇ ਸੂਨੇ ਸੇ ਮੁਖਾ"
(ੲ) "ਨਾਮੈ ਬਿਨ ਸਭ ਚੋਰ"
(ਸ) "ਨਾਮ ਬਿਨਾ ਕੁਸ਼ਟੀ ਅੰਧਾ"
(ਹ) "ਬਿਨ ਨਾਵੈ ਸਭ ਭੂਲੀ ਫਿਰਦੀ"

ਇਤਆਦਿ ਜਿਤਨੇ ਭੀ ਨਾਮ ਪਦ ਹਨ, ਸਭੋ ਸਤਿਨਾਮੁ (ਵਾਹੁਗੁਰ ਗੁਰਮੰਤ੍ਰ) ਵਲ ਇਸ਼ਾਰਾ ਕਰਦੇ ਹਨ।

ਸ੍ਰੀ ਮਾਨ ਭਾਈ ਸਾਹਿਬ ਗੁਰਦਾਸ ਜੀ ਨੇ ਭੀ ਵਾਰਾਂ ਦੇ ਮੰਗਲਾ ਚਰਨਾ ਵਿਚ '**ਸਤਿਨਾਮੁ**' ਸ਼ਬਦ ਨੂੰ ਹੀ ਵਾਹੁਗੁਰ ਲਖਾਇਕ ਵਰਤਨਦੀ ਰੀਤੀ ਵਿਚ ਜਗੋਂ ਦੀ ਤਜੋਂ ਕਾਇਮ ਰੱਖਕੇ ਔਣ ਵਾਲੇ ਕਵੀਆਂ ਨੂੰ ਮੰਗਲਾ ਚਰਨ ਦਾ ਰਸਤਾ ਦਸਿਆ ਹੈ।

ਯਥਾ:-

ਨਮਸਕਾਰ ਗੁਰੁ ਦੇਵ ਕਉ "ਸਤਿਨਾਮੁ" ਜਿਸ ਮੰਤ੍ਰ (ਵਾਹਿਗੁਰੂ ਗੁਰਮੰਤ੍ਰ) ਸੁਣਾਇਆ ॥ ਭਵਜਲ ਵਿਚੋਂ ਕਢਕੇ ਮੁਕਤ ਪਦਾਰਥ ਮਾਹਿ ਸਮਾਇਆ ।* * * *

ਸੂਚਨਾ:-

ਪਿਛੇ ਦਸੇ ਗਏ "ਕਿਰਤਮ ਨਾਮ ਕਥੇ ਤੇਰੇ ਜਿਹਬਾ" ਵਾਲਾ ਸ਼ਬਦ ਬਹੁਤ ਵਡਾ ਹੈ ਜਿਸ ਵਿਚ ਮੋਹਨ, ਕ੍ਰਿਸ਼ਨ, ਮੁਰਾਰ, ਧਰਣੀਧਰ, ਸ੍ਰੀ ਰਾਮ ਚੰਦ, ਨਰਸਿੰਘ, ਵਾਸਦੇਵ, ਨਾਰਾਇਣ, ਮਛ, ਕਛ, ਕੇਸ਼ਵ, ਜਗੰਨਾਥ, ਗੋਪਾਲ, ਆਦਿ ਸਭ 'ਕਿਰਤਮ ਨਾਮ ਕਥੇ ਤੇਰੇ ਜਿਹਬਾ' ਇਸਕੇ ਅਖੀਰ ਵਿਚ ਖਾਲਸਾ ਮਤਿ ਅਨੁਸਾਰ ਨਾਮ **ਸਤਿਨਾਮੁ** ਪ੍ਰਗਟ ਕੀਤਾ ਹੈ, ਜੋ ਗੁਰਮੰਤ੍ਰ **ਵਾਹਿਗੁਰੂ** ਦਾ ਪੂਰਨ ਲਖਾਇਕ ਹੈ । ਪ੍ਰੰਤੂ ਇਸ ਭੇਦ ਨੂੰ ਜਣਾ ਖਣਾ ਬਿਨਾ ਗੁਰਮਤਿ ਸਿਧਾਂਤ ਗ੍ਰਹਿਣਤਾ ਦੇ ਉਗਤੀਆਂ ਸਮਝ ਨਹੀਂ ਸਕਦਾ, ਇਹੋ ਕਾਰਨ ਹੈ ਕਿ ਸਾਡੇ ਭਰਮ ਗਿਆਨੀ ਵੀਰ ਜੋ ਕੇਵਲ ਪੁਸਤਕਾਂ ਦ ਕੀੜ ਬਣ ਕੇ ਅਪਨੀ ਕਪੋਲ ਕਲਪਨਾ ਦੇ ਹੰਕਾਰ ਵਿਚ ਥਾਉਂ ਥਾਈਂ ਡਾਂਗੋ ਡਾਂਗੀ ਹੁੰਦੇ ਦਿਖਾਈ ਦਿੰਦੇ ਹਨ। ਪਰ ਜੇ ਓਹ **ਸਤਿਨਾਮੁ ਤੇਰਾ ਪਰਾ ਪੂਰਬਲਾ** ਦੇ ਉਚ ਸਿਧਾਂਤ ਨੂੰ ਸਮਝਕੇ ਨਾਮ ਅਭਿਆਸ ਦੇ ਅੰਮ੍ਰਿਤ ਰਸ ਨੂੰ ਗ੍ਰੈਹਣ ਕਰਣ ਲਗ ਜਾਣ, ਤਦ ਇਹ ਸਭੇ ਝੰਬੇਲੇ ਇਕ ਦਮ ਦੂਰ ਹੋ ਸਕਦੇ ਹਨ । ਸਤਿਗੁਰ ਜੀ ਕ੍ਰਿਪਾ ਕਰਨ ਸੋ ਇਨ੍ਹਾਂ ਵੀਰਾਂ ਨੂੰ ਨਾਮ ਦਾਨ ਬਖਸ਼ਕੇ ਉਸਦੇ ਧਾਰਨੀ ਬਨਾ ਦੇਣ, ਕਿਉਂਕਿ ਨਾਮ ਨਾਂ ਜਪਣ ਕਰਕੇ 'ਨਾਮ ਨ ਜਪਹਿ ਤੇ ਆਤਮ ਘਾਤੀ' ਦਾ ਦਰਜਾ ਮਿਲਦਾ ਹੈ, ਛਾਂਡੇ ਨਾਮ ਤੋਂ ਬਿਨਾ ਹੋਰ ਸਭ ਕਰਮ ਨਿਸਫਲ ਚਲਾ

ਗਲ ਕੀ ਗੁਰਮਤਿ ਅਨੁਸਾਰ "ਸਤਿਨਾਮੁ" ਦੇ ਮੁਕਾਬਲੇ ਵਿਚ ਰਾਮ, ਖੁਦਾ, ਈਸ਼ਰ ਆਦਿ ਕਿਰਤਮ ਨਾਮ ਹਨ, ਇਨਾਂ ਨਾਮਾਂ ਨੂੰ ਦੁਨੀਆਂ ਦੇ ਮਾਨਨੀਯ ਪੁਰਸ਼ਾਂ ਨੇ ਅਪਨੇ ਨਾਮ ਨਾਲ ਲਾਕੇ ਖੁਦ ਅਪਨੇ ਆਪ ਨੂੰ ਪ੍ਰਮੇਸ਼ਰ ਜਾਹਿਰ ਕੀਤਾ। ਜੈਸਾ ਕਿ—"ਜੋ ਜੋ ਭਏ ਪਹਿਲ ਅਵਤਾਰਾ। ਆਪ ਆਪ ਤਿਨ ਜਾਪ ਉਚਾਰਾ" ਜੈਸਾ ਕਿ ਪਿਛਲੇ ਸ਼ਬਦ ਤੋਂ ਜ਼ਾਹਰ ਹੈ। ਰਾਮ ਤੋਂ ਰਾਮਚੰਦ, ਸ਼ਿਵ ਤੋਂ ਸ਼ਿਵ ਜੀ, ਬ੍ਰਹਮ ਤੋਂ ਬ੍ਰਹਮਾ, ਇਸੀ ਪ੍ਰਕਾਰ ਕਈਆਂ ਦੇ ਨਾਮ ਈਸ਼ਰ, ਠਾਕਰ, ਗੋਪਾਲ, ਆਦਿ ਰਖੇ ਪਏ ਹਨ, ਪ੍ਰੰਤੂ ਗੁਰਮਤਿ ਨੇ ਆਦਿ ਨਾਮ ਵਾਹੁਗੁਰ ਲਖਾਇਕ '**ਸਤਿਨਾਮੁ**' ਪਰਗਟ ਕੀਤਾ ਜੋ ਬੰਦਿਆਂ ਦੀ ਕ੍ਰਿਤ ਨਹੀਂ ਹੈ, ਇਸਦੀ ਪ੍ਰੋੜਤਾ ਲਈ ਗੁਰਬਾਣੀ ਵਿਚ ਬਹੁਤ ਸੇ ਪ੍ਰਮਾਣ ਹਨ॥ ਯਥਾ—

ਸਤਿਨਾਮ ਮਹਿਮਾਂ

(ੳ) ਸਤਿਨਾਮੁ ਪ੍ਰਭ ਕਾ ਸੁਖਦਾਈ।
ਬਿਸ੍ਵਾਸ ਸਤਿ ਨਾਨਕ ਗੁਰ ਤੇ ਪਾਈ।(ਸੁਖਮਨੀ ੧੬-੬)

(ਅ) ਸਸਾ ਸਤਿ ਸਤਿ ਸਤਿ ਸੋਊ॥ ਸਤਿ ਪੁਰਖ ਤੇ ਭਿੰਨ ਨ ਕੋਊ॥ ਸਤਿ ਸਰੂਪ ਰਿਦੈ ਜਿਨ ਜਾਨਿਆ॥ ਕਰਨ ਕਰਾਵਨ ਤਿਨ ਮੂਲ ਪਛਾਨਿਆ॥ ਬੂਝਨਹਾਰ ਕਉ ਸਤਿ ਸਭ ਹੋਇ॥ਨਾਨਕ ਸਤਿ ਸਤਿ ਪ੍ਰਭ ਸੋਇ॥ (ਸੁਖਮਨੀ ਸਾਹਿਬ)

(ੲ) ਨਿਰਭਉ ਨਿਰੰਕਾਰ ਸਤਿਨਾਮ॥ ਜਗ ਮਹਿ ਸ੍ਰੇਸਟ ਊਤਮ ਕਾਮ॥ (ਮਾਰੂ ਮ: ੫)

(ਸ) ਜਪਿ ਮਨ '**ਸਤਿਨਾਮੁ**' ਸਦਾ '**ਸਤਿਨਾਮੁ**' ਹਲਤਿ ਪਲਤਿ ਮੁਖ ਊਜਲ ਹੋਈ ਹੈ, ਨਿਤ ਧਿਆਈਐ ਹਰਿ ਪੁਰਖ ਨਿਰੰਜਨਾ॥ (ਧਨਾਸਰੀ ਮ: ੪)

(ਹ) ਦਸ ਅਠਾ ਅਠ ਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥ ਕਹੈ ਰਵਿਦਾਸੁ ਨਾਮ ਤੇਰੋ ਆਰਤੀ

ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥

ਸ੍ਰੀ ਮਾਨ ਭਾਈ ਗੁਰਦਾਸ ਜੀ ਵਲੋਂ ਸਤਿਨਾਮੁ ਸਬੰਧੀ ਪ੍ਰੋੜਤਾ ਯਥਾ:-

(ਕ) ਜਿਤੀ ਨਵਖੰਡ ਮੇਦਨੀ "ਸਤਿਨਾਮੁ" ਦਾ ਚਕ੍ਰ ਫਿਰਾਯਾ ॥ (ਵਾਰ੧ ਪਉੜੀ ੩੭)

(ਖ) ਕਲਯੁਗ ਬਾਬੇ ਤਾਰਿਆ ਸਤਿਨਾਮੁ ਪੜ ਮੰਤ੍ਰ ਸੁਣਾਯਾ ॥ (ਵਾਰ ੧ ਪਉੜੀ ੨੩)

(ਗ) ਸਤਿਨਾਮੁ ਬਿਨ ਬਾਦਰ ਛਾਈ ॥ (ਵਾਰ ੧ ਪਉੜੀ ੪੩)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦਾ 'ਸਤਿਨਾਮੁ' ਸਬੰਧੀ ਅਖੀਰੀ ਫੈਸਲਾ

(ਘ) ਮਹਾਂ ਦੀਨ ਤਬ ਪ੍ਰਭ ਉਪਰਾਜਾ ।
ਅਰਬ ਦੇਸ ਕੋ ਕੀਨੋ ਰਾਜਾ ।
ਤਿਨ ਭੀ ਏਕ ਪੰਥ ਉਪਰਾਜਾ ।
ਲਿੰਗ ਬਿਨਾ ਕੀਨੋ ਸਭ ਰਾਜਾ ।
ਸਭ ਤੇ ਅਪਨਾ ਨਾਮ ਜਪਾਯੋ ।
ਸਤਿਨਾਮੁ ਕਾਹੂੰ ਨ ਦ੍ਰਿੜਾਯੋ ॥ (ਬਚਿਤ੍ਰ ਨਾਟਕ)

ਇਸੀ ਪ੍ਰਕਾਰ ਸ੍ਰੀ ਮਾਨ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਸ਼ਹੀਦ ਨੇ ਭੀ ਲਿਖਾ ਹੈ:-

"ਮੰਗਲਾ ਚਰਨ ਵਿਚ ਕੋਈ ਦੇਵੀ ਮਨਾਂਵਦਾ ਹੈ, ਕੋਈ ਸ਼ਿਵਾਂ ਨੂੰ, ਕੋਈ ਗਣੇਸ਼ ਨੂੰ, ਕੋਈ ਹੋਰ ਦੇਵਤਿਆਂ ਨੂੰ ਪਰ **ਗੁਰੂ ਕੇ ਸਿੱਖ ਸਤਿਨਾਮੁ ਨੂੰ ਆਰਾਧਤੇ ਹੈਂ ।**

(ਭਗਤ ਰਤਨਾਵਲੀ)

ਜਰੂਰੀ ਸੂਚਨਾ

ਪਿਆਰੇ ਸਜਨੋਂ ! ਦੇਖਣਾ ਕਿਤੇ ਨਿਰੇਪੂਰੇ 'ਸਤਿਨਾਮੁ' ਪਦ ਨੂੰ ਨਾਮ ਹੀ ਨਾ ਮੰਨ ਬੈਠਣਾ, ਇਹ ਅਸਲੋਂ ਗੁਪਤ ਨਾਮ ਵਾਹਿਗੁਰ ਦਾ ਸਭ ਤੋਂ ਉਚਾ ਤੇ ਸੁਚਾ ਵਿਸ਼ੇਸ਼ਨ ਹੈ। ਅਸਲੀ ਨਾਮ ਓਹੀ ਹੈ ਜੋ ਅੰਮ੍ਰਤ ਪਾਨ ਕਰਾਨ ਸਮੇਂ ਪੰਜ ਪਿਆਰੇ "ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਦੇ ਹਜੂਰ ਅੰਮ੍ਰਿਤ ਛਕਣ ਵਾਲੇ ਪ੍ਰਾਣੀ ਨੂੰ ਪ੍ਰਦਾਨ ਕਰਦੇ ਹਨ। ਸੋ ਉਤਲੇ ਸਭੋ ਉਦਾਹਰਨਾਂ ਤੋਂ ਇਹੋ ਸਾਬਤ ਹੋਇਆ ਕਿ ਖਾਲਸਾ ਪੰਥ **ਸਤਿਨਾਮੁ** ਦਾ ਉਪਾਸ਼ਕ ਹੈ।

ਹੁਣ ਸੁਣੋ ਸਤਿਨਾਮੁ ਦੇ ਅਰਥ

ਯਥਾ—

ਜਿਸ ਪ੍ਰਕਾਰ 'ਵਾਹਿਗੁਰੁ' ਗੁਰਮੰਤ੍ਰ ਦੇ ਅਰਥ ਅਮੁਕ ਹਨ, ਜੇ ਵਿਸ਼ੇਸ਼ਨਾਂ ਤੋਂ ਵਿਸ਼ੇਸ਼ਨਾਂ, (ਤਾਰੀਫਾਂ ਤੋਂ ਤਾਰੀਫਾਂ) ਦਾ ਸਿਲਸਿਲਾ ਭੀ ਅਰੰਭ ਕਰੀਏ ਤਦ ਭੀ ਅਮੁਕ ਹੀ ਸਮਝੋ, ਕਿਉਂਕਿ ਜਦ 'ਵਾਹੁ' ਪਦ ਦੇ ਅਰਥ **ਅਸਚਰਜ** ਹਨ ਅਤੇ 'ਗੁਰ' ਪਦ ਦੇ ਅਰਥ **ਵਡਾ** ਹਨ ਤਾਂਤੇ 'ਵਾਹਿਗੁਰ' ਪਦ ਦੇ ਅਰਥ ਮੋਟੀ ਸੂਰਤ ਵਿਚ 'ਵਡਾ ਅਸਚਰਜ' ਹੋਏ ਸੋ ਜਦ ਓਹ ਵਡਾ ਅਸਚਰਜ ਹੈ ਤਾਂ ਦੁਨੀਆਂ ਵਿਚੋਂ ਕੇਹੜਾ ਹੈ ਜੋ ਇਸ ਦੇ ਪੂਰਨ **ਲਛਨ** ਦਸ ਸਕੇ। ਤਾਂਹੀਂ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ **ਸਤਿਨਾਮੁ** ਤੋਂ ਲੈਕੇ **ਪ੍ਰਸਾਦਿ** ਤਕ ੧੧ ਵਿਸ਼ੇਸ਼ਨ ਦਸ ਕੇ ਬਸ ਕਰ ਦਿਤਾ ਹੈ।

ਸਤਿਨਾਮ ਦੇ ਅਰਥ ਭਾਵੇਂ ਸਿਧੇ ਸਾਧੇ (**ਸਤਜਨਾਮੁ** ਭਾਵ ਸਦੀਵੀ ਸਰੂਪ) ਹਨ, ਪ੍ਰੰਤੂ ਇਸ ਦੀ ਵੀਚਾਰ ਭੀ ਗੋਹਬ (ਕਠਨ) ਹੈ।

ਯਥਾ—

ਸਤਿਨਾਮ (ਸਤਜ, ਸੰਸਕ੍ਰਿਤ) ਸਤਿ ਉਸ ਵਸਤੂ ਦਾ ਨਾਮ ਹੈ ਜੋ ਤਿੰਨਾਂ ਕਾਲਾਂ ਵਿਚ ਤ੍ਰਿਕਾਲ ਅਬਾਧ-ਸਰੂਪ ਹੈ, ਤੇ ਪਰਾ ਪੂਰਬਲਾ ਸੰਗਲੀ ਵਿਚ ਸੰਸਾਰ ਰਚਨ ਤੋਂ ਭੀ ਪੈਹਲੇ ਹੀ ਆਵੇ ! ਸਿਟਾ ਏਹ ਕਿ ਮੂਲ ਦਾ ਭੀ ਮੂਲ ਜੈਸੇ **ਨਮੋ ਸੂਰਜ ਸੂਰਜੇ** ਪ੍ਰਕਾਸ਼ਾਂ ਦਾ ਪ੍ਰਕਾਸ਼ਕ ਵਸਤੂ ਸਤਿ ਹੈ, ਇਸ ਸਤਿ ਦੇ ਮੁਕਾਬਲੇ ਪਰ ਅਸੱਤਿ ਭੀ ਨਹੀਂ ਆ ਸਕਦਾ ਜਿਵੇਂ ਸਚ ਦੇ ਮੁਕਾਬਲੇ ਝੂਠ ਹੈ, ਚਾਨਣ ਦੇ ਮੁਕਾਬਲੇ ਅੰਧੇਰਾ, ਪ੍ਰੰਤੂ ਇਹ ਓਹ ਸਤਿ ਹੈ, ਜਿਸਦੇ ਮੁਕਾਬਲੇ ਨਹੀਂ ਭੀ ਪਦ ਵਰਤਿਆ ਨਹੀਂ ਜਾਂਦਾ, ਏਹ ਸਦਾ ਇਕ ਰਸ ਹੈ, ਏਹ **ਸਤਿਨਾਮੁ** (ਵਾਹੁਗੁਰ) ਪ੍ਰਮੇਸ਼ਰ ਦਾ ਅਕਿਰਤਮ ਨਾਮ ਹੈ ਦੁਨੀਆਂ ਦੇ ਸਭ ਨਾਮ ਕਿਰਤਮ ਹਨ ਇਹੋ ਇਕ ਅਕਿਰਤਮ ਹੈ, ਇਸੇ ਕਰਕੇ ਅਕਿਰਤਮ ਚੀਜ ਦੀ ਮੁਕੰਮਲ ਤਾਰੀਫ ਕਰਨੀ ਨਾਮੁਮਕਿਨ ਹੀ ਨਹੀਂ ਬਲਕੇ ਪਰੇ ਤੋਂ ਪਰੇ ਅਥਾਹ ਹੈ ।

ਬਸ ! ਸਤਿ ਦੇ ਅਰਥ ਸਤਿਗੁਰੂ ਜੀ ਨੇ ਬਾਣੀ ਵਿਚ ਐਉਂ ਕੀਤੇ ਹਨ—'ਸਸਾ ਸਤਿ ਸਤਿ ਸਤਿ ਸੋਊ' ਭਾਵ ਸਤਿ ਚਿਤ ਅਨੰਦ ਸੋਊ ਭਾਵ ਵਾਹੁਗੁਰ ਹੀ ਹੈ।ਇਥੇ ਸੰਸਾਰ ਦੇ ਰਚਿਤ ਨਾਮ ਰਾਮ ਰਹੀਮ ਆਦਿ ਨਹੀਂ ਖੜ੍ਹ ਸਕਦੇ, ਓਨਾਂ ਨੂੰ ਅੰਧਿਆਂ ਦੇ ਹਾਥੀ ਦੇਖਣ ਵਤ ਸਿਰਫ ਇਕ ਇਕ ਸਿਫਤੀ ਅੰਗ ਦਿਸਦਾ ਹੈ ਪ੍ਰੰਤੂ **ਸਤਿਨਾਮੁ** ਦੀ ਦੂਰਬੀਨ ਜਿਸਤੋਂ ਅਗੇ ੧੦ ਵਿਸ਼ੇਸ਼ਨ ਹੋਰ ਲਗੇ ਹਨ ਜੋ ਅਗੇ ਪਿਛੇ ਦਾ ਪੂਰਨ ਪਤਾ ਦਿੰਦੇ ਹਨ। ਸਤਿ ਦੇ ਸਾਥ ਜੋ ਨਾਮ ਹੈ ਇਸਦੇ ਅਰਥ ਬੇਸ਼ਕ ਬਹੁਤ ਸਾਰੇ ਹੋ ਸਕਦੇ ਹਨ, ਪਰ ਇਸ ਦੀ ਚੋਟ 'ਵਾਹੁਗੁਰ' ਨਾਮ ਪਰ ਲਗਦੀ ਹੈ। ਜੋ ਕਿਸੇ ਨਾਲ ਸਬੰਧਤ ਹੈ, ਓਹੀ ਨਾਮ ਹੈ ਭਾਵੇਂ ਕੋਸ਼ਾਂ ਵਿਚ ਇਸਦੇ ਅਰਥ ਨਿਸਚੇ ਵਾਚਕ ਆਦਿ ਦਸੇ ਹਨ ਪ੍ਰੰਤੂ ਏਹ ਓਹ ਨਾਮ ਹੈ, ਜੋਃ—'ਨਾਮ ਕੇ ਧਾਰੇ ਸਗਲੇ ਜੰਤ। ਨਾਮ ਕੇ ਧਾਰੇ ਖੰਡ ਬ੍ਰਹਮੰਡ।'

ਸੋ ਜਦ ਸਾਰੀ ਸ੍ਰਿਸਟ ਨਾਮ ਦੇ ਧਾਰਨ ਵਿਚ ਹੈ ਇਸੇ ਕਰਕੇ ਅਸੀਂ ਕਿਰਤਮ ਜੀਵ ਨਾਮ ਦੀ ਵਿਆਖਿਆ ਕਰਨੋਂ ਅਸਮਰਥ ਹਾਂ,ਇਸ ਨਾਮ ਨੂੰ ਤਦੇ ਸਤਿਕਰਕੇ ਕਿਹਾ ਹੈ ਕਿਉਂਕਿ ਆਮ ਨਾਮ ਨਾਸੀ ਹੁੰਦਾ ਹੈ, ਪਰੰਤੂ ਏਹ ਨਾਮ ਸਤਿ ਸਰੂਪ ਹੈ, ਏਹ ਨਾਮ ਹਾਕ ਮਾਰਨ ਜਾਂ ਇਸ਼ਾਰੇ ਵਾਲੀ ਚੀਜ ਨਹੀਂ ਇਹ ਤਾਂ ਓਹ ਨਾਮ ਹੈ ਜੋ:-

'ਨਾਮ ਕੇ ਧਾਰੇ ਆਕਾਸ ਪਾਤਾਲ'।

'ਨਾਮ ਕੇ ਧਾਰੇ ਪੁਰੀਆ ਸਭ ਭਵਨ'।

ਬਲਕਿ ਗਿਆਨਦੀ ਬਨਾਵਟ ਨਾਮ ਤੋਂ ਹੈ ਫਿਰ ਇਸਦੀ ਪੂਰਨਤਾ ਨੂੰ ਗਿਆਨੀ ਕਿਵੇਂ ਸਮਝੇ **ਪਿਤਾ ਕਾ ਜਨਮ ਕਿ ਜਾਨੈ ਪੂਤ** ਅਵਸਥਾ ਹੈ। ਨਾਮ ਦੇ ਭਾਵਾਰਥ ਮੇਲ ਕਰੌਣ ਵਾਲੇ ਹਨ ਜੈਸਾਕਿ (ਸਤਿ ਸਰੂਪ) ਵਾਹੁਗੁਰ ਨੂੰ ਮਿਲਾਨੇ ਵਾਲਾ ਨਾਮ (ਮੇਲ) ਅਰਥਾਤ 'ਸਤਿਨਾਮੁ' ਹੈ ਜਾਂ ਕਹੋ ਕਿ ਸਤਿ ਸਰੂਪ ਦਾ ਨਿਸਚਾ ਕਰੌਣ ਵਾਲਾ ਸਤਿਨਾਮ ਹੈ। ਇਸ ਕਰਕੇ ਸਤਿਨਾਮੁ ਦੀ ਪੂਰਨ ਵਿਆਖਿਆ ਕਰਨੀ ਕਠਨ ਹੈ। ਕਿਉਂਕਿ-

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨ ਹੈ।

ਸਿਟਾ ਇਹ ਹੈ ਕਿ ਸਤਿਨਾਮ ਵਾਹੁਗੁਰ ਦਾ ਸਰੂਪ ਲਛਨ (ਮਿਲਾਪ)ਹੈ, ਨਿਰਾ ਵਿਚੋਲਾ ਹੀ ਨਹੀਂ, ਇਕੋ ਤਾਰ ਸਬੰਧ ਸਰੂਪ ਹੈ, ਜੋ ਸਤਿ ਹਸਤੀ ਨੂੰ ਦੱਸਦਾ ਹੈ। ਕਿਉਂਕਿ 'ਆਪ ਸਤਿ ਕੀਆ ਜਿਨ ਸਤਿ'। ਜਾਂ ਕਹੋ **ਨਾਮ ਨਾਮੀ ਦਾ ਮੇਲ** ਬਿਵਸਥਾ ਸਤਿਨਾਮ ਹੈ। ਇਤਿ॥

ਨਿਸਚਾ ਹੈ ਸਜਨ ਜਨ ਸਮਝ ਗਏ ਹੋਵਨਗੇ ਕਿ 'ਸਤਿਨਾਮ ਤੇਰਾ ਪਰਾ ਪੂਰਬਲਾ' ਨਾਮ 'ਵਾਹੁਗੁਰ' ਲਖਾਇਕ ਹੈ ਬਾਕੀ ਸਭੋ **ਕਿਰਤਮ ਨਾਮ** ਹਨ। ਇਸੀ ਸਤਿਨਾਮ-'ਵਾਹੁਗੁਰ' ਜਪਨ ਸਬੰਧੀ ਹੇਠ ਲਿਖੇ ਵਤ ਅਨੇਕਾਂ ਹੁਕਮ ਹਨ ਯਥਾ:-

(ੳ) ਜੀਅ ਰੇ ! ਓਲ੍ਹਾ ਨਾਮੁ ਕਾ।

(ਅ) ਨਿਹਫਲ ਮਾਨੁਖੁ ਜਪੈ ਨਹੀ ਨਾਮ।

(ੲ) ਖਿਨੁਪਲੁ ਨਾਮੁ ਰਿਦੈ ਵਸੈਭਾਈ,ਨਾਨਕਮਿਲਣਸੁਭਾਇ।

(ਸ) ਆਖਣਿ ਅਉਖਾ ਸਾਚਾ ਨਾਉ।

(ਹ) ਸਾਚੇ ਨਾਮ ਕੀ ਲਾਗੈ ਭੂਖ।

ਸਾਡਾ ਅਸਲ ਅਰਦਾਸਾ

ਖਾਲਸਾ ਜੀ ਵਲੋਂ ਅਕਾਲ ਸੰਬੋਧ ਸਬੰਧੀ ਅਰਦਾਸਾ 'ਸਤਿਨਾਮ' ਦੁਆਰਾ ਹੀ ਕਰਨਾ ਜਰੂਰੀ ਹੈ। 'ਅਰਦਾਸਾ' ਨਾਮ ਹੀ 'ਬੇਨਤੀ' ਦਾ ਹੈ। ਜੋ ਨਿਰੋਲ ਅਕਾਲ ਪੁਰਖ ਅਗੇ ਕੀਤਾ ਜਾਂਦਾ ਹੈ। ਜੈਸਾ ਕਿ ਗੁਰੂ ਹੁਕਮ ਹੈ।

ਯਥਾ:-

(ੳ) ਤੁਧੁ (ਵਾਹੁਗੁਰ) ਆਗੈ **ਅਰਦਾਸਿ** ਹਮਾਰੀ, ਜੀਉ ਪਿੰਡੁ ਸਭੁ ਤੇਰਾ। ਕਹੁ ਨਾਨਕ ਸਭ ਤੇਰੀ ਵਡਿਆਈ, ਕੋਈ ਨਾਉ ਨ ਜਾਣੈ ਮੇਰਾ। (ਆਸਾ ਮਹਲਾ ੫)

(ਅ) ਮੈ ਤਾਣੁ ਦੀਬਾਣੁ ਤੂ ਹੈ ਮੇਰੇ ਸੁਆਮੀ (ਵਾਹਿਗੁਰ) ਮੈ ਤੁਧੁ ਆਗੈ ਅਰਦਾਸਿ। ਮੈ ਹੋਰੁ ਥਾਉ ਨਾਹੀ ਜਿਸ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖ ਤੁਝਹੀ (ਵਾਹਿਗੁਰ) ਪਾਸੇ ॥

(ੲ) ਦੁਇ ਕਰ ਜੋੜਿ ਕਰਉ ਅਰਦਾਸਿ। ਤੁਧ (ਹੇ ਵਾਹਿਗੁਰ) ਭਾਣੈ ਤਉ ਆਣਹਿ ਰਾਸਿ। ਆਦਿ

ਸਤਿਗੁਰੂ ਜੀਦੀ ਬਾਣੀ ਵਿਚ ਐਸੇਰ ਬੇਨਤੀ ਸ਼ਬਦ ਅਰਦਾਸੇ ਸਰੂਪਹੀ ਹਨ ਤੇ ਅਰਦਾਸ ਮਨ ਦੀ ਅਰਜੋਈ ਦੀ ਅਵਸਥਾ ਭੇਦ ਹੁੰਦੀ ਹੈ, ਸਿਖਾਂ ਦਾ ਅਰਦਾਸਾ ਸਦਾ ਅਕਾਲ ਪੁਰਖ ਅਗੇ ਹੁੰਦਾ ਹੈ ਜਿਸਨੂੰ ਸਾਡੇ ਸਤਿਗੁਰੂ ਜੀ ਨੇ ਪਹਿਲੇ ਹੀ ਨੀਯਤ ਕਰ ਦਿਤਾ ਹੈ।

ਯਥਾ:—

ਅਰਦਾਸਾ

ਆਪੇ ਜਾਣੈ ਕਰੇ ਆਪਿ,
ਆਪੇ ਆਣੈ ਰਾਸਿ ॥
ਤਿਸੈ ਅਗੈ ਨਾਨਕਾ,
ਖਲਿਇਕੀਚੈ ਅਰਦਾਸਿ॥

(ਸਲੋਕ ਮਹਲਾ ੨)

ਤੂ ਠਾਕੁਰੁ ਤੁਮ ਪਹਿ ਅਰਦਾਸਿ ॥
ਜੀਉ ਪਿੰਡੁ ਸਭੁ ਤੇਰੀ ਰਾਸ ॥
ਤੁਮ ਮਾਤਪਿਤਾ ਹਮ ਬਾਰਿਕ ਤੇਰੇ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥

ਕੋਇ ਨ ਜਾਨੈ ਤੁਮਰਾ ਅੰਤੁ ॥
ਊਚੇ ਤੇ ਊਚਾ ਭਗਵੰਤ ॥
ਸਗਲਸਮਗ੍ਰੀ ਤੁਮਰੈ ਸੂਤ੍ਰਿਧਾਰੀ ॥
ਤੁਮਤੇ ਹੋਇ ਸੁ ਆਗਿਆਕਾਰੀ ॥
ਤੁਮਰੀਗਤਿਮਿਤਿ ਤੁਮਹੀ ਜਾਨੀ ॥
ਨਾਨਕ ਦਾਸ ਸਦਾ ਕੁਰਬਾਨੀ ॥

(ਸੁਖਮਨੀ ਮਃ ੫)

ਭ੍ਰਾਵੋ ! ਸਾਡਾ ਅਸਲ ਅਰਦਾਸਾ ਇਹੀ ਹੈ । ਜੋ ਆਦਿ ਤੋਂ ਸਿਖ ਪੰਥ ਵਿਚ ਪ੍ਰਵਿਰਤ ਹੈ। ਬਾਕੀ ਜੋ ਮੌਜੂਦਾ ਅਰਦਾਸਾ ਪੰਥ ਵਿਚ ਪ੍ਰਚਲਤ ਹੈ ਉਸਦਾ ਭਾਵ ਕੇਵਲ ਪ੍ਰਾਚੀਨ ਪ੍ਰਬੰਧਕ ਯਾਦਗਾਰ ਪਰਉਪਕਾਰ ਤੇ ਸ਼ਹੀਦੀ ਆਦਿ ਸਾਕਿਆਂ ਦਾ ਚਿੱਤ ਪਰ ਦੋ ਵੇਲੇ ਨਕਸ਼ ਕਰਨ ਕਰੌਣ ਤੋਂ ਹੈ। ਪਾਠਕਾਂ ਦੇ ਵਧੀਕ ਨਿਸ਼ਚੇ ਲਈ ਭਗਉਤੀ ਪਦ ਦੇ ਕੋਸ਼ੀ ਅਰਥ ਹੇਠਾਂ ਦਰਜ ਕਰਦੇ ਹਾਂ ॥

ਭਗਉਤੀ ਪਦ ਦੇ ਕੋਸ਼ੀ ਅਰਥ

(੧) ਸ੍ਰੀ ਮਾਨ ਪੰਡਿਤ ਹਜਾਰਾ ਸਿੰਘ ਜੀ ਸਾਹਿਬ "ਸਚਖੰਡ ਵਾਸੀ" (ਟੀਕਾ ਕਾਰ ਵਾਰਾਂ ਸ੍ਰੀ ਮਾਨ ਭਾਈ ਗੁਰਦਾਸ ਜੀ) ਆਪਣੇ ਰਚਿਤ ਸ੍ਰੀ ਗੁਰੂ ਗ੍ਰੰਥ ਕੋਸ਼ ਪੰਨਾ ੧੫੨ ਭਾਗ ਦੂਜੇ ਵਿਚ ਭਗਉਤੀ ਦੇ ਅਰਥ ਬਿਸਤਰਾਂ ਲਿਖਦੇ ਹਨ ॥ ਯਥਾਃ—

(ੳ) ਭਗੌਤੀ (ਸੰਃ ਸੰਸਕ੍ਰਿਤ, ਭਗਵਤੀ ਦੇਵੀ) ਵਡਾਈ (ਸਰੂਪ ਪ੍ਰਤੇ)

(ਅ) ਪੂਜਾ ਯੋਗ, ਆਦਰ ਯੋਗ ॥

(ੲ) ਇਕ ਪੰਥ ਹੈ ਵੈਸਨਵ ਜੋ ਭਗਤ ਪਰਾਇਣ ਹੋਵੇ, ਯਥਾ–
"ਸੋ ਭਗਉਤੀ ਜੋ ਭਗਵੰਤੈ ਜਾਣੈ ॥"

(੨) ਸ੍ਰੀ ਮਾਨ ਪੰਡਤ ਤਾਰਾ ਸਿੰਘ ਜੀ ਨਰੋਤਮ ਸਚਖੰਡ ਵਾਸੀ (ਟੀਕਾਕਾਰ ਭਗਤ ਬਾਣੀ ਸਟੀਕ ਆਦਿਕ) ਅਪਨੇ ਰਚਿਤ **ਗੁਰੁ ਗਿਰਾਰਥ ਕੋਸ਼** ਦੇ ਦੂਜੇ ਹਿਸੇ ਦੇ ਪੰਨਾ ੪੪੭ ਪਰ ਭਗਉਤੀ ਦੇ ਅਰਥ ਇਉਂ ਕਰਦੇ ਹਨ॥ ਯਥਾਃ–

ਭਗਉਤੀ ਗੁਃ ਭਗਵਤ ਕੇ ਸੇਵਕ ਕੀ ਯਃ ਤਿਸ ਭਗਉਤੀ ਕੀ ਮਤਿ ਉਤਮ ਹੋਇ ॥ ਪੁਨਾਃ–

ਭਗਉਤੀ ਭਗਵੰਤ ਭਗਤ ਕਾ ਰੰਗ । ਭਾਗਵਤੀ ਅਰਥਾਤ ਭਗਵੰਤ ਕਾ ਉਤਮ ਭਗਤ ਵੁਹ ਹੈ ਜੋ ਅਪਨੇ ਚਿਤ ਮੇਂ ਭਗਵਾਨ ਕੀ ਭਗਤੀ ਕਾ ਅਨੰਦ ਲੇ ਔਰ ਸੰਪੂਰਨ ਦੋਖੀ ਜੀਵੋਂ ਕਾ ਮੇਲ ਕਰਨਾ ਤਿਆਗੇ ॥

(ੳ) ਭਗਵਤੀ–ਦੁਰਗਾ (ਦੇਵੀ) ਜੈਸੇ ਪ੍ਰਿਥਮ ਭਗਉਤੀ ਸਿਮਰਕੈ ਗੁਰੁ ਨਾਨਕ ਲਈ ਧਿਆਇ ॥

(ਅ) ਭਗਤ ਯਃ "ਕੋਈ ਕਹਤਉ ਅਨੰਨ ਭਗਉਤੀ" ਭਗਵਾਨ ਬਿਸ਼ਨ ਆਦਿ ਤ੍ਰਿਲੋਕ ਆਦਿ । ਯਥਾ "ਭਗਉਤੀ ਮੁਦ੍ਰਾ ਮਨ ਮੋਹਿਆ ਮਾਇਆ" (ਭਗਵਤੀ ਸੰਸਕ੍ਰਿਤ ਹੈ ਅਰਥ ਦੇਵੀ)

(੩) ਸ੍ਰੀ ਮਾਨ ਭਾਈ ਬਖਸ਼ੀਸ਼ ਸਿੰਘ ਸਾਹਿਬ ਸ੍ਰੀ ਮਾਨ ਬਾਬਾ ਸਾਧੂ ਸਿੰਘ ਜੀ ਕੇ ਭਾਣਜੇ ਬਾਬਾਠਾਕਰਸਿੰਘ ਜੀ ਸ੍ਰੀ ਹਰਿਗੋਬਿੰਦ

ਪੁਰੀਏ ਆਪਣੇ ਦਸਮ ਗ੍ਰੰਥ ਕੇ "ਪ੍ਰਯਾਇ" ਪੰਨਾ ੧੦੯ ਪਰ ਚੰਡੀ ਦੀ ਵਾਰ ਦੇ ਪ੍ਰਯਾਇ ਲਿਖਦੇਹੋਏ ਭਗਉਤੀਦੇ ਅਰਥ ਕਰਦੇ ਹਨ। ਭਗਉਤੀ ਖਟਾਂ ਭਗਾਂ ਸੰਜੁਗਤ (ਦੇਵੀ)॥

ਹੇ ਮਨ! ਪ੍ਰਿਥਮ ਭਗਉਤੀ ਸਿਮਰਕੈ ਗੁਰੂ ਨਾਨਕਜੀ ਕੋ ਧਿਆਇ ਲਈਂ, ਇਸਤਰਾਂ ਨਵਾਂ ਪਾਤਸ਼ਾਹੀਆਂ ਕਾ ਕਥਨ ਕਰਨਾ। ਵਾ ਭਗਉਤੀ (ਦੇਵੀ) ਕਾ ਸਿਮਰਨ ਕਹੀਏ ਚਿੰਤਨ ਕਰਨ ਲਗੇ ਵਾ ਭਗੌਤੀ ਕੇ ਚਿੰਤਨ ਕਰਨ ਲਈ ਅਗੇ ਜਾਕੇ ਫੇਰ ਲਿਖਦੇ ਹਨ:-

ਤੈਂ ਹੀ ਦੁਰਗਾ(ਹੇ ਦੇਵੀ!)ਕਾਲੀ ਯੁਧ ਨੂੰ ਸਾਜਕੇ ਦੈਂਤਾਂਦਾ ਨਾਸ ਕੀਤਾ,ਹੇ ਦੇਵੀ!ਤੈਥੋਂ ਹੀ ਰਾਮਚੰਦ ਨੇ ਬਲ ਲੈਕੇ ਜੁਧ ਕੀਤਾ ਆਦਿ॥

(੪) ਸ੍ਰੀ ਮਾਨ ਭਾਈ ਬਿਸ਼ਨਦਾਸ ਜੀ ਪੁਰੀ ਐਮ. ਏ. (ਪੰਜਾਬੀ ਦੇ ਪ੍ਰਸਿਧ ਵਿਦਵਾਨ) ਰੀਪੋਰਟਰ ਔਨ ਬੁਕਸ ਮਹਿਕਮਾ ਤਾਲੀਮ ਪੰਜਾਬ ਅਪਣੀ ਰਚਿਤ 'ਪੰਜਾਬੀ ਸ਼ਬਦ ਭੰਡਾਰ' ਡਿਕਸ਼ਨਰੀ ਦੇ ਪੰਨਾ ੮੫੫ ਪਰ ਭਗਉਤੀ ਦੇ ਅਰਥ ਐਸੇ ਲਿਖਦੇ ਹਨ। ਯਥਾ:-ਭਗੌਤੀ ਸੰ: ਭਗਵਤੀ-ਦੇਵੀ ਦੁਰਗਾ ਸ਼ਕਤੀ, ਤਲਵਾਰ॥

(੫) ਡਾਕਟਰ ਏਰਨੈਸਟ ਟ੍ਰੰਪ Earnest Trumpp ਅੰਗਰੇਜੀ ਦੇ ਪ੍ਰਸਿਧ ਟੀਕਾ.ਕਾਰ ਗੁਰਬਾਣੀ ਆਦਿ,ਆਪਣੇ ਅੰਗ-ਰੇਜੀ ਦੇ ਟਾਕਾ(ਸ੍ਰੀਗੁਰੂ ਗ੍ਰੰਥ)ਸਾਹਿਬ ਦੇ ਪੰਨਾ C X 111 (113) ਦੀਬਾਚਾ (ਸਿਖਾਂ ਦੇ ਧਰਮ ਦਾ ਖਾਕਾ) ਵਿਚ ਚੰਡੀ ਦੀ ਵਾਰ ਲਿਖੀ ਪਹਿਲੀ ਪੌੜੀ ਵਿਚੋਂ ਭਗੌਤੀ ਦੇ ਅਰਥ ਅਗੇ ਲਿਖੇ ਅਨੁਸਾਰ ਕਰਦੇ ਹਨ:-

ਅਸਲ ਲੇਖ

Page ox 111 (113) Adi Granth by Dr. Earnest Trumpp Note No. 4.

The sikhs read as "Ardas" the first verses from glands story of Bhagwati, Called Chandi-ki-war (ਚੰਡੀ ਕੀ ਵਾਰ) the first lines of which run thus:—

The Godess Bhagwati was first worshipped by Guru Nanak, then by Guru Angad, Amar Das, and Ram Das, and then she was propitious. Then followers Guru Arjan, Har Gobind, Hari Rai, Har Krishen, and Teg Bahadur and then also rose to the highest honours, Guru Gobind Singh was also assisted by her.

ਸਿੱਖ ਇਕ ਅਰਦਾਸਾ ਸੋਧਦੇ ਹਨ ਜੋ ਕਿ ਚੰਡੀ[ਭਗਉਤੀ] ਦੀ ਵਾਰ ਦੇ ਪਹਿਲੋਂ ਲਿਖਿਆ ਛੰਤਹੈ।ਇਹ ਭਗਉਤੀ ਦੀ ਕਹਾਨੀ ਵਿਚ ਹੈ ਇਸ ਨੂੰ ਚੰਡੀ ਦੀ ਵਾਰ ਆਖਦੇ ਹਨ ਅਤੇ ਉਸ ਦੀ ਪਹਿਲੀ ਸਤਰ ਇਸ ਪ੍ਰਕਾਰ ਹੈ ਕਿ ਪਹਿਲਾਂ ਦੇਵੀ ਭਗਵਤੀ ਨੂੰ ਗੁਰੂ ਨਾਨਕ ਨੇ ਪੂਜਿਆ ਫਿਰ ਅੰਗਦ, ਅਮਰਦਾਸ ਤੇ ਰਾਮਦਾਸ ਨੇ ਤੇ ਫੇਰ ਹਰਿਗੋਬਿੰਦ, ਹਰਿਰਾਇ, ਹਰਿਕ੍ਰਿਸ਼ਨ, ਅਤੇ ਤੇਗ਼ ਬਹਾਦਰ ਔਰ ਗੁਰੂ ਗੋਬਿੰਦ ਸਿੰਘ ਜੀ ਦੀ ਉਸੀ ਦੇਵੀ ਨੇ ਸਹੈਤਾ ਕੀਤੀ ॥

(੬) ਸ੍ਰੀਮਾਨ ਮਿਸਟਰ ਮੈਕਾਲਫਸਾਹਿਬ ਪ੍ਰਸਿਧ ਖਾਲਸਾ ਇਤੀਹਾਸ ਖੋਜੀ ਆਪਣੀ ਰਚਿਤ ਤਰਜਮਾਂ ਗੁਰਬਾਣੀ ਪੋਥੀ ਪੰਜਵੀਂ ਵਿਚ ਅਰਦਾਸੇ ਵਿਚੋਂ ਲਿਖੀ ਭਗਉਤੀ ਦੇ ਅਰਥ ਲਿਖਦੇ ਹਨ ॥

The Sikh Religion by Mr. Macauliffe

Part Fifth Pages 81—82.

Having first remembered the sword, meditate on Guru Nanak * * *

We implore the favour of the holy Bhagauti (sword) * * *

The Hindus maintain that in the X Guru's writings the word Bhagauti means Durga. In the two Chandi charitars the word Bhagauti does not

occur at all, and even in the Bhagauti-ki-war it is only found three times. Once in the title of the composition, a second time in the first line, and a third time elsewhere.
* * *

In the latter instance (ਲਈ ਭਗੌਤੀ ਦੁਰਗਸ਼ਾਹ) It is clear that the word Bhagauti means a Sword (ਤਲਵਾਰ)..............................

This is also attested by Gurdas in the Sixth Pauri of his 25th War he refers to the manner in which the signification of words is often altered, and writes "ਨਾਮ ਭਗੌਤੀ ਲੋਹ ਘੜਾਇਆ" man hath fashioned what is called the word (Bhagauti) from iron. In further proof that Bhagauti does not mean Durga in the Sikh scriptures.

ਭਾਵ ਇਹ ਹੈ ਕਿ ਪਹਿਲੇ ਤਲਵਾਰ ਨੂੰ ਚਿਤਵਨ ਕਰਕੇ ਗੁਰੂਨਾਨਕ ਨੂੰ ਸਿਮਰੋ।

ਹਿੰਦੂ ਖਿਆਲ ਕਰਦੇ ਹਨ ਕਿ ਦਸਮ ਗੁਰੂ ਦੀ ਬਾਣੀ ਵਿਖੇ ਭਗਉਤੀ ਦੇ ਅਰਥ ਦੁਰਗਾ ਹਨ । ਦੋਨਾਂ ਚੰਡੀ ਚਰਿਤਰਾਂ ਵਿਚ ਇਹ ਸ਼ਬਦ ਬਿਲਕੁਲ ਨਹੀਂ ਆਇਆ ਅਤੇ ਭਗਉਤੀ ਦੀ ਵਾਰ ਵਿਖੇ ਭੀ ਇਹ ਕੇਵਲ ਤਿੰਨੇ ਵਾਰ ਮਿਲਦਾ ਹੈ ਇਕ ਪੁਸਤਕ ਦੇ ਨਾਮ ਵਿਚ ਦੂਜੀ ਵਾਰ ਪੈਹਲੀ ਸਤਰ ਵਿਖੇ ਅਤੇ ਤੀਜੀ ਵਾਰ ਇਕ ਹੋਰ ਥਾਉਂ ਤੇ ਇਸ ਅੰਤਲੇ ਉਦਾਹਰਨ ਯਥਾ "ਲਈ ਭਗਉਤੀ ਦੁਰਗਸ਼ਾਹ..." ਤੋਂ ਇਹ ਸਾਫ ਸਿਧ ਹੈ ਕਿ ਭਗਉਤੀ ਸਬਦ ਦੇ ਅਰਥ ਤਲਵਾਰ ਹਨ, ਅਰਥਾਤ ਦੇਵੀ (ਦੁਰਗਾ) ਨੇ ਤਲਵਾਰ ਨੂੰ ਚੁਕਿਆ ਤੇ ਇਸੀ ਬਾਤ ਦੀ ਪੁਸ਼ਟੀ ਭਾਈ ਗੁਰਦਾਸ ਜੀ ਨੇ ੨੫ ਵਾਰ ਦੀ ੬ ਪੌੜੀ ਵਿਖੇ ਕੀਤੀ ਹੈ ਕਿ

ਨਾਉਂ ਭਗਉਤੀ ਲੋਹ ਘੜਾਇਆ ।

ਕਿ ਪੁਰਸ਼ਾਂ ਨੇ ਲੋਹੇ ਨੂੰ ਘੜਕੇ ਉਸ ਦਾ ਨਾਮ ਭਗਉਤੀ ਰਖ ਦਿਤਾ ਹੈ, ਪਰ ਭਗਉਤੀ ਦੇ ਅਰਥ ਸਿਖ ਪੁਸਤਕਾਂ ਵਿਖੇ ਦੇਵੀ ਦੇ ਨਹੀਂ ਹਨ ॥

(੭) ਸ੍ਰੀ ਮਾਨ ਬਾਬੂ ਸ਼ਿਵਰਾਮ ਸਾਹਿਬ ਐਮ, ਏ, M.A. ਆਪਣੇ ਕੋਸ਼ (ਡਿਕਸ਼ਨਰੀ) ਸੰਸਕ੍ਰਿਤ ਤੇ ਇੰਗਲਿਸ਼ ਪੰਨਾ ੮੦੬ ਵਿਖੇ ਭਗਉਤੀ ਦੇ ਅਰਥ ਹੇਠ ਲਿਖੇ ਅਨੁਸਾਰ ਕਰਦੇ ਹਨ:- ਭਗਵਤੀ-ਦੁਰਗਾ (ਦੇਵੀ) ਅਥਵਾ ਕੋਈ ਨੇਕ ਇਸਤ੍ਰੀ ਆਦਿ......

[੮] ਵਡੀ ਮਸ਼ਹੂਰ ਫਾਰਸੀ, ਅਰਬੀ ਤੇ ਉਰਦੂ ਆਦਿ ਲੁਗਾਤ (ਡਿਕਸ਼ਨਰੀ) ਜਿਲਦ ਪਹਿਲੀ ਦੇ ਪੰਨਾ ੩੩੨ ਪਰ ਭਗਉਤੀ ਦਾ ਅਰਥ ਇਸਤਰਾਂ ਕੀਤਾ ਹੈ:-ਭਗੌਤੀ-ਇਸਮ ਮੁਅੱਨਸ ਹੈ ਦੁਰਗਾ, ਦੇਵੀ, ਭਵਾਨੀ।

ਭਗਉਤੀ ਭਗਤਾਂ ਨੂੰ ਅੰਤਮ ਸੰਬੋਧਨਾ !

ਉਪਰ ਲਿਖੇ ਅਠਾਂ ਕੁ ਆਮ ਪਰਸਿੱਧ ਵਿਦਜਵਾਨਾਂ ਦੇ ਕੋਸ਼ੀ ਅਰਥਾਂ ਦੀ ਰਾਏ ਪ੍ਰਗਟ ਕੀਤੀ ਹੈ, ਪ੍ਰੰਤੂ ਹੋਰ ਕੋਸ਼ ਬਹੁਤ ਸਾਰੀ ਤਾਦਾਦ ਵਿਚ ਮੌਜੂਦ ਹਨ ਜਿਨਾਂ ਵਿਚ ਭਗੌਤੀ ਦੇ ਅਰਥ ਦੇਵੀ [ਦੁਰਗਾ] ਆਦਿ ਹੀ ਕੀਤੇ ਗਏ ਹਨ। ਇਕ ਭੀ ਕੋਸ਼ [ਡਿਕਸ਼ਨਰੀ]ਐਸੀ ਨਹੀਂ ਜੋ ਭਗਉਤੀ ਦੇ ਅਰਥ ਰਬ ਜਾਂ ਪ੍ਰਮਾ-ਤਮਾਂ ਸਾਬਤ ਕਰੇ ਦਸਾਂ ਪਾਤਸ਼ਾਹਾਂ ਦੀ ਬਾਣੀ ਵਿਚ ਜਾਂ ਸ਼ਸਤ੍ਰ ਮਹਿਮਾਂਆਦਿ ਖਾਲਸਾ ਇਤਿਹਾਸਾਂ ਵਿਚ ਕਿਤੇਵੀਭਗਉਤੀ ਪ੍ਰਮਾ-ਤਮਾਂ ਦਾ ਲਖਾਇਕ ਪਦ ਨਹੀਂ ਹੈ। ਵਿਸਥਾਰ ਦੇ ਡਰ ਤੋਂ ਸਮੂੰਹ ਪ੍ਰਸਿਧ ਕੋਸ਼ਾਂ ਦਾ ਹਵਾਲਾ ਇਥੇ ਦਿਤਾ ਨਹੀਂ ਜਾ ਸਕਦਾ। ਲੋੜ ਸਮੇਂ ਫਿਰ ਪ੍ਰਗਟ ਕੀਤਾ ਜਾਊ॥

ਜੋ ਭਾਈ ਭਗਉਤੀ ਨੂੰ ਖਾਲਸਾ ਜੀ ਦਾ ਇਸ਼ਟਦੇਵ ਸਾਬਤ ਕਰਨ ਦੀ ਕੋਸ਼ਸ਼ ਕਰਨਗੇ ਉਨਾਂ ਨੂੰ ਨਿਰਸੰਸੇ ਕਰਨ ਹਿਤ ਯੋਗ ਉਤਰ ਮਿਲੂਗਾ। ਪਰੰਤੂ ਜੋ ਭਾਈ ਬਿਨਾਂ ਸੋਚੇ ਜਾਂ ਬਿਨਾ ਗੁਰ ਪ੍ਰਮਾਨ ਭਗਉਤੀ ੨ ਗਾਵਣ ਦਾ ਹਠ ਨਹੀ ਛਡਣਗੇ ਉਨਾਂ ਨਾਲ ਵਿਚਾਰ ਕਰਨ ਲਈ ਫਜ਼ੂਲ ਸਮਾਂ ਖਰਚ ਕਰਨ ਦੀ ਲੋੜ ਨਹੀਂ "ਪ੍ਰਿਥਮ ਭਗਉਤੀ ਸਿਮਰਕੇ" ਖੰਡਨ ਸਬੰਧੀ ਬਹੁਤ ਸਾਰਾ ਹੋਰ

ਮਸਾਲਾ ਗੁਰਪ੍ਰਮਾਣਾ ਸਹਿਤ ਸਾਡੇ ਪਾਸ ਮੌਜੂਦ ਹੈ । ਜਿਸ ਦੀ ਇਛਾ ਹੈ ਵੀਚਾਰ ਕਰੇ ਅਸੀ ਸਰਾਦੀ ਪ੍ਰਗਟ ਕਰਨ ਲਈ ਕਦੇ ਭੀ ਪਿਛੇ ਹਟਣ ਨੂੰ ਤਿਆਰ ਨਹੀਂ ਹਾਂ॥

ਅਸੀਂ ਪਿਛੇ ਭਲੀ ਪਰਕਾਰ ਪ੍ਰਮਾਣੀ ਸੰਜੁਗਤ ਸਿਧ ਕਰ ਚੁਕੇ ਹਾਂ ਕਿ ਖਾਲਸਾ ਜੀ ਦਾ ਇਸ਼ਟ ਦੇਵ **ਕਿਰਤਮ ਨਾਮ** ਕਥੇ ਤੇਰੇ ਜਿਹਬਾ, **ਸਤਿਨਾਮੁ ਤੇਰਾ ਪਰਾ ਪੂਰਬਲਾ ਗੁਰੂ ਹੁਕਮ ਅਨੁਸਾਰ 'ਸਤਿਨਾਮ'** ਹੈ ਜੋ ਕਿ ਵਾਹਿਗੁਰ ਦਾ ਪੂਰਨ ਲਖਾਇਕ ਹੈ।

ਜੋ ਭਾਈ ਭਗਉਤੀ ਨੂੰ ਤਲਵਾਰ ਸਿਧ ਕਰਨ ਦੀ ਕੋਸਸ਼ ਕਰ ਦੇ ਹਨ ਉਸ ਦੇ ਤਲਵਾਰ ਅਰਥ ਤਾਂ ਭਾਵੇਂ ਹੋ ਸਕਣ ਪਰੰਤੂ ਜੜ ਅਥਵਾ ਕਿਰਤਮ ਵਸਤੂ ਨੂੰ ਖਾਲਸਾ ਜੀ ਦਾ ਇਸ਼ਟ ਦੇਵ ਕਹਿਣਾ ਭਾਰੀ ਮਨਮਤਿ ਹੈ।

ਤਲਵਾਰ ਨਾਲ ਖਾਲਸੇ ਜੀ ਦਾ ਬੇਸ਼ਕ ਪਜਾਰ ਹੈ ਤੇ ਹੋਵੇਗਾ, ਅਤੇ ਖਾਲਸਾ ਜੀ ਕ੍ਰਿਪਾਨ ਨੂੰ ਪੰਜਵਾਂ ਕਕਾਰ ਹੋਵਣ ਦੀ ਸੂਰਤ ਵਿਚ ਆਪਣੇ ਸਰੀਰੋਂ ਇਕ ਸੈਕੰਡ ਭੀ ਦੂਰ ਨਹੀਂ ਕਰ ਸਕਦਾ, ਜੋ ਦੂਰ ਕਰਦਾ ਹੈ ਓਹ ਤਨਖਾਹੀ ਮੰਨਿਆਂ ਜਾਂਦਾ ਹੈ, ਭਾਵੇਂ ਖਾਲਸਾ ਵੀਰ ਹੋ ਅਥਵਾ ਭੈਣ, ਤਾਹੀਂ ਤੇ ਬਾਕੀ ਚੌਹਾਂ ਕਕਿਆਂ ਵਤ ਕ੍ਰਿਪਾਨ ਹੀਨ ਹੋਣ ਦੀ ਹਾਲਤ ਵਿਖੇ ਅੰਨ, ਜਲ ਨ ਛਕਣ ਅਤੇ ਇਸਨੂੰ ਆਪਣੇ ਪਰਾਣਾਂ ਤੋਂ ਵਧੀਕ ਪਿਆਰਾ ਮੰਨਣ ਦਾ ਸਤਿਗੁਰਾਂ ਵਲੋਂ ਹੁਕਮ ਹੈ। ਯਥਾ:—"ਕਛ ਕ੍ਰਿਪਾਨ ਨ ਕਬਹੂ ਤਿਆਗੈ।" ਪਰੰਤੂ ਇਸ ਨਾਲ ਇਤਨਾ ਪਿਆਰ ਹੁੰਦਿ-ਆਂ ਹੋਇਆਂ ਭੀ ਕ੍ਰਿਪਾਨ 'ਇਸਟ—ਦੇਵ' ਨਹੀਂ ਮੰਨੀ ਜਾ ਸਕਦੀ।

ਅਸੀ ਆਪਣੇ ਇਸ **ਐਲਾਨ ਦੁਆਰਾ** ਭਗਉਤੀ ਨੂੰ **ਤਲਵਾਰ ਸਾਬਤ ਕਰਨ ਵਾਲੇ ਵੀਰਾਂ ਨੂੰ ਵੰਗਾਰਦੇ ਹਾਂ, ਕਿ ਜੇ ਉਨਾਂ ਦਾ ਇਸ ਤਲਵਾਰ ਜਾਂ ਕ੍ਰਿਪਾਨ ਨਾਲ ਚਿਤੋਂ ਪਿਆਰ ਹੈ ਤਾਂ ਕਿਰਪਾ ਕਰਕੇ ਪ੍ਰਗਟ**

ਕਰਨ ਕਿ ਉਨਾਂ ਸਜਨਾਂ ਨੇ ਕ੍ਰਿਪਾਨਹੀਨਤਾ ਦੇ ਦਿਨਾਂ ਵਿਚ ਕਿਤਨੇਕੁ ਦਿਨ ਅੰਨ ਜਲ ਨਹੀਂ ਛਕਿਆ। ਤੇ ਉਨਾਂ ਦੇ ਘਰੀਂ ਜੋ ਸਾਡੀਆਂ ਭੈਣਾਂ ਕ੍ਰਿਪਾਨਹੀਨ ਦਸ਼ਾ ਵਿਚ ਲੰਗਰ ਤਿਆਰ ਕਰਦੀ-ਆਂ ਹਨ ਤਾਂ ਓਨਾਂ ਦਾ ਸਜਾਇਆ ਹੋਇਆ ਲੰਗਰ ਛਕਦੇ ਹਨ ਕਿ ਨਹੀਂ ? ਅਸੀਂ ਇਸ ਵਿਸ਼ੇ ਉਤੇ, ਜੇ ਲੋੜ ਪਈ ਖੋਲਕੇ ਸਾਬਤ ਕਰਾਂਗੇ ਕਿ ਏਨਾਂ ਸਜਨਾਂ ਨੂੰ ਸਵਾਏ ਰੌਲਾ ਪੌਣ ਦੇ ਕ੍ਰਿਪਾਨ ਨਾਲ ਉਕਾ ਹੀ ਪਿਆਰ ਨਹੀਂ ॥

ਅਸੀਂ ਆਪਨੇ ਦੇਵੀ ਭਗਤ ਤੇ ਢਿਲੜ ਵੀਰਾਂ ਨੂੰ ਵਡੀ ਅਧੀਨਗੀ ਸਹਿਤ ਬੇਨਤੀ ਕਰਦੇ ਹਾਂ ਕਿ ਖਾਲਸਾ ਮਤਿ ਸਿਧਾਂਤ ਤੋਂ ਉਲਟ ਬੋਲਣ ਕਰਕੇ ਸਿਖ ਪੰਥ ਵਿਚ ਸ਼ਰਮਿੰਦਗੀ ਹਾਸਲ ਨ ਕਰਨ ॥

ਹੁਣ ਲਵੋ ਜਿਥੇ ਸਤਿਗੁਰਾਂ ਨੇ ਸ਼ਾਂਤਰਸ ਦੇ ਨਾਲ ਖਾਲਸਾ ਪੰਥ ਵਿਚ **ਬੀਰ ਰਸ** ਭਰਨਾ ਸੀ, ਉਥੇ ਅਕਾਲ ਪੁਰਖ ਦੇ ਨਾਮ ਭੀ ਬਹਾਦਰੀ ਵਿਚ ਸੰਕੇਤ ਕੀਤੇ ਹਨ ਯਥਾ:—ਸ੍ਰੀ ਅਸਕੇਤ, ਮਹਾਂ ਕਾਲ, ਸ੍ਰੀ ਅਸਧੁਜ, ਸ੍ਰੀ ਅਸਪਾਨ, ਖੜਗਕੇਤ ਆਦਿ ਬਹੁਤ ਸੇ ਨਾਮ ਹਨ, ਕਈ ਭਾਈ ਕਹਿੰਦੇ ਦੇਖੇ ਹਨ ਕਿ ਅਕਾਲ ਪੁਰਖ ਦੇ ਹਥ ਵਿਚ ਜਾਂ ਝੰਡੇ ਪਰ ਤਲਵਾਰ ਹੈ,ਇਸ ਕਰਕੇ ਭਗਉਤੀ ਮੰਨੋ। ਜਿਨਾਂ ਦੀ ਗਲਾਂ ਸੁਣ ਕਰਕੇ ਕੰਨਾਂ ਨੂੰ ਭੀ ਹਾਸਾ ਔਂਦਾ ਹੈ, ਕੀ ਅਸੀਂ ਉਸ ਹਥ ਵਿਚ ਫੜੀ ਤਲਵਾਰ ਦੇ ਉਪਾਸ਼ਕ ਹਾਂ ਜਿਸਨੂੰ ਸਿਮਰਨ ਕਰਨਗੇ ?

ਇਸਤੋਂ ਬਿਨਾ ਕਈ ਅਗਿਆਤ ਭਾਈ ਏਹ ਭੀ ਕਹਿਆ ਕਰਦੇ ਹਨ ਕਿ ਜਿਵੇਂ ਮਹਾਂਕਾਲ, ਖੜਗਕੇਤ ਆਦਿ ਵਾਹੁਗੁਰ

ਨਾਮ ਹਨ ਤਿਵੇਂ ਭਗਉਤੀ ਭੀ ਇਕ ਵਾਹਿਗੁਰ ਨਾਮ ਹੈ। ਸਾਡੇ ਉਨਾਂ ਵੀਰਾਂ ਨੂੰ ਚੇਤੇ ਰਖਣਾ ਚਾਹੀਦਾ ਹੈ ਕਿ ਸਿਖ ਪੰਥ ਵਿਚ 'ਭਗਉਤੀ' ਪਦ ਦੇ ਅਰਥ ਤਲਵਾਰ, ਦੇਵੀ ਜਾਂ ਭਗਤ ਤਿੰਨੇ ਹੀ ਮਿਲਦੇ ਹਨ। ਅਤੇ ਇਸ ਤੋਂ ਬਿਨਾ ਉਤੇ ਦਸੇ ਅੱਠ ਕੋਸ਼ਕਾਰ ਪ੍ਰਸਿਧ ਵਿਦਵਾਨਾਂ ਨੇ ਉਨਾਂ ਦੇ ਜਿਦਲ-ਮੂੰਹ ਪਰ ਚੰਗੀ-ਤਰਾਂ ਸਮਝੌਣ ਲਈ ਚੁਪੇੜਾਂ ਮਾਰੀਆਂ ਹਨ, ਯਾਂਤੇ ਸਾਡੇ ਹਠੀ ਵੀਰ ਸਮਝ ਲੈਣ ਕਿ ਉਨਾਂ ਦਾ ਹਠ ਕਹਾਂ ਤਕ ਠੀਕ ਹੈ, ਔਰ ਉਨਾਂ ਦੀ ਇਸ ਜਿੱਦਲ ਮਤਿ ਨੂੰ ਤਿੰਨ ਕਾਨੇ ਤੋਂ ਬਿਨਾ ਹੋਰ ਕੀ ਕੁਝ ਲਾਭ ਹੋਊ ? ਕੁਝ ਨਹੀਂ ॥

ਉਤਲੇ ਲੇਖ ਨੂੰ ਹੋਰ ਸਪਸ਼ਟ ਕਰਨਲਈ ਹੇਠਾਂ ਪੜ੍ਹੋ

ਜੇ ਸਚ ਪੁਛੋ ਤਾਂ ਭਗਉਤੀ ਮੰਨਕੇ ਹਿੰਦੂ ਮਤਿ ਦਾ ਪ੍ਰਚਾਰ ਕਰਨਾ ਹੈ, ਕ੍ਰਿਪਾ ਕਰਕੇ ਐਸੇ ਭਾਈ ਮੋਨ ਹੀ ਧਾਰਕੇ ਸਮਾਂ ਟਪਾ ਲਿਤਾ ਕਰਨ ਕਿਉਂਕਿ ਇਹੋ ਜਹੇ ਗੁਰਮਤਿ ਵਿਰੁਧ ਬੋਲਿਆਂ ਨਾਲ ਉਨਾਂ ਦੀ ਹਿੰਦੂ ਸਿਖੀ ਦਾ ਪੋਲ ਹੀ ਖੁਲਦਾ ਹੈ ਹੁਣ ਪੋਚਾ ਪਾਚੀ ਦਾ ਸਮਾ ਨਹੀਂ ਹੈ ॥

ਗੁਰਬਾਣੀ ਦੀ ਕਸਵਟੀ ਨਾਲ ਵੀਚਾਰੋ

ਤਲਵਾਰ ਨੂੰ ਨਮਸ਼ਕਾਰ ਕਰਨੀਹੈ ਕਿ ਅਕਾਲਪੁਰਖ ਨੂੰ? ਜਿਵੇਂ ਖਾਲਸਾ ਜੀ ਕਹਿੰਦਾ ਹੇ ਸ੍ਰੀ ਕਲਗੀਧਰ, ਜਾਂ ਬਾਜਾਂਵਾਲਾ, ਫਿਰ ਓਹ ਪੁਰਸ਼ ਮਹਾਂ ਅਗਿਆਨੀ ਹੈ ਜੋ ਕਹੇ ਪ੍ਰਿਥਮ ਬਾਜ ਸਿਮਰਕੈ ਯਾ ਪ੍ਰਿਥਮਕਲਗੀ ਸਿਮਰਕੈ,ਭਗਉਤੀ ਪਦ ਤਾਂ ਨਿਰਾ ਇਸਤਰੀ ਲਿੰਗ ਹੈ, ਜੇ ਕਹੀਏ ਭਗਉਤੀ ਵਾਲਾ, ਤਦ ਭੀ ਤਲਵਾਰ ਪੂਜਜ ਯੋਗ ਨਹੀਂ ਮੰਨੀ ਜਾ ਸਕਦੀ। ਦੇਖੋ ਪਾਤਸ਼ਾਹਾਂਦੀ ਤਾਰੀਫ ਮੋਤੀਆਂ ਵਾਲਾ, ਹਾਥੀਆਂ ਵਾਲਾ, ਆਦਿ ਹੁੰਦੀ ਹੈ ਤਾਂ ਕੀ ਬਾਦਸ਼ਾਹ ਨੂੰ ਛਡਕੇ ਹਾਥੀਆਂ ਆਦਿ ਨੂੰ ਨਮਸ਼ਕਾਰ ਕਰਨਾ ਯੋਗ ਹੈ? ਕਦਾਚਿਤ ਨਹੀਂ "ਦਾਤ ਪਿਆਰੀ ਵਿਸਰਿਆ ਦਾਤਾਰਾ" ਵਰਤੋਂ

ਕਰਕੇ 'ਏਕ ਛੋਡ ਦੂਜੇ ਲਗੇ ਡੁਬੇ ਸੇ ਵਣਜਾਰਿਆ' ਹੁਕਮ ਅਨੁ-ਸਾਰ ਵਰਤੋਂ ਹੋਊ ? ਐਸੇ ਹੀ 'ਤਲਵਾਰ' ਤਾਂ ਇਕ ਸ਼ਸਤ੍ਰ ਹੈ ਇਸ ਨੂੰ ਕਿਸੇ ਹਾਲਤ ਵਿਚ ਭੀ ਇਸ਼ਟ-ਦੇਵ ਨਹੀਂ ਮੰਨ ਸਕਦੇ ਕਯੋਂ ਜੋ ਸਾਡਾ ਇਸ਼ਟ ਅਕਾਲ ਪੁਰਖ ਹੈ। ਫਿਰ ਤਲਵਾਰ ਨੂੰ ਨਮਸਕਾਰ ਕੈਸੇ ?

ਭਲਾ ਜੇ ਭਗੌਤੀ ਦਾ 'ਭਗੌਤਾ' ਭੀ ਕਰ ਲਈਏ ਤਦ ਭੀ ਮਤਲਬ ਸਿਧ ਨਹੀਂ ਹੋ ਸਕਦਾ। ਸ਼ਾਂਤ ਰਸ ਵਿਚ ਤਾਂ ਏਨ੍ਹਾਂ ਸ਼ਸਤ੍ਰਾਂ ਦਾ ਭੀ ਗੁਰੂ ਸਾਹਿਬ ਨੇ ਸਾਫ ਨਿਰਨਾ ਕਰ ਦਿਤਾ ਹੈ ਜੈਸਾ ਕਿ—'ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਣੁ ਛਾਰੀ ॥ ਤਿਸੁ ਆਗੈ ਕੋ ਨ ਟਿਕੈ ਵਿਕਾਰੀ।' ਏਥੇ ਸਿਧ ਹੋਇਆ ਗਰੀਬੀ, ਸੀਲਤਾ, ਜਰਨਾ, ਗੁਣ ਸ਼ਸਤ੍ਰ ਖੰਡੇ ਤਲਵਾਰ ਤੋਂ ਭੀ ਵਧ ਗੁਰੂ ਘਰ ਵਿਚ ਮੌਜੂਦ ਹਨ, ਜਿਸਨੂੰ ਸ਼ਾਂਤਿ ਸਰੂਪ ਕਿਹਾ ਜਾਂਦਾ ਹੈ। ਜੋ ਸਜਨ ਖਾਲਸਾ ਮਿਸ਼ਨ ਨੂੰ ਸਮਝ ਨਹੀਂ ਸਕਦੇ, ਐਵੇਂ ਬਿਨਾ ਵਿਚਾਰੇ ਕਹਿ ਦਿੰਦੇ ਹਨ। 'ਕਾਲ ਪਾਇ ਬ੍ਰਹਮਾ ਬਪਧਰਾ। ਕਾਲ ਪਾਇ ਸ਼ਿਵ ਜੀ ਅਵਤਰਾ। ਆਦਿ ਪ੍ਰਮਾਨ ਦੇਕੇ ਇਹੋ ਰੌਲਾ ਪੌਂਦੇ ਹਨ ਕਿ ਅਸੀਂ ਤਾਂ ਕਾਲ ਦੇ ਉਪਾਸ਼ਕ ਹਾਂ ਤੇ ਕਾਲ ਭਾਵ ਮੌਤ ਤਲਵਾਰ ਤੋਂ ਹੁੰਦੀ ਹੈ, ਇਸ ਕਰਕੇ ਅਸੀਂ ਤਲਵਾਰ ਦੇ ਉਪਾਸ਼ਕ ਹਾਂ। "ਇਹ ਨਿਰੋਲ ਮਨ ਘੜਤ ਹੁਜਤਾਂ ਹਨ।"

ਸੋ ਵੀਚਾਰੀਏ ਭਾਵੇਂ ਏਥੇ ਕਾਲਦੇ ਅਰਥ ਸਮਾ (ਜਾਂ ਮੌਤ) ਹਨ, ਪਰੰਤੂ ਫੇਰ ਭੀ ਦਸਿਆ ਜਾਂਦਾ ਹੈ, ਕਿ ਖਾਲਸਾ ਪੰਥ ਮੜੀ ਮੌਤ ਨੂੰ ਕੁਛ ਚੀਜ ਨਹੀਂ ਸਮਝਦਾ ਬਲਕਿ 'ਕਾਲਪੁਰਖ ਕਾ ਮਰਦੈ ਮਾਨੁ'। 'ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ'। ਪੁਨਾ 'ਧਰਮ ਰਾਇ ਦਰ ਕਾਗਦ ਫਾਰੇ' ਭਾਵ ਖਾਲਸਾ ਜੀ ਤਾਂ ਉਕਤ ਖਿਆਰੀ

ਦਾ ਉਪਾਸ਼ਕ ਹੈ, ਖੇਡਾਂ ਦਾ ਨਹੀਂ, ਤਾਂਹੀ ਤਾਂ ਉਤੇ ਵਰਨਣ ਕੀਤੀਆਂ ਖੇਡਾਂ ਦੇ ਉਪਾਸ਼ਕ ਕੇਵਲ ਅਖਰੀਂ ਪੰਡਿਤਾਂ ਨੂੰ "ਪੜ੍ਹਿਆ ਮੂਰਖ ਆਖੀਐ" ਦੀ ਪਦਵੀ ਮਿਲਦੀ ਹੈ। ਇਸ ਤੋਂ ਬਿਨਾਂ ਕਈ ਭਾਈ ਐਸੇ ਅਕਲ ਦੇ ਮਾਲਕ ਖਾਲਸਾ ਅਖੌਂਦੇ ਦੇਖੇ ਜਾਂਦੇ ਹਨ ਜੋ ਕਿ **ਨਮੋਸੂਰਜ ਸੂਰਜੇ ਨਮੋਚੰਦ੍ਰ ਚੰਦ੍ਰੇ॥** ਏਹੋ ਜੇਹੇ ਸ਼ਬਦ ਕਹਿਕੇ ਸੂਰਜ ਚੰਦ੍ਰਮਾ ਆਦਿ ਦੀ ਪੂਜਾ ਕਰਦੇ ਹੋਏ ਦੂਜੇ ਖਾਲਸਾ ਵੀਰਾਂ ਤੋਂ ਭੀ ਪੂਜਾ ਕਰੌਣ ਦੀ ਕੋਸ਼ਸ਼ ਕਰਦੇ ਹਨ, ਸੋ ਐਸੇ ਅਕਲ ਦੇ ਧਨੀ ਪੁਰਸ਼ਾਂ ਦਾ ਤਾਂ ਸਤਿਗੁਰੂ ਜੀ ਹੀ ਅਪਨੀ ਕ੍ਰਿਪਾ ਕਰਕੇ ਸੁਧਾਰ ਕਰ ਸਕਦੇ ਹਨ ਜੋ ਮਲੋ ਮਲੀ ਮਹਾਂ ਅੰਧ ਖਾਤੇ ਵਿਚ ਡਿਗ ਰਹੇ ਹੋਣ ਜੈਸਾ ਕਿ:-

ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ।
ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥
ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥
ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥ ੩ ॥
ਸੂਤੇ ਕਉ ਜਾਗਤ ਕਹੈ ਜਾਗਤ ਕਉ ਸੂਤਾ ॥
ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥ ੪ ॥
ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ।
ਪਰ ਕੀ ਕਉ ਅਪੁਨੀ ਕਹੈ ਅਪੁਨੋ ਨਹੀ ਭਾਇਆ ॥ ੫॥
ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ।
ਰਾਤੇ ਕੀ ਨਿੰਦਾ ਕਰਹਿ ਐਸਾ ਕਲ ਮਹਿ ਡੀਠਾ ॥ ੬ ॥
ਚੇਰੀ ਕੀ ਸੇਵਾ ਕਰਹਿ ਠਾਕੁਰ ਨਹੀ ਦੀਸੈ।
ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀਂ ਰੀਸੈ ॥੭॥ * * *

ਇਕ ਹੋਰ ਸੰਬੋਧਤਾ

ਭਲਾ ਜੇ ਕੋਈ ਸਜਨ ਪੁਛੇ ਕਿ ਚੰਡੀ ਦੀ ਵਾਰ ਤੇ ਪੈਹਲੇ ਲਿਖੇ ਗਏ **ਮੰਗਲਾ ਚਰਣ** ਦੀ ਪੌੜੀ ਵਿਚੋਂ ਪ੍ਰਿਥਮ

ਸਤਿਨਾਮ ਮਿਰਜਾਦਾ ਤੋਂ ਵਿਰੁਧ ਕਦ ਤੇ ਕਿਸ ਨੇ ਪ੍ਰਿਥਮ ਭਗੌਤੀ ਸਿਮਰਨ ਪਦ ਨੂੰ ਲਿਖ ਦਿਤਾ ਹੈ ? ਇਸਦੇ ਉਤਰ ਨੂੰ ਲੰਬਾ ਕਰਨ ਤੋਂ ਬਿਨਾ ਇਸ਼ਾਰੇ ਮਾਤ੍ਰ ਇਤਨਾ ਹੀ ਪ੍ਰਗਟ ਕਰਨਾ ਕਾਫੀ ਭਾਸਦਾ ਹੈ ਕਿ ਜੰਗ ਜੁਧਾਂ ਦੇ ਸਮੇਂ ਜਦ ਕਿ ਖਾਲਸਾ ਪੰਥ ਦੇ ਸਭ ਪੁਸਤਕ ਲਿਖਤਾਂ ਵਿਚ ਅਨਮਤੀ ਲੋਕਾਂ ਦੇ ਹਥ ਵਿਚ ਸਨ ਤੇ ਗੁਰਦੁਆਰਿਆਂ ਵਿਚ ਬਹੁਤ ਸਾਰੇ ਹਿੰਦੂਮਤਿ ਦੇ ਸ਼ਰਧਾਲੂ ਪੁਰਸ਼ ਸੇਵਾ ਉਤੇ ਆ ਗਏ, ਉਸ ਸਮੇਂ ਏਹ ਮਨਮਤਿ ਪ੍ਰਚਲਤ ਕੀਤੀ ਗਈ **ਇਸ ਭਗੌਤੀ ਪਦ ਪੌਣ ਵਾਲੇ ਦਾ ਨਾਮ ਦੇਵੀ ਦਾਸ ਸੀ** ਇਸ ਨੇ ਖਾਲਸਾ ਪੰਥ ਦੇ ਇਤਿਹਾਸ ਬਿਗਾੜਨ ਲਈ ਇਕ ਲੁਕਮੀ ਪਾਰਟੀ ਬਨਾ ਰਖੀ ਸੀ, ਜਿਸ ਪਾਰਟੀ ਨੇ ਪਿਛੇ ਦਸੇ ਮਨਮਤਾਂ ਦੇ ਪ੍ਰਸੰਗ ਜਗਾ ੨ ਫਿਰ ਫਿਰਾਕੇ ਔਰ ਮਾਇਆ ਖਰਚ ਕਰਕੇ ਖਾਲਸਾ ਗ੍ਰੰਥਾਂ ਵਿਚ ਪਾਏ ਇਸ ਪਾਰਟੀ ਦਾ ਕਰਤਬ ਫੋਟੋ ਸਾਡੇ ਪਾਸ ਮੌਜੂਦ ਹੈ । ਇਸ ਦੇਵੀ ਦਾਸ ਪੰਡਤ ਜੀ ਦੀ ਸੰਪਰਦਾ ਦੇ ਤਨਖਾਹਦਾਰ ਕਈ ਕੁ ਭੇਡੂ ਪੰਡਤ ਜੀ ਦੇਵੀਦਾਸ ਦੀ ਅਣਹੋਣਤਾ ਦਾ ਹੋਕਾ ਦਿੰਦੇ ਦੇਖੇਹਨ,ਤੇ ਵੰਗਾਰ ਕੇ ਕੈਂਹਦੇ ਹਨ, ਜੋ 'ਦੇਵੀਦਾਸ ਹੋਇਆ ਹੀ ਕੋਈ ਨਹੀਂ" ਹਾਲਾਂ ਕਿ ਏਹ ਭੇਡੂ ਪੰਡਤ ਜੀ ਮਹਾਰਾਜ ਦੇਵੀਦਾਸ ਸੰਪ੍ਰਦਾ ਦੇ ਅਜਕਲ ਦੇ ਮੁਖੀ ਪ੍ਰਧਾਨ ਜੀ ਦੇ ਅਪਨੀ ਦੋਨਾਂ ਅਖਾਂ ਨਾਲ ਰੋਜ ਦਰਸ਼ਨ ਕਰਕੇ ਤ੍ਰਿਪਤ ਹੋ ਰਹੇ ਹਨ। ਸਾਡੇ ਖਾਲਸਾ ਪੰਡਤ ਜੀ ! ਘਬਰਾਓ ਨਹੀਂ !! ਇਸ ਭੇਦ ਦੇ ਗੁਪਤ ਰਹਿਨ ਵਿਚ ਹੀ ਉਨਾਂ ਦੀ ਪੇਟ ਪੂਜਾ ਚੰਗੀਤਰਾਂ ਹੋ ਸਕੇਗੀ। ਪਰ ਜੇ ਹੁਣ ਭੀ ਸਾਡੀ ਇਸ ਬੇਨਤੀ ਨੂੰ ਪ੍ਰਵਾਨ ਨਾ ਕੀਤਾ ਤਾਂ ਸਾਨੂੰ ਮਜਬੂਰ ਹੋਕੇ ਇਸ ਦੇਵੀਦਾਸ ਪੰਡਤ ਜੀ ਦੀ ਆਰੰਭ ਤੋਂ ਲੈਕੇ ਅਜ ਤਾਂਈਂ ਦੀ ਸਾਰੀ ਸੰਪਰਦਾ ਦਾ ਉਸਦੇ ਮੁਖੀ ਪ੍ਰਧਾਨ ਸੰਜੁਗਤ ਭਾਂਡਾ ਭੰਨਣਾ ਪਊਗਾ ॥

ਇਸ ਦੇਵੀ ਦਾਸ ਪੰਡਤ ਜੀ ਦੀ ਪਾਰਟੀ ਨੇ ਨਿਰੇਪੂਰੇ ਖਾਲਸਾ ਇਤਹਾਸ ਬਿਗਾੜਕੇ ਬਸ ਨਹੀਂ ਕੀਤੀ ਬਲਕਿ

ਸ੍ਰੀਮਾਨ ਭਾਈ ਗੁਰਦਾਸ ਜੀ ਦੀਆਂ ਵਾਰਾਂ ਆਦਿ ਪਰ ਭੀ ਹਮਲਾ ਕੀਤਾ ਹੈ। ਪੁਨਃ ਗੁਰਦਾਸ ਕਵੀ ਦੀ ੪੧ ਵਾਰ ਦਾ ਤਾਂ ਕਹਿਨਾਹੀ ਕੀ ਹੈ। ਇਹ ਗੁਰਦਾਸ ਦਸਮੇ ਗੁਰੂ ਜੀ ਦੇ ਸਮੇ ਤੋਂ ਮਗਰੋਂ ਹੋਯਾ ਹੈ। ਜਿਸਨੇ ਅਪਨੀ ਵਾਰ ਵਿਚ ਲਿਖਯਾ ਹੈ। ਯਥਾਃ-

ਵਾਰ ਸ੍ਰੀ ਭਗਉਤੀ ਜੀ ਕੀ ਪਾਤਸਾਹੀ ੧੦

ਹਰ ਸਚੇ ਤਖਤ ਰਚਾਇਆ ਸਤਿ ਸੰਗਤ ਮੇਲਾ।
ਨਾਨਕ ਨਿਰਭਉ ਨਿਰੰਕਾਰ ਵਿਚ ਸਿਧਾਂ ਖੇਲਾ।
ਗੁਰ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।

ਇਸੇ ਵਾਰ ਦੀ ਪਿਛਲੀ ੨੨ ਪੌੜੀ ਵਿਚ ਲਿਖਾਹੈ। ਯਥਾ- ਯਹ ਵਾਰ ਭਗੌਤੀ ਮਹਾਂ ਪੁਨੀਤੇ** ਜੋ ਇਸ ਵਾਰ ਸਿਉਂ ਪ੍ਰੇਮ ਲਗਾਵੇ। ਸੋ ਮਨ ਬਾਂਛਤ ਫਲ ਪਾਵੈ**। ਜੋ ਅਹਿਨਿਸ ਰਟ ਹੈ ਇਹ ਵਾਰੇ। ਸੋ ਪਹੁੰਚੈ ਹਰਿਕੇ ਦਰਬਾਰੇ** ॥

ਉਕਤ ਪੌੜੀ ਦੀ ਘਟਨਾਵਾਂ ਪਰ ਜਿਆਦਾ ਲਿਖਣ ਦੀ ਲੋੜ ਨਹੀਂ ਭਾਸਦੀ ਸਿਰਫ ਇਹੋ ਕਾਫੀ ਹੈ ਕਿ ਏਥੇ ਭੀ **ਦੇਵੀ ਦਾਸ** ਜੀ ਦੀ ਭਗਉਤੀ ਪਰਚਾਰ ਕਰਨ ਵਤ ਕ੍ਰਿਪਾ ਹੋਈ ਹੈ ਯਾਂਤੇ ਭਗਉਤੀ ਸਿਮਰਨ ਦੇ ਪਿਆਰਿਓ! ਸੋਚਕੇ ਦਸੋ ਕਿ ਏਥੇ **ਗੁਰ ਸਿਮਰ ਮਨਾਈ ਕਾਲਕਾ** ਦੇ ਕੀ ਅਰਥ ਕਰੋਗੇ? ਜਾਂ ਤਾਂ ਕਹੋਗੇ ਜੀ ਅਸਲ ਪਾਠ "ਗੁਰ ਸਿਮਰ ਮਨਾਇਆ ਕਾਲ ਕੌ" ਹੈ ਜਾਂ ਕਹੋਗੇ ਕਿਸੇ ਨੇ ਮਨਮਤ ਕੀਤੀ ਹੈ। ਕਿਉਂਕਿ ਐਥੇ ਸਾਡੇ **ਮਾਨ ਯੋਗ ਦੇਵੀ ਦਾਸ** ਜੀ ਨੇ ਐਸੀ ਕੁੜੱਕੀ ਪਾਈ ਹੈ ਕਿ ਜਿਸ ਵਿਚੋਂ ਕਿਸੇ ਸੂਰਤ ਭੀ ਨਿਕਲਨਾ ਕਠਨ ਜਾਪਦਾ ਹੈ ਕਿਉਂਕਿ ਕਾਲਕਾ ਦਾ ਅਰਥ **ਮਹਾਂ ਕਾਲੀ** ਤੋਂ ਬਿਨਾ ਦੂਸਾ ਕੋਈ ਨਹੀਂ ਹੋ ਸਕਦਾ। ਕਾਲਕਾ ਦਾ ਅਰਥ ਜੇ ਖਿਚਕੇ ਤਲਵਾਰ ਕਰੀਏ ਤਾਂ ਅਗੇ "ਸਿਮਰ ਮਨਾਈ" ਲਿਖਿਆ ਹੈ ਸੋ ਸਿਮਰਕੇ

ਉਸਨੂੰ ਮਨਾਵੀ ਦਾ ਹੈ ਜੋ ਰੁਠੀ ਹੋਈ ਜੀਉਂਦੀ ਵਸਤੂ ਹੋਵੇ ਫਿਰ ਸਿਮਰਕੇ **ਮਨਾਣਾ** ਠਾਕਰ ਪੂਜਾ ਨਾਲੋਂ ਘਟ ਨਹੀਂ ਅਸਲੋਂ ਇਸ ਪ੍ਰਸੰਗ ਦੀ ਦਸਮ ਗੁਰੂ ਸਾਹਿਬਾਂ ਵਲੋਂ ਦੇਵੀ ਪ੍ਰਸਿਧ ਕਰਨ ਦੇ ਜਕੜ ਨਾਲ ਸਬੰਧ ਕਰਨ ਦੀ ਕੋਸ਼ਸ਼ ਕੀਤੀ ਹੈ ਜੋ ਭਾਰੀ ਚਲਾਕੀ ਹੈ। ਭਲਾ ਜੇ ਇਸ ਪਦ ਦੇ ਅਰਥ ਤਲਵਾਰ ਭੀ ਸਮਝੀ-ਏ ਤਾਂ ਤਲਵਾਰ ਸਿਖਪੰਥ ਪਾਸ ਛੇਵੇਂ ਪਾਤਸ਼ਾਹ ਦੇ ਸਮੇਂ ਤੋਂ ਅੰਗ ਸੰਗ ਚਲੀ ਔਂਦੀ ਹੈ, ਜਦੋਂ ਕਿ ਗੁਰੂ ਸਾਹਿਬ ਮੀਰੀ ਪੀਰੀ ਦੇ ਮਾਲਕ ਸਦਾਏ ਤਦੇ ਹੀ ਗੁਰੂ ਸਾਹਿਬ ਨੇ ਇਕ ਪੀਰੀ ਦੀ ਤੇ ਦੂਜੀ ਮੀਰੀ ਦੇ ਨਾਮ ਦੀ ਦੋ ਤਲਵਾਰਾਂ ਪਹਿਰਨ ਦੀ ਵਰਤੋਂ ਕਰੀ ਕਰਾਈ ਹੈ॥

ਤੀਜੇ ਪੱਖ ਦੇ ਜੋ ਸਜਨ ਚੌਬੀਸ ਆਦਿ ਅਵਤਾਰਾਂ ਦੇ ਪ੍ਰਸੰਗਾਂ ਵਿਚੋਂ ਪ੍ਰਮਾਨ ਦੇਕੇ ਭਗਉਤੀਨੂੰ ਅਕਾਲਪੁਰਖ ਦੀ ਸ਼ਕਤੀ ਸਾਬਤ ਕਰਨ ਦੀ ਕੋਸ਼ਸ਼ ਕਰਦੇ ਹਨ, ਜੈਸਾ ਕਿ ਲਿਖਾ ਹੈ:–

ਪ੍ਰਿਥਮ ਕਾਲ ਸਭ ਜਗ ਕੋ ਤਾਤਾ। ਤਾਂਤੇ ਭਯੋ ਤੇਜ ਬਿਖਯਾਤਾ॥
ਸੋਈ ਭਵਾਨੀ ਨਾਮ ਕਹਾਈ। ਜਿਨ ਸਗਰੀਇਹਸ੍ਰਿਸ਼ਟ ਉਪਾਈ॥
(ਚੌਬੀਸ, ਅਵਤਾਰ)

ਜੋ ਸਜਣ '**ਸਤਿਨਾਮ**' ਵਾਹੁਗੁਰ ਤੋਂ ਮਨਮੁਖ ਕਰਾਕੇ ਪੰਥ ਨੂੰ ਸ਼ਕਤੀਆਂ ਦੇ ਵਸੀਕਾਰ ਕਰਦੇ ਹੋਏ ਇਕ ਅਕਾਲ ਤੋਂ ਅਨੇਕ ਦੇ ਉਪਾਸ਼ਕ ਬਨਾਕੇ ਗਿਰੌਣਾ ਚਾਹੁੰਦੇ ਹਨ ਓਹ ਵੀਰ ਬੱਜਰ–ਪਾਪ ਕਰਦੇ ਹਨ, ਅਜੇਹੇ ਪੁਰਸ਼ਾਂ ਨੂੰ ਜੋ ਕਹਿੰਦੇ ਹਨ **ਜੀ ਭਗਉਤੀ ਤਾਂ ਨਿਰਾ ਹੀ ਰੱਬ ਹੈ ਗੁਰਬਾਣੀ ਹੈ ਤਾਂ ਨਿਰੋਲ ਇਹੋ ਭਗਉਤੀ ਹੀ ਹੈ** ਜੋ ਇਸਨੂੰ ਨਿਕਾਲੇਗਾ ਬੜਾ ਪਾਪੀ ਪਤਿਤ ਹੈ, ਸੋ ਐਸੀ ਵੀਚਾਰ ਦੇ ਮਾਲਕ ਭਾਈ ਵਾਧੂ ਰੌਲਾ ਪੌਣੋਂ ਖਿਮਾ ਕਰਨ ਅਤੇ ਅਗੇ ਲਿਖੇ ਗੁਰਵਾਕਾਂ ਨੂੰ ਚੰਗੇਰਾਂ ਵੀਚਾਰ ਲੈਣ ਤੇ ਗੁਰਮਤ ਨੂੰ ਬੇਦਾਵਾ ਲਿਖਕੇ ਗੁਰੂ ਤੋਂ ਬੇਮੁਖ ਨਾ ਹੋਣ ਤੇ ਨਾ ਦੂਜਿਆਂ ਨੂੰ ਧੋਖਾ ਦੇਕੇ ਬੇਮੁਖ ਕਰਨ ਭਗਉਤੀ ਖਾਲਸੇ ਦਾ ਇਸ਼ਟ ਦੇਵ ਨਹੀਂ ਹੈ। ਯਥਾ:–

(ੳ) ਅਨਹਦਰੂਪ ਅਨਾਹਦਬਾਨੀ। ਚਰਨਸ਼ਰਨਜਹਿਬਸਤਭਵਾਨੀ
ਬ੍ਰਹਮਾ ਬਿਸ਼ਨ ਅੰਤ ਨਹੀਂ ਪਾਯੋ। ਨੇਤ ਨੇਤ ਮੁਖ ਚਾਰ ਬਤਾਯੋ ॥
(ਅਕਾਲ ਉਸਤਤ ਪਾ: ੧੦)

(ਅ) ਸਤਿਗੁਰ ਨਾਨਕ ਦੇਵ, ਦੇਵ ਦੇਵੀ ਸਭ ਧਿਆਵਹਿ ॥
(ਭਾ: ਗੁਰਦਾਸ)

(ੲ) ਚਰਨ ਕਮਲ ਅਲਿ ਗੁਰ ਸਿਖ ਮੋਖ ਹੋਇ,ਆਨ ਦੇਵ ਸੇਵਕ
ਹ੍ਵੈ ਮੁਕਤ ਨ ਪਾਵਈ। (ਭਾਈ ਗੁਰਦਾਸ)।

ਦੇਖੋ ਵਾਹੁਗੁਰ ਹੀ ਸਰਬ ਸ਼ਕਤੀਮਾਨ ਹੈ।

ਤਾਂਤੇ ਐ ਭਗਉਤੀ ਸਿਮਰਨ ਦੇ ਸ੍ਰਧਾਲੂਓ ! ਚੇਤੇ ਰਖੋ ਅਕਾਲ ਪੁਰਖ ਹੀ ਸਰਬ ਸ਼ਕਤੀਮਾਨ ਹੈ ਮਤਿ ਹੋਰਸ ਪਾਸੇ ਭਰਮੋਂ!

(੧) ਯਥਾ:-ਕਲਾ ਉਪਾਇ ਧਰੀ ਜਿਨ ਧਰਣਾ। ਗਗਨ ਰਹਾਇਆ ਹੁਕਮੈ ਚਰਣਾ। ਅਗਨ ਉਪਾਇ ਈਧਨ ਮੈ ਬਾਂਧੀ ਸੋ ਪ੍ਰਭੁ ਰਾਖੈ ਭਾਈ ਹੇ॥ ਜੀਅ ਜੰਤ ਕਉ ਰਿਜਕ ਸੰਬਾਹੇ। ਕਰਣ ਕਾਰਣ ਸਮਰਥ ਅਪਾਹੇ ॥ ਖਿਨਮਹਿ ਥਾਪਿ ਉਥਾਪਨ ਹਾਰਾ, ਸੋਈ ਤੇਰਾ ਸਹਾਈ ਹੇ। ਸੁਲਤਾਨ ਖਾਨ ਕਰੇ ਖਿਨ ਕੀਰੇ। ਗਰੀਬ ਨਿਵਾਜ ਕਰੇ ਪ੍ਰਭ ਮੀਰੇ। ਗਰਬ ਨਿਵਾਰਣ ਸਰਬ ਸਾਧਾ-ਰਣ,ਕਿਛੁ ਕੀਮਤਿ ਕਹੀ ਨ ਜਾਈ ਹੇ॥**(ਮਾਰੂ ਸੋਲਹੇ ਮ: ੫)

(੨) ਸੀਹਾਂ ਬਾਜਾਂ ਚਰਗਾਂ ਕੁਹੀਆਂ ਏਨਾਂ ਖਵਾਲੇ ਘਾਹੁ। ਘਾਹੁ ਖਾਨ ਤਿਨਾਂ ਮਾਸ ਖਵਾਲੇ ਏਹੁ ਚਲਾਏ ਰਾਹੁ। ਨਦੀਆ ਵਿਚ ਟਿਬੇ ਦੇਖਾਲੇ ਥਲੀ ਕਰੇ ਅਸਗਾਹੁ। ਕੀੜਾ ਥਾਪਿ ਦੇਇ ਪਾਤਸ਼ਾਹੀ ਲਸ਼ਕਰ ਕਰੇ ਸੁਆਹੁ। ਨਾਨਕ ਜਿਉਂ ਜਿਉਂ ਸਚੇ ਭਾਵੈ, ਤਿਉ ਤਿਉ ਦੇਇ ਗਿਰਾਹੁ ॥ (ਮਹਲਾ ੧ ਵਾਰ ਮਾਝ)

(੩) ਕਰਣ ਕਾਰਣ ਸਮਰਥ ਪ੍ਰਭੁ,ਜੋ ਕਰੇ ਸੁ ਹੋਈ।
ਖਿਨ ਮਹਿ ਥਾਪ ਉਥਾਪਦਾ, ਤਿਸ ਬਿਨ ਨਹੀ ਕੋਈ।
(ਪਉੜੀ ਵਾਰ ਜੈਤਸਰੀ ਮ: ੫)

ਤਾਂਤੇ ਜਰੂਰੀ ਹੈ ਕਿ ਹਰ ਪ੍ਰਕਾਰ ਦੀ ਅਰਦਾਸ ਅਕਾਲ ਪੁਰਖ ਅਗੇ ਕਰੋ ਕਿਉਂਕਿ ਉਸਦੇ ਹੋਰਸ ਕੋਈ ਬਰਾਬਰ ਨਹੀਂ । ਯਥਾਃ—

(੧) ਜਾਹੂ ਕਾਹੂ ਅਪਨੋ ਹੀ ਚਿਤਿ ਆਵੈ ।
ਜੋ ਕਾਹੂ ਕੋ ਚੇਰੋ ਹੋਵਤ ਠਾਕੁਰ ਹੀ ਪਹਿ ਜਾਵੈ ।
ਅਪਨੇ ਪਹਿ ਦੂਖ ਅਪਨੇ ਪਹਿ ਸੂਖਾ ਅਪਨੇ ਹੀ ਪਹਿ ਬਿਰਥਾ ॥
ਅਪਨੇ ਪਹਿ ਮਾਨ ਅਪਨੇ ਪਹਿ ਤਾਨਾ ਅਪਨੇ ਹੀ ਪਹਿ ਅਰਥਾ ॥
ਕਿਨਹੀ ਰਾਜ ਜੋਬਨ ਧਨ ਮਿਲਖਾ ਕਿਨਹੀ ਬਾਪ ਮਹਿਤਾਰੀ ॥
ਸਰਬ ਥੋਕ ਨਾਨਕ ਗੁਰੁ ਪਾਏ ਪੂਰਨ ਆਸ ਹਮਾਰੀ॥(ਸਾਃਮਃ੫)

(੨) ਅਪਨੀ ਬਿਰਥਾ ਕਹਹੁ ਹਰਿ ਅਪਨੇ ਸੁਆਮੀ ਪਹਿ ਜੋ ਤੁਮਰੇ ਦੁਖ ਤਤਕਾਲ ਕਟਾਸਾ ॥ ਜੇ ਅਪਨੀ ਬਿਰਥਾ ਕਹਹੁ ਅਵਰਾ ਪਹਿ ਤਾ ਆਗੈ ਅਪਨੀ ਬਿਰਥਾ ਬਹੁ ਬਹੁਤ ਕਢਾਸਾ ॥ (ਗੋਂਡ ਮਹਲਾ ੪)

(੩) ਤੇਰਾ ਸਰੀਕ ਕੋ ਨਾਹੀ ਜਿਸਨੋ ਲਵੈ ਲਾਇ ਸੁਣਾਇਆ । (ਮਃ੪ ਵਾਰ ਰ.ਉੜੀ ੧)

(੪) ਗੁਣਏਹੋ ਹੋਰ ਨਾਹੀ ਕੋਇ॥ਨਾ ਕੋ ਹੋਆ ਨਾ ਕੋ ਹੋਇ
(ਆਸਾ ਮਹਲਾ ੧)

(੫) ਤੁਧ ਜੇਵਡ ਹੋਰ ਸਰੀਕ ਹੋਵੇ ਤਾਂ ਆਖੀਐ ਤੁਧ ਜੇਵਡ ਤੂਹੈ ਹੋਈ ॥ (ਮਹਲਾ ੪ ਪਉੜੀ ਵਾਰ ਬਿਹਾਗੜਾ)

(੬) ਤਿਸ ਕਾ ਸਰੀਕ ਕੋ ਨਹੀ ਨਾ ਕੋ ਕੰਟਕ ਵੈਰਾਈ ॥
(ਮਹਲਾ ੩ ਵਾਰ ਵਡਹੰਸ)

(੭) ਅਵਰ ਨ ਦੀਸੈ ਕਿਸ ਸਾਲਾਹੀ ? ਤਿਸੈ ਸਰੀਕ ਨ ਕੋਈ ॥ (ਸੋਰਠ ਮਃ ੧)

ਸੂਚਨਾ—ਉਕਤ ਸਬਦਾਂ ਤੋਂ ਸਾਫ ਸਿਧ ਹੈ ਕਿ ਅਕਾਲ ਪੁਰਖ ਤੋਂ ਬਿਨਾ ਕੋਈ ਹੋਰ ਸ਼ਕਤੀ ਜਾ ਦੇਵੀ, ਦੇਵ, ਤਲਵਾਰ

ਪੂਜਾ ਯਾ ਜੜ੍ਹ ਪੂਜਾ ਕਰਨੀ ਅਕਾਲ ਪੁਰਖ ਦੀ ਨਿਰਾਦਰੀ ਕਰਨੀ ਹੈ ਜੋ ਬਜਰ ਪਾਪ ਹੈ ॥

ਅੰਤਮ ਬੇਨਤੀ

ਪਿਆਰੇ ਸਜਨੋਂ! ਪੰਥ ਖਾਲਸਾ ਦੀਵਾਨ ਅਰਥਾਤ ਖਾਲਸਾ ਪਾਰਲੀਮੈਂਟਨੇ ਗੁਰਬਾਣੀ ਅਨੁਸਾਰ ਖਾਲਸਾਇਤਹਾਸਾਂ ਦਾ ਸੰਖੇਪ ਕਰਕੇ ਅਗੇ ਲਿਖਿਆ ਅਰਦਾਸਾ ਨੀਯਤ ਕੀਤਾ ਹੈ ਜੋ ਖਾਲਸਾ ਪੰਥੀਆਂ ਦੀ ਵਰਤੋਂ ਲਈ ਜਰੂਰੀ ਹੈ। ਹਰ ਇਕ ਖਾਲਸਾ ਭਾਈ ਦਾ ਫਰਜ਼ ਹੈਕਿ ਅਗੇ ਲਿਖੇ ਅਰਦਾਸੇ ਦਾ ਥਾਂ ਥਾਂ ਪਰਚਾਰ ਕਰਕੇ ਭਗਉਤੀ(ਦੇਵੀ)ਨੂੰ ਜੋ ਚਿਰੰਕਾਲ ਤੋਂ ਸਿਖਾਂਵਿਚ ਧਸੀਬੈਠੀਹੈ,ਹਰ ਥਾਂ ਤੋਂ ਵਿਦਾ ਕਰਕੇ **ਸਤਿਗੁਰਾਂਵਲੋਂ ਖੁਸ਼ੀਆਂਪ੍ਰਾਪਤਕਰਨ** ਔਰ ਇਸ '**ਭਗਉਤੀ ਪ੍ਰਬੋਧ**'ਨਾਮੀ ਪੁਸਤਕ ਅਨੁਸਾਰ ਗੁਰ-ਮਤ ਸਿਧਾਂਤ ਦੇ ਧਾਰਨੀ ਹੁੰਦੇ ਹੋਏ ਅਪਨੇ ਜਨਮ ਸਫਲੇ ਕਰਨ।

ਆਸ਼ਾ ਹੈ ਜੋ ਸਾਡੇ ਖਾਲਸਾ ਵੀਰਭੈਣ ਅਗੋਂ ਲਈ ਅਰਦਾਸੇ ਵਿਚ **ਭਗਉਤੀ** ਦੀ ਥਾਉਂ **ਸਤਿਨਾਮੁ** ਦੇ ਪਰਚਾਰ ਕਰਨ ਹਿਤ ਕਮਰਕਸੇ ਕਰਕੇ ਨਿਹਾਲ ਕਰਨਗੇ ॥

ਅਰਦਾਸ

ਆਪੇ ਜਾਣੈ ਕਰੇ ਆਪਿ, ਆਪੇ ਆਣੈ ਰਾਸਿ ॥
ਤਿਸੈ ਅਗੈ ਨਾਨਕਾ, ਖਲਿਇ ਕੀਚੈ ਅਰਦਾਸਿ ॥

(ਸਲੋਕ ਮ: ੨)

ਤੂ ਠਾਕੁਰੁ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥ ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ ਤੁਮਰੀ ਕਿਰਪਾ ਮਹਿ ਸੂਖ ਘਨੇਰੇ ॥ ਕੋਇ ਨ ਜਾਨੈ ਤੁਮਰਾ ਅੰਤੁ॥ ਊਚੇ ਤੇ ਊਚਾ ਭਗਵੰਤ॥ ਸਗਲ ਸਮ-ਗਰੀ ਤੁਮਰੈ ਸੂਤ੍ਰਿ ਧਾਰੀ॥ ਤੁਮਤੇ ਹੋਇ ਸੁ ਆਗਿਆ-

ਕਾਰੀ॥ਤੁਮਰੀ ਗਤਿ ਮਿਤਿ ਤੁਮਹੀ ਜਾਨੀ॥ ਨਾਨਕ ਦਾਸ ਸਦਾ ਕੁਰਬਾਨੀ ॥ ੮ ॥ ੪ ॥

(ਪਉੜੀ ਸੁਖਮਨੀ ਮ: ੫)

੧ ੴ ਵਾਹਿਗੁਰੂ ਜੀ ਕੀ ਫਤਹ ॥

(ੳ) ਪ੍ਰਿਥਮ ਸਤਿਨਾਮੁ ਸਿਮਰਕੇ ਗੁਰ ਨਾਨਕ ਲਈਂ ਧਿਆਇ॥ ਫਿਰਿ ਅੰਗਦ ਗੁਰੁ ਤੇ ਅਮਰਦਾਸ ਰਾਮ ਦਾਸੈ ਹੋਇੰ ਸਹਾਇ ॥ ਅਰਜਨ ਹਰਿ ਗੋਬਿੰਦ ਨੂੰ ਸਿਮਰੌ ਸ੍ਰੀ ਹਰਿਰਾਇ॥ ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ ॥ ਤੇਗ ਬਹਾਦਰ ਸਿਮਰੀਐ ਘਰਿ ਨਉ ਨਿਧਿ ਆਵੈ ਧਾਇ ॥ ਸਭ ਥਾਈਂ ਹੋਇੰ ਸਹਾਇ ॥

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਭ ਥਾਈਂ ਹੋਇੰ ਸਹਾਇ ॥

ਦਸੋਂ ਪਾਤਸ਼ਾਹੀਆਂ ਦੇ ਸਰੂਪ (ਸ੍ਰੀਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ) ਦਾ ਧਯਾਨ ਧਰਕੇ ਖਾਲਸਾ ਸਾਹਿਬ ਬੋਲੋ ਜੀ ਵਾਹਿਗੁਰੂ।

(ਅ) ਪੰਜਾਂ ਪਯਾਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ, ਸਿਦਕੀ ਸਿੰਘ ਸਿੰਘਣੀਆਂ ਦੀ ਕਮਾਈ ਦਾ ਧਯਾਨ ਧਰਕੇ ਖਾਲਸਾ ਸਾਹਿਬ ਬੋਲੋ ਜੀ ਵਾਹਿਗੁਰੂ ॥

ਜਿਨਾਂ ਗੁਰਮੁਖਾਂ ਨੇ ਨਾਮ ਜਪਿਆ, ਵੰਡ ਛਕਿਆ, ਦੇਖਕੇ ਅਣਡਿਠ ਕੀਤਾ, ਸੰਸਾਰਕ ਸੁਖਾਂ ਨੂੰ ਪਿੱਠ ਦੇਕੇ ਧਰਮ ਦੀ ਖ਼ਾਤ੍ਰ ਮਹਾਨ ਕਸ਼ਟ ਸਹਾਰੇ, ਤੇਗ ਉਠਾਈ, ਦੇਗ ਚਲਾਈ, ਸਿਰਾਂਦੀਆਂ ਖੋਪਰੀਆਂ ਉਤਰਵਾਈਆਂ, ਬੰਦ ਬੰਦ ਕਟਵਾਏ, ਪੁਠੀਆਂ ਖਲਾਂ ਲੁਹਾਈਆਂ, ਖਾਲਸਾ ਧਰਮ ਸ੍ਵਾਸਾਂ ਤਕ ਨਿਭਾਯਾ, ਤਿਨਾਂਦੀਕਮਾਈ ਦਾ ਧਯਾਨ ਧਰਕੇ ਖਾਲਸਾ ਸਾਹਿਬ ਬੋਲੋ ਜੀ ਵਾਹਿਗੁਰੂ ॥

ਜੋੜੇ ਵੀਰ ਭੈਣ ਚਰਖੜੀਆਂ ਪਰ ਚੜ੍ਹਾਏ ਗਏ, ਜਿੰਦਾ ਹੀ ਜਲਾਏ ਗਏ, ਦੇਗਾਂ ਵਿਚ ਉਬਾਲੇ ਗਏ, ਆਰਿਆਂ ਨਾਲ ਚਰਾਏ ਗਏ, ਅਤੇ ਸ਼ੀਰ ਖੋਰ ਬਚੇ ਟੋਟੇ ਟੋਟੇ ਕਰ ਮਾਵਾਂ ਦੀ ਝੋਲੀਂ ਪਾਏ ਗਏ,ਗੋਲੀਆਂ ਦੇ ਨਸ਼ਾਨੇ ਬਨਾਏ ਗਏ ਤੇ ਨਾਨਾ ਪ੍ਰਕਾਰ ਦੇ ਕਸ਼ਟ ਦਿਤੇ, ਪਰ ਉਨ੍ਹਾਂ ਸੀ ਤਕ ਉਚਾਰਨ ਨਹੀਂ ਕੀਤੀ, ਸਿੱਖੀ ਸਿਦਕ ਭਰੋਸਾ ਨਹੀਂ ਹਾਰਿਆ, ਤਿਨਾਂ ਸ਼ਹੀਦ ਵੀਰ ਭੈਣਾਂ ਦੀ ਕਮਾਈ ਦਾ ਧਜ਼ਾਨ ਧਰਕੇ ਖਾਲਸਾ ਸਾਹਿਬ ਬੋਲੋ ਜੀ ਵਾਹਿਗੁਰ ॥

(ੲ) ਸਮੂੰਹ ਗੁਰਦੁਆਰਿਆਂ ਤਖਤ ਸਾਹਿਬਾਂ ਸਬੰਧੀਘਾਲਨਾ ਦਾ ਧਜ਼ਾਨ ਧਰਕੇ ਖਾਲਸਾ ਸਾਹਿਬ ਬੋਲੋ ਜੀ ਵਾਹਿਗੁਰ ॥

(ਸ) ਹੇ ਅਕਾਲ ਪੁਰਖ ਕਰਨਕਾਰਨ ਪਤਿਤਪਾਵਨ, ਦੀਨ ਦਯਾਲ,ਜੋਤੀ ਸਰੂਪ, ਵਾਹਿਗੁਰ ਜੀ ! ਆਪਦੇ ਹਜ਼ੂਰ *ਅੰਮ੍ਰਿਤ ਵੇਲੇ ਦੇ ਨਿਤਨੇਮ ਦੀ ਅਰਦਾਸ, ਭੁਲ ਚੁਕ ਮਾਫ, 'ਸਚਖੰਡ'' ਮੇਂ ਪ੍ਰਵਾਨ ਹੋਵੇ ॥

(ਹ) ਸਿਖੀ, ਸਿੱਦਕ, ਭਰੋਸਾ ਤੇ ਨਾਮਦਾਨ ਬਖਸ਼ਣਾ ਜਹਾਂ ੨ ਖਾਲਸਾ, ਤਹਾਂ ੨ ਰਛਾ ਰਿਆਯਤ, ਪੰਥ ਦੀ ਜੀਤ, ਖਾਲਸਾ ਜੀ ਦੇ ਬੋਲ ਬਾਲੇ, ਖਾਲਸਾ ਜੀ ਨੂੰ ਵਾਹਿਗੁਰ ੫ ਨਾਮ ਚਿਤ ਆਵੇ, ਖਾਲਸੇ ਜੀ ਦਾ ਮਨ ਨੀਵਾਂ ਮਤ ਉਚੀ, ਖਾਲਸੇ ਜੀ ਦੀ ਦੇਗ ਤੇਗ ਫਤਹ, ਖਾਲਸਾ ਪੰਥ ਦੀ ਚੜ੍ਹਦੀ ਕਲਾ, ਆਪਦੇ ਭਾਣੇ ਸਰਬੱਤ ਦਾ ਭਲਾ ॥

ਵਾਹਿਗੁਰ ਜੀ ਕਾ ਖਾਲਸਾ
ਵਾਹਿਗੁਰ ਜੀ ਕੀ ਫਤਹ ॥

ਪ੍ਰਾਰਥਿਕ ਕਰਤਾ

੧ ਹਾੜ ਸੰ: ੪੬੧
ਮੁਤਾਬਕ ਸੰ: ੧੯੯੬

ਲਾਲ ਸਿੰਘ ਗਜ਼ਾਨੀ
ਕਨੇਚ (ਲੁਦਿਹਾਨਾ)

---

*ਪਾਠਕ ਜੀ ! ਜਿਸ ਵੇਲੇ ਜਿਸ ਬਾਣੀ ਅਥਵਾਕਿਸੇਕਾਰਜ ਦੀ ਅਰਦਾਸ ਕਰੋਂ, ਉਸਦਾ ਨਾਮ ਅਰਦਾਸ ਵਿਚ ਸ਼ਾਮਲਕਰਲੈਣਾ ਅਰ ''ਅੰਮ੍ਰਿਤ ਵੇਲੇ ਦੇ ਨਿਤਨੇਮ'' ਪਦ ਨੂੰ ਛਡ ਦੇਣਾ ॥